# ਓ ਮੀਆਂ

# ਓ ਮੀਆਂ

## ਕਵਿਤਾ ਅਤੇ ਵਿਚਾਰ

ਸ਼ਮੀਲ

# O MIAN

A Collection of Poems

*by*

**Shameel**

email: shameel8@gmail.com

*www.shameelonline.com*

© 2009

Cover Design : Swaranjit Savi

Published by Lokgeet Parkashan
S.C.O. 26-27, Sector 34 A, Chandigarh-160022, India.
Ph.: 0172-5077427, 5077428
Punjabi Bhawan, Ludhiana, 98154 71219
India
*www.unistarbooks.com*

Type Setting & Design PCIS
Printed & bound at Unistar Books (Printing Unit),
11-A, Industrial Area, Phase-2, Chandigarh (India)
98154-71219
***Produced and Bound in India***

© 2009

All rights reserved

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photocopying, recording or otherwise), without the prior written permission of both the copyright owner and the above-mentioned publisher of this book.*

ਇਹ ਸੰਵੇਦਨਾ ਤੇ ਅਹਿਸਾਸ ਸੂਫੀ ਸੰਤ ਮੀਆਂ ਹਜ਼ੂਰ
ਅਬੂ ਸਈਦ ਦੀ ਪਵਿੱਤਰ ਭੇਟਾ ਹਨ

**ਧੰਨਵਾਦ**

ਮੇਰੀਆਂ ਪਹਿਲੀਆਂ ਸਭ ਕਿਤਾਬਾਂ ਵਾਂਗ ਇਹ ਕਿਤਾਬ ਵੀ ਜੈਨ ਸਾਹਬ (ਹਰੀਸ਼ ਜੈਨ) ਦੀ ਪ੍ਰੇਰਨਾ ਸਦਕਾ ਛਪ ਰਹੀ ਹੈ। ਸਿੱਧੂ ਦਮਦਮੀ ਹੋਰਾਂ ਦੀਆਂ ਰਾਵਾਂ ਤੇ ਸੁਝਾਅ ਇਸ ਕਿਤਾਬ ਦਾ ਵਿਸ਼ੇਸ਼ ਹਿੱਸਾ ਹਨ। ਕਿਤਾਬ ਦਾ ਖਰੜਾ ਪਰਮਜੀਤ ਸੋਹਲ ਅਤੇ ਨੀਰੂ ਅਸੀਮ ਨੇ ਪੜ੍ਹਿਆ। ਕਵਰ ਡਿਜ਼ਾਇਨ ਲਈ ਸਵੀ ਦਾ ਧੰਨਵਾਦ। ਬਲਰਾਮ, ਜੇਪੀ, ਰਾਜੇਸ਼, ਵਿਜੇ ਵਿਵੇਕ, ਮਦਨਦੀਪ ਤੇ ਅਮਰਜੀਤ ਘੁੰਮਣ ਨੇ ਕਵਿਤਾਵਾਂ ਅਤੇ ਲੇਖਾਂ ਬਾਰੇ ਵੱਖ ਵੱਖ ਮੌਕਿਆਂ ਤੇ ਜੋ ਰਾਵਾਂ ਦਿੱਤੀਆਂ, ਉਹ ਵੀ ਇਸ ਵਿੱਚ ਸ਼ਾਮਲ ਕੀਤੀਆਂ ਗਈਆਂ ਹਨ। ਲੇਆਊਟ ਲਈ ਨਵੀਨ ਤਿਆਗੀ ਨੇ ਮਦਦ ਕੀਤੀ। ਕਿਤਾਬ ਨੂੰ ਰੀਝ ਨਾਲ ਛਾਪਣ ਲਈ ਛਾਪਕ ਰੋਹਿਤ ਜੈਨ ਦਾ ਵਿਸ਼ੇਸ਼ ਧੰਨਵਾਦ।

**ਲੇਖਕ ਦੀਆਂ ਹੋਰ ਪੁਸਤਕਾਂ**

ਇੱਕ ਛਿਣ ਦੀ ਵਾਰਤਾ ( ਕਵਿਤਾ) 1990

ਸਿਆਸਤ ਦਾ ਰੁਸਤਮੇ ਹਿੰਦ ( ਵਾਰਤਕ) 2000

ਸਿੰਘ ਯੋਗੀ ( ਵਾਰਤਕ) 2005

ਬਹੁਤ ਜਨਮ ਬਿਛੁਰੇ ਥੇ ਮਾਧਉ
ਇਹੁ ਜਨਮੁ ਤੁਮਾਰੇ ਲੇਖੇ

॥ ਭਗਤ ਰਵੀਦਾਸ ॥

# ਤਰਤੀਬ


□

ਨਵੀਂ ਪੰਜਾਬੀ ਕਵਿਤਾ ਦਾ ਆਤਮਿਕ ਰੰਗ 15

□

**ਅਰਦਾਸ**

ਓ ਮੀਆਂ 33

ਹੈਰਾਨ ਕਰ ਦੇ 38

□

**ਭਾਗ ੧**

ਮੁਰਸ਼ਦ 42

ਅਰਦਾਸ 44

ਦੁਨੀਆ 45

ਮਨ ਦੀ ਤਾਰ 48

ਸਾਗਰ ਵੱਲ 49

ਵਸਲ ਤੇ ਹਿਜਰ 51

ਲਕੀਰ ਦੇ ਪਾਰ 53

ਤਪੀ ਨਹੀਂ 55

ਅਕਾਸ਼ ਦੇਖਦਾ ਹੈ 57

ਦਰਦ ਬਹੁਤ ਹੈ 59

ਪੁਕਾਰ 61

ਬੇਨਾਮ 63

ਨੰਗਾ ਸੱਚ 65

ਸਭ ਅੰਦਰ 67

ਰੱਬ ਦਾ ਤੋਹਫਾ 69

ਪਰਦਾ 71

ਮਨ ਤੇ ਜ਼ਿੰਦਗੀ 73

ਲਾਈਟ ਐਂਡ ਸਾਊਂਡ 75

ਥੋੜੀ ਥੋੜੀ ਨਮੀ 76

ਜਿਸਮ ਦੀ ਮਿੱਟੀ 77

ਦਿਲ ਅੰਦਰ 79

ਅਦਿੱਖ ਤੀਰ 81

ਇੱਕ ਦਿਨ 83

ਹੇ ਮੌਲਾ 85

ਖਿੱਚ 87

ਵਿਦਾਇਗੀ ਤੋਂ ਪਹਿਲਾਂ 89

ਬੇਬਸੀ 91

□

**ਭਾਗ ੨**

ਚਿੰਤਨ ਦੀ ਤਕਦੀਰ 94

ਅਰਥਾਂ ਤੋਂ ਪਾਰ 96

ਮਹਾਂਯੁਧ 98

ਮੇਰੀ ਗਲੋਬ ਯਾਤਰਾ 100

ਮੁਹੱਬਤ 102

ਜ਼ਿੰਦਗੀ 104

ਪਾਸਵਰਡ 106

ਲਗਨ 108

ਰੱਬ ਦੀ ਲੀਲਾ 110

ਪਰੀਖਿਆ 112

ਬੰਦਾ 114

ਕਿਤਾਬਾਂ 116

ਰੱਬ ਦੀ ਮਸ਼ੀਨ 118
ਦਿਲ ਦੀਆਂ ਅੱਖਾਂ 120
ਮਾਇਆ 121
ਰਿਸ਼ਤੇ 124
ਪੈੜਾਂ 127
ਕਰਮ 128
ਪਰਮਜੀਤ 130
ਮਿਲਾਵਟ 133
ਜਵਾਰਭਾਟਾ 134
ਸ਼ਬਦਾਂ ਦੀ ਮੁਕਤੀ 135
ਖੇਡਾਂ 136
ਮਾਂ 137
ਰੱਬੀ ਨਿਜ਼ਾਮ 140
ਕਿਨਾਰੇ ਦੇ ਦੀਪਾਂ ਵੱਲ ਪਰਤਦਿਆਂ 143

☐
**ਭਾਗ ੩**


ਮੂਰਤੀ ਪੂਜਕ 148
ਪਹਿਲਾ ਮੀਂਹ 150
ਅਕਾਸ਼ ਦਾ ਦਿਲ 152
ਅੱਖਾਂ 153
ਗੰਗਾ 154
ਸ਼ਬਦ 156
ਛੁਪਾ ਲੈ 158
ਧੂਫ 159
ਅਵਾਜ਼ 160
ਪਿਘਲੇ ਸ਼ਬਦ 162
ਲੱਭ ਜਾਇਆ ਕਰ 163
ਤੇਰਾ ਖਿਆਲ 164
ਤੇਰੇ ਗ੍ਰਹਿ ਤੇ 165
ਪਾਥੀ ਦੀ ਅੱਗ 167
ਧੂਣੀ ਦਾ ਸੇਕ 168
ਤਾਰ ਦਾ ਸਫਰ 169
ਤੇਰਾ ਹੋਣਾ 171
ਦੀਵਾਲੀ 173
ਸਮਰਪਣ 174
ਖੋਜ ਤੋਂ ਪਰੇ 175
ਮੁਲਾਕਾਤ ਦੀ ਰਾਤ 177
ਅੰਦਰ ਥਾਣੀਂ 178
ਸ਼ਾਮ 180
ਅਨੰਦ ਤੋਂ ਅੱਗੇ 182
ਦਰਦ 184
ਸੰਨਾਟਾ 186
ਸੇਕ 188
ਰਾਤ ਤੂੰ ਉਮਰ ਹੋ ਜਾ 190
ਨਵੇਂ ਸਿਰਿਓਂ 193
ਧਰਤੀ ਤੇ ਬੰਦਾ 195
ਕਹਾਣੀ 197
ਫੇਰ ਮਿਲੀਂ 199

☐
**ਵਾਪਸੀ**

ਆਦਿ ਕਲਾ ਦੀ ਤਲਾਸ਼ 203

ਧਰਤੀ ਤੇ ਜਿੰਨੀ ਜ਼ਿਆਦਾ ਇਨਸਾਨੀ ਮੁਹੱਬਤ ਹੋਵੇਗੀ, ਸਵਰਗ ਵਿੱਚ ਦੇਵਤਿਆਂ ਨੂੰ ਓਨੀ ਹੀ ਜ਼ਿਆਦਾ ਖੁਰਾਕ ਮਿਲੇਗੀ। ਧਰਤੀ ਤੇ ਇਨਸਾਨੀ ਮੁਹੱਬਤ ਜਿੰਨੀ ਘੱਟ ਹੋਵੇਗੀ, ਉੱਨਾ ਹੀ ਦੇਵਤੇ ਭੁਖੇ ਰਹਿਣਗੇ। ਇਨਸਾਨਾਂ ਦੀ ਮੁਹੱਬਤ ਦੇਵਤਿਆਂ ਦੀ ਖੁਰਾਕ ਹੈ।

**ਰੁਡੋਲਫ ਸਟਾਈਨਰ**



# ਸੰਭਾਵਨਾਵਾਂ ਦੀ ਤਲਾਸ਼ ਤੇ ਭਵਿਖ ਦੇ ਨਕਸ਼

ਇਸ ਕਿਤਾਬ ਦੀ ਸਭ ਤੋਂ ਅਹਿਮ ਪ੍ਰਾਪਤੀ ਇਹ ਕਹੀ ਜਾ ਸਕਦੀ ਹੈ ਕਿ ਇਹ ਪੰਜਾਬੀ ਕਵਿਤਾ ਦੀ ਵਰਤਮਾਨ ਹਾਲਤ ਤੇ ਇਸ ਦੇ ਭਵਿੱਖ ਬਾਰੇ ਆਸ ਤੇ ਉਮੀਦ ਦੀ ਭਾਵਨਾ ਜਗਾਉਂਦੀ ਹੈ। ਪੰਜਾਬੀ ਕਵਿਤਾ ਦੇ ਕੁੱਝ ਨਵੇਂ ਰੁਝਾਨਾਂ ਦੀ ਨਿਸ਼ਾਨਦੇਹੀ ਕਰਨ ਵੱਲ ਇਸ ਕਿਤਾਬ ਦੀ ਲੰਬੀ ਭੂਮਿਕਾ ਇੱਕ ਗੰਭੀਰ ਯਤਨ ਹੈ।

ਸ਼ਮੀਲ ਦੀਆਂ ਕਵਿਤਾਵਾਂ ਦੀ ਪਹਿਲੀ ਕਿਤਾਬ ਅਸੀਂ ਉਦੋਂ ਛਾਪੀ ਸੀ, ਜਦੋਂ ਉਹ ਅਜੇ ਕਾਲਜ ਦਾ ਵਿਦਿਆਰਥੀ ਸੀ। ਇਹ ਦੋ ਦਹਾਕੇ ਪੁਰਾਣੀ ਗੱਲ ਹੈ। ਇਸ ਅਰਸੇ ਦੌਰਾਨ ਉਸ ਨੇ ਜੋ ਆਤਮਿਕ ਸਫਰ ਕੀਤਾ ਹੈ, ਉਸਦਾ ਬਿਆਨ ਕਰਦਿਆਂ ਹੀ ਉਸ ਨੇ ਕਲਾ, ਸਾਹਿਤ ਅਤੇ ਖਾਸ ਤੌਰ ਤੇ ਪੰਜਾਬੀ ਕਵਿਤਾ ਬਾਰੇ ਆਪਣੀ ਸਮਝ ਅਤੇ ਸੰਵੇਦਨਾ ਦਾ ਪ੍ਰਗਟਾਵਾ ਕੀਤਾ ਹੈ। ਇਸ ਕੋਸ਼ਿਸ਼ ਦੌਰਾਨ ਉਸ ਨੇ ਨਵੀਂ ਪੰਜਾਬੀ ਕਵਿਤਾ ਦੇ ਇੱਕ ਅਜਿਹੇ ਰੁਝਾਨ ਤੇ ਧਿਆਨ ਕੇਂਦਰਤ ਕੀਤਾ ਹੈ, ਜਿਹੜਾ ਉਸ ਦੀ ਆਪਣੀ ਆਤਮਾ ਦੇ ਵੀ ਕਰੀਬ ਹੈ ਤੇ ਜਿਹੜਾ ਨਵੀਂ ਕਵਿਤਾ ਦਾ ਇੱਕ ਅਹਿਮ ਤੇ ਮਜ਼ਬੂਤ ਰੁਝਾਨ ਹੈ।

ਨਾਸਾ ਨਾਲ ਸਬੰਧਤ ਰਹੇ ਇੱਕ ਵਿਗਿਆਨੀ ਜੇਮਜ਼ ਲਵਲੌਕ ਨੇ 1960 ਵਿੱਚ ਇੱਕ ਥੀਸਿਸ ਪ੍ਰਕਾਸ਼ਤ ਕੀਤਾ ਸੀ, ਜਿਸ ਨੂੰ ਦੁਨੀਆ ਦੇ ਬੌਧਿਕ ਹਲਕਿਆਂ ਵਿੱਚ 'ਗਾਇਆ ਪਰਿਕਲਪਨਾ' (Gaia Hypothesis) ਦੇ ਤੌਰ ਤੇ ਜਾਣਿਆ ਜਾਂਦਾ ਹੈ। ਨਾਸਾ ਦੁਆਰਾ ਮੰਗਲ ਗ੍ਰਹਿ ਤੇ ਜੀਵਨ ਦੀ ਭਾਲ ਲਈ ਜੋ ਉਪਗ੍ਰਹਿ ਭੇਜਿਆ ਜਾਣਾ ਸੀ, ਉਸ ਵਾਸਤੇ ਕੰਪਿਊਟਰ ਪ੍ਰੋਗਰਾਮ ਤਿਆਰ ਕਰਨ ਲਈ ਇਹ ਪ੍ਰੀਭਾਸ਼ਤ ਕੀਤਾ ਜਾਣਾ ਜ਼ਰੂਰੀ ਸੀ ਕਿ ਜੀਵਨ ਅਸਲ ਵਿੱਚ ਹੈ ਕੀ। ਕਿਨਾਂ ਗੱਲਾਂ ਦੇ ਅਧਾਰ ਤੇ ਅਸੀਂ ਜੀਵਨ ਤੇ ਜੜਤਾ ਵਿੱਚ ਨਿਖੇੜਾ ਕਰਦੇ ਹਾਂ। ਕੋਈ ਵਿਗਿਆਨਕ ਜੰਤਰ ਜਾਂ ਕੰਪਿਊਟਰ ਪ੍ਰੋਗਰਾਮ ਅਜਿਹੀ ਸਪਸ਼ਟ ਪਰਿਭਾਸ਼ਾ ਦੇ ਅਧਾਰ ਤੇ ਹੀ ਮੰਗਲ ਦੀ ਸਤਹ ਤੇ ਕੋਈ ਪ੍ਰਯੋਗ ਕਰ ਸਕਦਾ ਸੀ। ਜੀਵਨ ਦੀ ਪਰਿਭਾਸ਼ਾ ਤਿਆਰ ਕਰਨ ਦੇ ਇਸ ਪ੍ਰਾਜੈਕਟ ਨਾਲ ਜੇਮਜ਼ ਲਵਲੌਕ ਵੀ ਜੁੜਿਆ ਸੀ। ਆਪਣੀ ਇਸੇ ਖੋਜ ਦੇ ਕੰਮ ਕਰਦਿਆਂ ਜੇਮਜ਼ ਲਵਲੌਕ ਅਖੀਰ ਜਿਨ੍ਹਾਂ ਸਿੱਟਿਆਂ ਤੇ ਪਹੁੰਚ ਗਿਆ, ਉਸੇ ਨੂੰ ਉਸ ਨੇ ਗਇਆ ਸਿਧਾਂਤ ਦੇ ਤੌਰ ਤੇ ਪ੍ਰਕਾਸ਼ਤ ਕਰਵਾਇਆ। ਗਰੀਕ ਮਿੱਥ ਮੁਤਾਬਕ ਗਾਇਆ ਧਰਤੀ ਦੀ ਦੇਵੀ ਹੈ। ਜੇਮਜ਼ ਲਵਲੌਕ ਨੇ ਇਹ ਧਾਰਨਾ ਪੇਸ਼ ਕੀਤੀ ਕਿ ਜਿਨ੍ਹਾਂ ਅਧਾਰਾਂ ਤੇ ਅਸੀਂ ਜੀਵਨ ਨੂੰ ਪਰਿਭਾਸ਼ਤ ਕਰਦੇ ਹਾਂ, ਜੇ ਉਸ ਹਿਸਾਬ ਨਾਲ ਦੇਖੀਏ ਤਾਂ ਪੂਰੀ ਧਰਤੀ ਇੱਕ ਜੀਵਤ ਹੋਂਦ ਜਾਪਦੀ ਹੈ। ਧਰਤੀ ਇੱਕ ਜਿੰਦਾ ਵਰਤਾਰਾ ਹੈ। ਇਸੇ ਕਰਕੇ ਉਸ ਨੇ ਆਪਣੇ ਥੀਸਿਸ ਦਾ ਨਾਂ ਧਰਤੀ ਦੀ ਦੇਵੀ ਗਾਇਆ ਦੇ ਨਾਂ ਤੇ ਰੱਖਿਆ। ਉਸ ਦੇ ਇਸ ਥੀਸਿਸ ਨੇ ਇੱਕ ਨਵੀਂ ਸੋਚ ਪੈਦਾ ਕੀਤੀ, ਜਿਹੜੀ ਬਾਅਦ ਵਿੱਚ ਵਾਤਾਵਰਣ ਚੇਤਨਾ ਨਾਲ ਜੁੜੇ ਲੋਕਾਂ ਅੰਦਰ ਵੀ ਪ੍ਰਵਾਨ ਚੜੀ। ਧਰਤੀ, ਇਸ ਦੇ ਸਰੋਤਾਂ ਅਤੇ ਇਸਦੇ ਕੁਦਰਤੀ ਸੰਤੁਲਨ ਪ੍ਰਤੀ ਸਤਿਕਾਰ ਦੀ ਅਣਹੋਂਦ ਕਾਰਨ ਹੀ ਵਾਤਾਵਰਣ ਦੇ ਉਜਾੜੇ ਦਾ ਕਲਚਰ ਵਿਕਸਤ ਹੋਇਆ ਸੀ। ਇਹ ਉਜਾੜਾ ਅੱਜ ਇਸ ਸਟੇਜ ਤੇ ਪਹੁੰਚ ਗਿਆ ਹੈ ਕਿ ਧਰਤੀ ਤੇ ਜੀਵਨ ਦੀ ਹੋਂਦ ਹੀ ਖਤਰੇ ਵਿੱਚ ਪੈ ਗਈ ਹੈ। ਜਿਵੇਂ ਜੇਮਜ਼ ਲਵਲੌਕ ਨੇ ਆਪਣੇ ਥੀਸਿਸ ਦਾ ਨਾਂ ਗਰੀਕ ਮਿੱਥ ਮੁਤਾਬਕ ਧਰਤੀ ਦੀ ਦੇਵੀ ਦੇ ਨਾਂ ਤੇ ਰੱਖਿਆ ਸੀ, ਉਵੇਂ ਹੀ ਸਾਡੇ ਆਪਣੇ ਕਲਚਰ ਵਿੱਚ ਧਰਤੀ ਅਤੇ ਹੋਰ ਕੁਦਰਤੀ ਪਹਿਲੂਆਂ ਪ੍ਰਤੀ ਅਜਿਹੀ ਭਾਵਨਾ ਮੌਜੂਦ ਹੈ। ਅਸੀਂ ਧਰਤੀ ਨੂੰ ਮਾਂ ਕਹਿੰਦੇ ਹਾਂ। ਸੂਰਜ, ਚੰਦਰਮਾ, ਪਾਣੀ, ਅਗਨ ਆਦਿ ਸਾਡੇ ਲਈ ਦੇਵਤੇ ਹਨ। ਸਾਡੀਆਂ ਮਿੱਥਾਂ ਮੁਤਾਬਕ ਪੂਰੀ ਕੁਦਰਤ ਦਾ ਮਾਨਵੀਕਰਨ ਕੀਤਾ ਗਿਆ ਹੈ। ਸਾਡੀਆਂ ਮਿੱਥਾਂ ਵਿੱਚ ਜਾਨਵਰ ਗੱਲਾਂ ਕਰਦੇ ਹਨ। ਦਰਖਤ ਜਿਊਂਦੇ ਜਾਗਦੇ ਹਨ। ਨਦੀਆਂ ਦੇਵੀਆਂ ਹਨ। ਇਹ ਵਿਰਸਾ ਨਵੇਂ ਸਿਰੇ ਤੋਂ ਅਤੇ ਨਵੇਂ ਰੂਪ ਵਿੱਚ ਸਾਡੀ ਆਧੁਨਿਕ ਚੇਤਨਾ ਦਾ ਹਿੱਸਾ ਬਣਨ ਲੱਗਾ ਹੈ। ਇਸੇ ਤਰਾਂ ਦੀ ਸੋਚ ਤਹਿਤ ਪੁਰਾਤਨ

ਰੂਹਾਨੀ ਸਿਸਟਮਾਂ ਦੀ ਨਵੇਂ ਸਿਰੇ ਤੋਂ ਖੋਜ ਹੋ ਰਹੀ ਹੈ ਅਤੇ ਉਨਾਂ ਨੂੰ ਨਵੀਂ ਦ੍ਰਿਸ਼ਟੀ ਨਾਲ ਦੇਖਿਆ ਜਾ ਰਿਹਾ ਹੈ। ਸ਼ਮੀਲ ਨੇ ਆਪਣੇ ਨਿਬੰਧ 'ਆਦਿ ਕਲਾ ਦੀ ਤਲਾਸ਼' ਵਿੱਚ ਆਧੁਨਿਕ ਅਤੇ ਪੁਰਾਤਨ ਸਾਹਿਤ ਵਿੱਚੋਂ ਇਸ ਨਵੀਂ ਸੋਚ ਦੇ ਸਿਧਾਂਤਕ ਅਧਾਰਾਂ ਦੀ ਤਲਾਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ।

ਵਾਤਾਵਰਣ ਅਤੇ ਬ੍ਰਹਿਮੰਡੀ ਵਰਤਾਰੇ ਬਾਰੇ ਜੋ ਨਵੀਂ ਸੋਚ ਪੈਦਾ ਹੋ ਰਹੀ ਹੈ, ਉਸ ਮੁਤਾਬਕ ਸਾਰਾ ਕੁੱਝ ਆਪਣੇ ਇੱਕ ਕੁਦਰਤੀ ਸੰਤੁਲਨ ਕਰਕੇ ਹੀ ਚੱਲ ਰਿਹਾ ਹੈ ਅਤੇ ਧਰਤੀ ਦਾ ਸਮੁਚਾ ਜੀਵਨ ਆਪਸੀ ਸਹਿਹੋਂਦ ਤੇ ਖੜਾ ਹੈ। ਧਰਤੀ ਤੇ ਮਨੁਖ ਦੀ ਹੋਂਦ ਦੂਸਰੇ ਕੁਦਰਤੀ ਸਿਸਟਮਾਂ ਤੋਂ ਵੱਖ ਹੋਕੇ ਨਹੀਂ ਬਚ ਸਕਦੀ। ਮਨੁਖ, ਪਸ਼ੂ, ਪੌਦੇ, ਜੰਗਲ, ਨਦੀਆਂ ਸਭ ਕੁੱਝ ਇੱਕ ਸਮੁਚੇ ਸਿਸਟਮ ਦਾ ਅੰਗ ਹੈ। ਇਹ ਧਰਤੀ ਦੇ ਸਰੀਰ ਦੇ ਅੰਗ ਹਨ। ਸਰੀਰ ਦਾ ਛੋਟੇ ਤੋਂ ਛੋਟਾ ਅੰਗ ਵੀ ਫਾਲਤੂ ਨਹੀਂ ਹੁੰਦਾ। ਸਹਿਹੋਂਦ ਦਾ ਸਿਧਾਂਤ ਇਸੇ ਮਾਨਤਾ ਤੇ ਉਸਰਿਆ ਹੈ। ਇਹੀ ਸਿਧਾਂਤ ਅੱਗੇ ਸਮਾਜਕ ਤੇ ਸਿਧਾਂਤਕ ਖੇਤਰਾਂ ਵਿੱਚ ਵੀ ਲਾਗੂ ਹੁੰਦਾ ਹੈ। ਹਰ ਸਮਾਜਕ ਵਰਗ, ਹਰ ਸਿਧਾਂਤ, ਹਰ ਸੋਚ ਪ੍ਰਣਾਲੀ, ਹਰ ਖਿਆਲ ਇੱਕ ਵੱਡੇ ਸਿਸਟਮ ਦਾ ਅੰਗ ਹੈ। ਕੁੱਝ ਵੀ ਫਾਲਤੂ ਨਹੀਂ ਹੈ। ਇਸੇ ਸੋਚ ਵਿੱਚੋਂ ਫੇਰ ਸਮਾਜਕ ਅਤੇ ਵਿਚਾਰਧਾਰਕ ਸਹਿਹੋਂਦ ਦੀ ਧਾਰਨਾ ਵਿਕਸਤ ਹੁੰਦੀ ਹੈ। ਇਹ ਯੁਗ ਕਿਸੇ ਇੱਕ ਵਿਚਾਰਧਾਰਾ ਦੀ ਸਰਦਾਰੀ ਦਾ ਯੁਗ ਨਹੀਂ ਹੈ। ਤੁਸੀਂ ਕਿਸੇ ਵੀ ਦੂਸਰੇ ਖਿਆਲ ਨੂੰ, ਕਿਸੇ ਵੀ ਦੂਸਰੇ ਭਾਵ ਨੂੰ ਅੱਖਾਂ ਮੀਚਕੇ ਰੱਦ ਨਹੀਂ ਕਰ ਸਕਦੇ। ਇਹ ਸੰਭਾਵਨਾਵਾਂ ਦਾ ਸੰਸਾਰ ਹੈ। ਸੱਚ ਜਾਂ ਅੰਤਮ ਸੱਚ ਇੱਕ ਸੰਭਾਵਨਾ ਹੈ। ਉਸ ਵਿੱਚ ਹੋਰ ਹੋਰ ਅੱਗੇ ਜਾਣ ਦੀ ਸੰਭਾਵਨਾ ਕਦੇ ਖਤਮ ਨਹੀਂ ਹੋਵੇਗੀ। ਅਜਿਹੀ ਸੋਚ ਨਾਲ ਜੁੜੇ ਲੋਕਾਂ ਨੇ ਉਸ ਮੁਹਾਵਰੇ ਵਿੱਚ ਵੀ ਗੱਲ ਕਰਨੀ ਸ਼ੁਰੂ ਕਰ ਦਿੱਤੀ ਹੈ, ਜਿਹੜਾ ਪੁਰਾਣੇ ਰਹੱਸਵਾਦੀ ਸਕੂਲਾਂ ਦਾ ਮੁਹਾਵਰਾ ਸੀ। ਇਸ ਤਰਾਂ ਦੀ ਸੋਚ ਨੇ ਸਾਡੇ ਸਾਹਿਤ ਅਤੇ ਕਲਾ ਤੇ ਵੀ ਅਸਰ ਕੀਤਾ ਹੈ ਅਤੇ ਅਸੀਂ ਪੰਜਾਬੀ ਸਾਹਿਤ ਵਿਚ ਵੀ ਅਜਿਹੇ ਰੁਝਾਨ ਪ੍ਰਤੱਖ ਤੌਰ ਤੇ ਦੇਖ ਰਹੇ ਹਾਂ।

ਸ਼ਮੀਲ ਜਿਸ ਚੇਤਨਾ ਨੂੰ ਬ੍ਰਹਿਮੰਡੀ ਚੇਤਨਾ ਕਹਿ ਰਿਹਾ ਹੈ, ਉਹ ਧਰਤੀ ਜਾਂ ਸਮੁਚੇ ਬ੍ਰਹਿਮੰਡ ਨੂੰ ਇੱਕ ਸਮੁਚਤਾ ਵਿੱਚ ਦੇਖਣ ਵਾਲੀ ਦ੍ਰਿਸ਼ਟੀ ਹੈ, ਜਿਸਦਾ ਪ੍ਰਗਟਾਵਾ ਵਾਤਾਵਰਣ ਚੇਤਨਾ, ਨਵੀਆਂ ਮੈਡੀਕਲ ਪ੍ਰਣਾਲੀਆਂ, ਨਵੀਂ ਤਰਾਂ ਦੀ ਆਰਥਿਕ ਚੇਤਨਾ, ਰਾਜਸੀ ਚੇਤਨਾ ਅਤੇ ਕਲਾ ਵਿਚ ਹੋ ਰਿਹਾ ਹੈ। ਪੰਜਾਬੀ ਸਾਹਿਤ ਵਿੱਚ ਅਜਿਹੀ ਚੇਤਨਾ ਕਿਵੇਂ ਪ੍ਰਬਲ ਰੂਪ ਵਿੱਚ ਪ੍ਰਗਟ ਹੋਣ ਲੱਗੀ ਹੈ, ਉਸ ਨੂੰ ਇਸ ਕਿਤਾਬ ਦੀ ਭੂਮਿਕਾ ਵਿੱਚ ਇੱਕ ਤਰਤੀਬਬਧ ਰੂਪ ਵਿੱਚ ਪਛਾਣਿਆ ਅਤੇ ਪੇਸ਼ ਕੀਤਾ ਗਿਆ ਹੈ। ਕੋਈ ਵੀ ਸਮਝ ਸੰਪੂਰਨ ਨਹੀਂ ਹੁੰਦੀ। ਹਰ ਖਿਆਲ ਅੱਗੇ ਖਿਆਲਾਂ ਦੀ ਇੱਕ ਲੜੀ ਨੂੰ ਜਨਮ ਦਿੰਦਾ ਹੈ। ਉਮੀਦ ਹੈ ਕਿ ਇਹ ਕਿਤਾਬ ਵੀ ਪੰਜਾਬੀ ਸਾਹਿਤ ਅੰਦਰ ਵਿਚਾਰਾਂ ਦੇ ਇੱਕ ਸਿਲਸਿਲੇ ਦੀ ਸ਼ੁਰੂਆਤ ਕਰੇਗੀ।

ਪੰਜਾਬੀ ਸਾਹਿਤ ਨਾਲ ਜੁੜੇ ਕੁਝ ਹਲਕਿਆਂ ਅੰਦਰ ਪਿਛਲੇ ਕੁੱਝ ਸਮੇਂ ਤੋਂ ਇੱਕ ਨਾਉਮੀਦੀ ਤੇ ਮਾਯੂਸੀ ਦਾ ਵਾਤਾਵਰਣ ਪੈਦਾ ਹੋਇਆ ਹੈ। ਇਹ ਸਰਕਲ ਇਹ ਸਮਝਦਾ ਹੈ ਕਿ ਕਵਿਤਾ ਪੜਨ ਵਾਲਿਆਂ ਦੀ ਗਿਣਤੀ ਲਗਾਤਾਰ ਘਟ ਰਹੀ ਹੈ ਅਤੇ ਉਨ੍ਹਾਂ ਦਾ ਖਿਆਲ ਹੈ ਕਿ ਕਵਿਤਾ ਸ਼ਾਇਦ ਇੱਕ ਖਤਮ ਹੋ ਰਹੀ ਸਾਹਿਤਕ ਵਿਧਾ ਹੈ। ਕੁੱਝ ਲੋਕ ਅਜਿਹੀ ਧਾਰਨਾ ਦੇ ਵੀ ਸ਼ਿਕਾਰ ਹਨ ਕਿ ਕਵਿਤਾ ਪੁਰਾਤਨ ਸਮਾਜ ਦਾ ਮਾਧਿਅਮ ਸੀ ਅਤੇ ਆਧੁਨਿਕ ਸਮਾਜ ਦੇ ਬੌਧਿਕ ਕਲਚਰ ਵਿੱਚ ਇਸ ਦੀ ਪਹਿਲਾਂ ਵਾਲੀ ਪ੍ਰਸੰਗਿਕਤਾ ਨਹੀਂ ਰਹੀ। ਮੈਂ ਆਪਣੇ ਤਜ਼ਰਬੇ ਦੇ ਅਧਾਰ ਤੇ ਕਹਿ ਸਕਦਾ ਹਾਂ ਕਿ ਇਹ ਸਾਰੀਆਂ ਧਾਰਨਾਵਾਂ ਨਾ ਸਿਰਫ ਸਿਧਾਂਤਕ ਤੌਰ ਤੇ ਗਲਤ ਹਨ ਬਲਕਿ ਕਵਿਤਾ ਦੀਆਂ ਕਿਤਾਬਾਂ ਦੀ ਵਿਕਰੀ ਦੇ ਅੰਕੜੇ ਵੀ ਇਸ ਗੱਲ ਨੂੰ ਝੁਠਲਾਉਂਦੇ ਹਨ। ਬ੍ਰਹਿਮੰਡ, ਧਰਤੀ ਤੇ ਇਨਸਾਨੀ ਜ਼ਿੰਦਗੀ ਬਾਰੇ ਜਿਸ ਤਰਾਂ ਦਾ ਨਵਾਂ ਨਜ਼ਰੀਆ ਪੈਦਾ ਹੋ ਰਿਹਾ ਹੈ, ਉਸ ਦੇ ਪ੍ਰਸੰਗ ਵਿੱਚ ਜੇ ਅਸੀਂ ਦੇਖੀਏ ਤਾਂ ਕਵਿਤਾ ਇੱਕ ਵਾਰ ਫੇਰ ਸਭ ਤੋਂ ਸ਼ਕਤੀਸ਼ਾਲੀ ਮਾਧਿਅਮ ਦੇ ਰੂਪ ਵਿੱਚ ਸਾਹਮਣੇ ਆਈ ਹੈ। ਕਵਿਤਾ ਅੰਦਰ ਜੀਵਨ ਦੇ ਰਹੱਸਾਂ ਦੇ

ਪ੍ਰਗਟਾਵੇ ਦੀ ਜ਼ਿਆਦਾ ਸਮਰਥਾ ਹੈ। ਮੈਂ ਪਿਛਲੇ ਲੰਬੇ ਅਰਸੇ ਤੋਂ ਪੰਜਾਬੀ ਪੁਸਤਕ ਪ੍ਰਕਾਸ਼ਨ ਨਾਲ ਜੁੜਿਆ ਹਾਂ। ਪੰਜਾਬੀ ਵਿੱਚ ਅਜੇ ਵੀ ਸਭ ਤੋਂ ਜ਼ਿਆਦਾ ਵਿਕਰੀ ਕਵਿਤਾ ਦੀਆਂ ਕਿਤਾਬਾਂ ਦੀ ਹੈ ਅਤੇ ਮੇਰਾ ਇਹ ਜ਼ਾਤੀ ਖਿਆਲ ਹੈ ਕਿ ਪੰਜਾਬੀ ਕਵਿਤਾ ਅਜੇ ਵੀ ਸਾਡੀਆਂ ਦੂਜੀਆਂ ਸਾਹਿਤਕ ਵਿਧਾਵਾਂ ਨਾਲੋਂ ਜ਼ਿਆਦਾ ਸ਼ਕਤੀਸਾਲੀ ਹੈ। ਸ਼ਮੀਲ ਨੇ ਇਨਾਂ ਸਾਰੇ ਪਹਿਲੂਆਂ ਨੂੰ ਨਵੇਂ ਜ਼ਾਵੀਏ ਤੋਂ ਛੁਹਿਆ ਹੈ। ਮੈਂ ਇਹ ਉਮੀਦ ਰੱਖਦਾ ਹਾਂ ਕਿ ਇਹ ਕਿਤਾਬ ਪੰਜਾਬੀ ਸਾਹਿਤਕ ਖੇਤਰਾਂ ਵਿੱਚ ਇੱਕ ਉਸਾਰੂ ਚਰਚਾ ਛੇੜੇਗੀ ਅਤੇ ਪੰਜਾਬੀ ਕਵਿਤਾ ਜਾਂ ਸਾਹਿਤ ਦੇ ਨਵੇਂ ਸਰੋਕਾਰਾਂ ਤੇ ਰੁਝਾਨਾਂ ਨੂੰ ਸਮਝਣ ਵਿੱਚ ਸਾਡੀ ਮਦਦ ਕਰੇਗੀ।

**ਹਰੀਸ਼ ਜੈਨ**
ਚੰਡੀਗੜ੍ਹ



ਤੜਫ ਪੁਰਾਣੀਆਂ ਦੁਆਈਆਂ ਨੂੰ ਵੀ
ਨਵੀਆਂ ਕਰ ਦਿੰਦੀ ਹੈ
ਮੁਰਦੇਹਾਣੀ ਦੀ ਪੁਰਾਣੀ ਟਾਹਣੀ ਨੂੰ
ਇਹ ਛਾਂਗ ਦਿੰਦੀ ਹੈ
ਇਹ ਅਜਿਹੀ ਸੰਜੀਵਨੀ ਹੈ
ਜਿਹੜੀ ਜਾਨ ਪਾ ਦਿੰਦੀ ਹੈ ਮੁਰਦਿਆਂ ਵਿੱਚ

ਜਿਥੇ ਭਲਾ ਤੜਫ ਹੋਵੇ
ਉਥੇ ਕਿਵੇਂ ਛਾ ਸਕਦੀ ਹੈ ਮੁਰਦੇਹਾਣੀ
ਥੱਕੇ ਟੁੱਟਿਆਂ ਵਾਂਗ
ਐਵੇਂ ਹੌਕੇ ਨਾ ਭਰ
ਤੜਫ ਪੈਦਾ ਕਰ
ਜ਼ੋਰਦਾਰ

**ਮੌਲਾਨਾ ਰੂਮੀ**

# ਨਵੀਂ ਪੰਜਾਬੀ ਕਵਿਤਾ ਦੀਆਂ ਆਤਮਿਕ ਝਲਕਾਂ

ਪਿਛਲੇ ਕੁੱਝ ਅਰਸੇ ਤੋਂ ਪੱਛਮ ਦੇ ਕਈ ਹਲਕਿਆਂ ਵਿੱਚ ਇਸ ਗੱਲ ਤੇ ਚਰਚਾ ਹੁੰਦੀ ਰਹਿੰਦੀ ਹੈ ਕਿ ਕੀ ਕਵਿਤਾ ਇੱਕ ਖਤਮ ਹੋ ਰਹੀ ਸਾਹਿਤਕ ਵਿਧਾ ਹੈ ਜਾਂ ਇਹ ਸਾਹਿਤ ਦਾ ਸਭ ਤੋਂ ਸਥਾਈ ਤੇ ਸਦੀਵੀ ਮਾਧਿਅਮ ਹੈ। ਆਪੋ ਆਪਣੀ ਗੱਲ ਨੂੰ ਸਹੀ ਸਿਧ ਕਰਨ ਲਈ ਵੱਖ ਵੱਖ ਲੋਕ ਤਰਾਂ ਤਰਾਂ ਦੀਆਂ ਦਲੀਲਾਂ ਦਿੰਦੇ ਹਨ ਅਤੇ ਕਈ ਤਰਾਂ ਦੇ ਪਾਠਕ ਸਰਵੇਖਣਾਂ, ਕਵਿਤਾ ਦੀਆਂ ਕਿਤਾਬਾਂ ਦੀ ਵਿਕਰੀ ਦੇ ਅੰਕੜਿਆਂ ਤੇ ਕਵੀਆਂ ਦੀ ਆਰਥਿਕਤਾ ਦਾ ਹਵਾਲਾ ਦਿੱਤਾ ਜਾਂਦਾ ਹੈ। ਕੁੱਝ ਕਹਿੰਦੇ ਹਨ ਕਿ ਅੱਸੀਵਿਆਂ ਤੋਂ ਕਵਿਤਾ ਦਾ ਇਹ ਨਿਘਾਰ ਸ਼ੁਰੂ ਹੋ ਗਿਆ ਹੈ ਤੇ ਲਗਾਤਾਰ ਜਾਰੀ ਹੈ। ਅਜਿਹੀਆਂ ਬਹਿਸਾਂ ਦੌਰਾਨ ਨਿਊਯਾਰਕ ਟਾਈਮਜ਼ ਵਿੱਚ 1979 ਵਿੱਚ ਛਪੀ ਇੱਕ ਰਿਪੋਰਟ ਦਾ ਹਵਾਲਾ ਦਿੱਤਾ ਜਾਂਦਾ ਹੈ, ਜਿਸ ਮੁਤਾਬਕ ਅਮਰੀਕਾ ਵਰਗੇ ਵੱਡੇ ਮੁਲਕ ਅੰਦਰ ਵੀ ਕਵਿਤਾ ਦੀ ਕਿਤਾਬ ਦਾ ਜਿਲਦ ਵਾਲਾ ਐਡੀਸ਼ਨ 900 ਤੋਂ ਨਹੀਂ ਟੱਪਦਾ ਅਤੇ ਪੇਪਰਬੈਕ ਜ਼ਿਆਦਾ ਤੋਂ ਜ਼ਿਆਦਾ 2500 ਦੀ ਗਿਣਤੀ ਵਿੱਚ ਵਿਕਦਾ ਹੈ। ਇਸੇ ਤਰਾਂ ਕੁੱਝ ਅਰਸਾ ਪਹਿਲਾਂ ਇੰਗਲੈਂਡ ਵਿੱਚ ਆਰਟਸ ਕੌਂਸਲ ਦੁਆਰਾ ਕਰਵਾਏ ਇੱਕ ਅਧਿਐਨ ਮੁਤਾਬਕ ਮੁਲਕ ਵਿੱਚ 1989-90 ਦੌਰਾਨ ਜਿਹੜੀਆਂ ਕਵਿਤਾ ਦੀਆਂ 1000 ਬੈਸਟ ਸੈਲਰ ਕਿਤਾਬਾਂ ਸਨ, ਉਨਾਂ ਵਿੱਚੋਂ ਸਿਰਫ 4 ਫੀਸਦੀ ਆਧੁਨਿਕ ਕਵਿਤਾ ਸੀ। ਇਸੇ ਸਰਵੇ ਮੁਤਾਬਕ ਇੰਗਲੈਂਡ ਅੰਦਰ ਕਵਿਤਾ ਦੀਆਂ ਜਿੰਨੀਆਂ ਕੁ ਵੀ ਕਿਤਾਬਾਂ ਵਿਕਦੀਆਂ ਹਨ, ਉਨਾਂ ਵਿੱਚੋਂ ਜ਼ਿਆਦਾਤਰ 45 ਸਾਲ ਤੋਂ ਵੱਧ ਉਮਰ ਦੀਆਂ ਔਰਤਾਂ ਦੁਆਰਾ ਖਰੀਦੀਆਂ ਜਾਂਦੀਆਂ ਹਨ। ਅਮਰੀਕਾ ਵਿੱਚ ਕਲਾ ਦੇ ਪਸਾਰ ਲਈ ਬਣੀ ਇੱਕ ਸੰਸਥਾ ਐਨਈਏ ਨੇ 2008 ਵਿੱਚ ਇੱਕ ਰਿਪੋਰਟ ਜਾਰੀ ਕੀਤੀ, ਜਿਸ ਮੁਤਾਬਕ ਅਮਰੀਕੀ ਪਾਠਕਾਂ ਵਿੱਚ ਕਵਿਤਾ ਪੜ੍ਹਨ ਵਾਲਿਆਂ ਦੀ ਗਿਣਤੀ ਲਗਾਤਾਰ ਘਟ ਰਹੀ ਹੈ। ਸਰਵੇ ਦੌਰਾਨ ਲੋਕਾਂ ਨੂੰ ਇਹ ਪੁੱਛਿਆ ਗਿਆ ਸੀ ਕਿ ਪਿਛਲੇ ਸਾਲ ਦੌਰਾਨ ਉਨਾਂ ਨੇ ਕਿਹੜੀਆਂ ਕਿਹੜੀਆਂ ਕਿਤਾਬਾਂ ਪੜੀਆਂ। 1992 ਵਿੱਚ ਕਰੀਬ 17 ਫੀਸਦੀ ਅਜਿਹੇ ਲੋਕ ਸਨ ਜਿਨਾਂ ਨੇ ਕਵਿਤਾ ਦੀ ਕੋਈ ਕਿਤਾਬ ਪੜੀ ਸੀ। 2002 ਵਿੱਚ ਕਵਿਤਾ ਦੀ ਕੋਈ ਕਿਤਾਬ ਪੜਨ ਵਾਲਿਆਂ ਦੀ ਗਿਣਤੀ ਕਰੀਬ 12 ਫੀਸਦੀ ਸੀ ਅਤੇ 2008 ਵਿੱਚ ਇਹ ਗਿਣਤੀ ਸਿਰਫ 8.3 ਰਹਿ ਗਈ।

ਦੂਜੇ ਪਾਸੇ ਜਿਹੜੀਆਂ ਸੰਸਥਾਵਾਂ ਕਵਿਤਾ ਦੇ ਪ੍ਰਚਾਰ ਪ੍ਰਸਾਰ ਲਈ ਸਰਗਰਮ ਸਨ, ਉਨ੍ਹਾਂ ਨੇ ਇਸ ਸਥਿਤੀ ਦਾ ਟਾਕਰਾ ਕਰਨ ਲਈ ਕਈ ਤਰਾਂ ਦੇ ਪ੍ਰੋਗਰਾਮ ਉਲੀਕੇ, ਤਾਂ ਜੋ ਕਵਿਤਾ ਪ੍ਰਤੀ ਪਾਠਕਾਂ ਦੇ ਘਟ ਰਹੇ ਰੁਝਾਨ ਦੇ ਕਾਰਨਾਂ ਨੂੰ ਵੀ ਸਮਝਿਆ ਜਾਵੇ ਅਤੇ ਉਸ ਦੇ ਮੱਦੇਨਜ਼ਰ ਕਵਿਤਾ ਦੇ ਪਸਾਰ ਲਈ ਕਈ ਪੱਧਰ ਤੇ ਮੁਹਿੰਮ ਵੀ ਚਲਾਈ ਜਾਵੇ। ਇਸੇ ਮਕਸਦ ਨਾਲ ਕੁੱਝ ਕਵਿਤਾ ਸੰਸਥਾਵਾਂ ਨੇ ਵੱਖਰੇ ਨਜ਼ਰੀਏ ਤੋਂ ਸਰਵੇਖਣ ਵੀ ਕਰਵਾਏ। ਨੱਬੇਵਿਆਂ ਦੇ ਅਖੀਰ ਵਿੱਚ ਇੰਗਲੈਂਡ ਵਿੱਚ ਹੋਏ ਇੱਕ ਸਰਵੇਖਣ ਵਿੱਚ ਕਿਹਾ ਗਿਆ ਹੈ ਕਿ ਇੰਗਲੈਂਡ ਦੀ ਬਾਲਗ ਅਬਾਦੀ ਦਾ 8 ਫੀਸਦੀ ਲੋਕ ਅਜਿਹੇ ਹਨ, ਜਿਨਾਂ ਨੇ ਪਿਛਲੇ ਸਾਲਾਂ ਦੌਰਾਨ ਕਿਸੇ ਨਾ ਕਿਸੇ ਪ੍ਰਕਾਰ ਦੀ ਕੋਈ ਕਵਿਤਾ ਲਿਖੀ ਹੈ। ਅਮਰੀਕਾ ਦੀ ਪੋਇਟਰੀ ਫਾਊਂਡੇਸ਼ਨ ਨੇ ਯੂਨੀਵਰਸਿਟੀ ਔਫ ਸ਼ਿਕਾਗੋ ਦੇ ਸਹਿਯੋਗ ਨਾਲ ਇੱਕ ਸਟੱਡੀ ਕਰਵਾਈ। ਇਸ ਸਰਵੇਖਣ ਦਾ ਮਕਸਦ ਕਵਿਤਾ ਬਾਰੇ ਅਮਰੀਕੀ ਪਾਠਕਾਂ ਦੇ ਵਿਚਾਰ ਜਾਣਨਾ ਸੀ। ਸਰਵੇਖਣ ਮੁਤਾਬਕ ਦੋ ਗੱਲਾਂ ਉਭਰਕੇ ਸਾਹਮਣੇ ਆਈਆਂ। ਪਹਿਲੀ ਲੱਭਤ ਮੁਤਾਬਕ 90 ਫੀਸਦੀ ਪਾਠਕਾਂ ਦਾ ਇਹ ਖਿਆਲ ਸੀ ਕਿ ਕਵਿਤਾ ਦੀ ਜ਼ਿੰਦਗੀ ਵਿੱਚ ਬਹੁਤ ਮਹੱਤਤਾ ਹੈ ਅਤੇ ਜਿਹੜੇ ਕਵਿਤਾ ਪੜਦੇ ਹਨ, ਉਨਾਂ ਦਾ ਜ਼ਿੰਦਗੀ ਪ੍ਰਤੀ ਨਜ਼ਰੀਆ ਵਿਸ਼ਾਲ ਹੁੰਦਾ ਹੈ। ਇਹ ਵੀ ਸਾਹਮਣੇ ਆਇਆ ਕਿ ਜਿਹੜੇ ਲੋਕ ਕਵਿਤਾ ਪੜਦੇ ਹਨ, ਉਨਾਂ ਦੇ ਸਮਾਜਕ ਜੀਵਨ ਵਿੱਚ ਮੁਕਾਬਲਤਨ ਜ਼ਿਆਦਾ ਸਕੂਨ ਤੇ ਸਹਿਜ ਹੈ। ਕਵਿਤਾ ਦੀਆਂ ਕਿਤਾਬਾਂ ਦੀ ਵਿਕਰੀ ਤੋਂ ਮਾਯੂਸ ਹੋਏ ਕਵਿਤਾ ਸੰਸਥਾਨਾਂ ਨੂੰ ਅਜਿਹੇ

ਸਰਵੇਖਣਾਂ ਚੋਂ ਇੱਕ ਆਸ ਦੀ ਕਿਰਨ ਨਜ਼ਰ ਆਈ ਅਤੇ ਇਸੇ ਤੋਂ ਉਤਸ਼ਾਹਿਤ ਹੋਕੇ ਅਮਰੀਕਾ ਅਤੇ ਇੰਗਲੈਂਡ ਦੋਵੇਂ ਮੁਲਕਾਂ ਵਿੱਚ ਕਈ ਤਰਾਂ ਦੀਆਂ ਮੁਹਿੰਮਾਂ ਚਲਾਈਆਂ ਗਈਆਂ। 1996 ਵਿੱਚ ਅਮਰੀਕਾ ਵਿੱਚ 'ਨੈਸ਼ਨਲ ਕਵਿਤਾ ਮਹੀਨਾ' ਸਮਾਰੋਹ ਸ਼ੁਰੂ ਕੀਤੇ ਗਏ, ਜਿਸ ਤਹਿਤ ਮੁਲਕ ਭਰ ਅੰਦਰ ਹਜ਼ਾਰਾਂ ਸਕੂਲਾਂ ਤੇ ਹੋਰ ਕਮਿਊਨਿਟੀ ਸੰਸਥਾਨਾਂ ਵਿੱਚ ਕਵਿਤਾ ਸਮਾਗਮ ਤੇ ਮੁਕਾਬਲੇ ਕਰਵਾਏ ਜਾਂਦੇ ਹਨ। ਨਿਊਜ਼ਵੀਕ ਦੀ ਇੱਕ ਰਿਪੋਰਟ ਮੁਤਾਬਕ ਅਜਿਹੇ ਉਪਰਾਲਿਆਂ ਦਾ ਸਿੱਟਾ ਇਹ ਨਿਕਲਿਆ ਹੈ ਕਿ ਕਵਿਤਾ ਪ੍ਰਤੀ ਪਾਠਕਾਂ ਦਾ ਰੁਝਾਨ ਫੇਰ ਵਧਣ ਲੱਗਾ। 2001 ਵਿੱਚ ਕਵਿਤਾ ਨੂੰ ਸਮਰਪਿਤ ਇੱਕ ਵੈਬਸਾਈਟ www.poets.org ਦੀਆਂ ਹਿਟਸ 4.5 ਮਿਲੀਅਨ ਸਨ ਅਤੇ ਹੁਣ ਇਹ 10 ਮਿਲੀਅਨ ਨੂੰ ਟੱਪ ਗਈਆਂ ਹਨ। ਇਸੇ ਤਰਾਂ ਅਮਰੀਕਾ ਵਿੱਚ ਕਵਿਤਾ ਦੇ ਇੱਕ ਪੁਰਾਣੇ ਮੈਗਜ਼ੀਨ ਪੋਇਟਰੀ ਦੀ ਵਿਕਰੀ 30000 ਨੂੰ ਪਹੁੰਚ ਗਈ। ਅਮਰੀਕਾ ਦੀ ਪੋਇਟਰੀ ਫਾਊਂਡੇਸ਼ਨ ਦੇ ਸਹਿਯੋਗ ਨਾਲ ਐਨਈਏ ਦੁਆਰਾ ਹਾਈ ਸਕੂਲ ਵਿਦਿਆਰਥੀਆਂ ਲਈ ਪੋਇਟਰੀ ਆਊਟ ਲਾਊਡ ਨਾਂ ਦਾ ਇੱਕ ਰਾਸ਼ਟਰੀ ਕਵਿਤਾ ਉਚਾਰਨ ਮੁਕਾਬਲਾ ਸ਼ੁਰੂ ਕੀਤਾ ਗਿਆ, ਜਿਸ ਵਿੱਚ 2006 ਵਿੱਚ 40,000 ਵਿਦਿਆਰਥੀਆਂ ਨੇ ਹਿੱਸਾ ਲਿਆ ਤੇ ਤਾਜ਼ਾ ਰਿਪੋਰਟਾਂ ਮੁਤਾਬਕ ਇਹ ਗਿਣਤੀ 3 ਲੱਖ ਨੂੰ ਟੱਪ ਗਈ ਹੈ। ਇਸੇ ਤਰਾਂ ਦੇ ਕਈ ਪ੍ਰੋਗਰਾਮ ਕਵਿਤਾ ਸੁਸਾਇਟੀਆਂ, ਸਰਕਾਰੀ ਕਲਾ ਸੰਸਥਾਵਾਂ, ਪਬਲਿਸ਼ਰਾਂ ਤੇ ਕਵਿਤਾ ਮੈਗਜ਼ੀਨਾਂ ਦੁਆਰਾ ਇੰਗਲੈਂਡ ਵਿੱਚ ਉਲੀਕੇ ਗਏ, ਜਿਸ ਬਾਰੇ ਇਹ ਰਿਪੋਰਟਾਂ ਆਉਂਦੀਆਂ ਰਹੀਆਂ ਹਨ ਕਿ ਇੰਗਲੈਂਡ ਵਿੱਚ ਕਵਿਤਾ ਦੁਬਾਰਾ ਲੋਕਪ੍ਰਿਯ ਹੋ ਰਹੀ ਹੈ। ਜੇ ਕਵਿਤਾ ਦੀਆਂ ਕਿਤਾਬਾਂ ਦੀ ਆਮ ਵਿਕਰੀ ਘਟੀ ਹੈ ਤਾਂ ਉਸ ਦੀ ਥਾਂ ਕਰੀਏਟਿਵ ਰਾਈਟਿੰਗ ਕੋਰਸਾਂ ਦੇ ਵਿਦਿਆਰਥੀਆਂ ਦੁਆਰਾ ਟੈਕਸਟ ਬੁੱਕਾਂ ਦੇ ਰੂਪ ਵਿੱਚ ਲੱਗੀਆਂ ਕਵਿਤਾ ਕਿਤਾਬਾਂ ਦੀ ਗਿਣਤੀ ਕਾਫੀ ਵਧ ਗਈ। ਇੰਗਲੈਂਡ ਵਿੱਚ 40 ਦੇ ਕਰੀਬ ਪੋਸਟ ਗਰੈਜੂਏਟ ਕਰੀਏਟਿਵ ਰਾਈਟਿੰਗ ਡਿਗਰੀ ਕੋਰਸ ਹਨ। ਅਮਰੀਕਾ ਵਿੱਚ ਅਜਿਹੇ ਕੋਰਸਾਂ ਦੀ ਗਿਣਤੀ 300 ਹੈ। ਇਨਾਂ ਕੋਰਸਾਂ ਵਿੱਚ ਹਰ ਮੌਕੇ ਹਜ਼ਾਰਾਂ ਦੀ ਗਿਣਤੀ ਵਿੱਚ ਵਿਦਿਆਰਥੀ ਹੁੰਦੇ ਹਨ, ਜਿਹੜੇ ਕਵਿਤਾ ਜਾਂ ਸਾਹਿਤ ਦੀਆਂ ਕਿਤਾਬਾਂ ਦੇ ਪੱਕੇ ਪਾਠਕ ਹੁੰਦੇ ਹਨ।

ਇਸ ਪ੍ਰਸੰਗ ਵਿੱਚ ਜਦੋਂ ਅਸੀਂ ਨਵੀਂ ਪੰਜਾਬੀ ਕਵਿਤਾ ਤੇ ਨਜ਼ਰ ਮਾਰਦੇ ਹਾਂ ਤਾਂ ਦੇਖਦੇ ਹਾਂ ਕਿ ਸਾਡੀ ਹਾਲਤ ਵਿਕਸਤ ਮੁਲਕਾਂ ਨਾਲੋਂ ਬਹੁਤ ਵੱਖਰੀ ਨਹੀਂ ਹੈ। ਇੱਕ ਲਿਹਾਜ਼ ਨਾਲ ਇਹ ਵੀ ਕਹਿ ਸਕਦੇ ਹਾਂ ਕਿ ਸਾਡੀ ਹਾਲਤ ਉਨਾਂ ਨਾਲੋਂ ਕੁੱਝ ਪੱਖਾਂ ਤੋਂ ਸ਼ਾਇਦ ਬਿਹਤਰ ਹੈ। ਪੰਜਾਬੀ ਪ੍ਰਕਾਸ਼ਕ ਤੇ ਕਵੀ ਅਕਸਰ ਇਸ ਗੱਲ ਤੇ ਝੂਰਦੇ ਹਨ ਕਿ ਪੰਜਾਬੀ ਕਵਿਤਾ ਦੀ ਕਿਤਾਬ ਮੁਸ਼ਕਲ ਨਾਲ 500 ਤੋਂ ਲੈ ਕੇ 1000 ਤੱਕ ਛਪਦੀ ਹੈ। ਇਸ ਗੱਲ ਤੇ ਸਾਨੂੰ ਹੈਰਾਨੀ ਨਹੀਂ ਹੋਣੀ ਚਾਹੀਦੀ। ਇੰਗਲੈਂਡ ਭਾਰਤ ਵਾਂਗ ਬਹੁਭਾਸ਼ੀ ਮੁਲਕ ਨਹੀਂ ਹੈ ਤੇ ਉਸ ਦੀ ਅਬਾਦੀ 6 ਕੁ ਕਰੋੜ ਦੇ ਕਰੀਬ ਹੈ। ਉਥੋਂ ਦੇ ਆਮ ਕਵੀਆਂ ਦੀ ਕਿਤਾਬ ਵੀ 500 ਜਾਂ 1000 ਕੁ ਹੀ ਛਪਦੀ ਹੈ। ਅਮਰੀਕਾ ਦੀ ਅਬਾਦੀ 30 ਕਰੋੜ ਤੋਂ ਜ਼ਿਆਦਾ ਹੈ। ਉਥੇ ਵੀ ਕਵਿਤਾ ਦੀ ਆਮ ਕਿਤਾਬ ਔਸਤ 2500 ਜਾਂ 3000 ਦੇ ਕਰੀਬ ਹੀ ਛਪਦੀ ਹੈ। ਗੁਰਮੁਖੀ ਵਿੱਚ ਪੰਜਾਬੀ ਪੜਨ ਲਿਖਣ ਵਾਲੇ ਭਾਰਤੀ ਪੰਜਾਬ ਦੀ ਅਬਾਦੀ ਢਾਈ ਕੁ ਕਰੋੜ ਹੈ। ਜੇ ਇਸ ਹਿਸਾਬ ਨਾਲ ਦੇਖੀਏ ਤਾਂ ਸਾਡੇ ਇੱਥੇ ਕਵਿਤਾ ਦੀ ਕਿਤਾਬ 500 ਦੀ ਗਿਣਤੀ ਵਿੱਚ ਛਪਣੀ ਕੋਈ ਘੱਟ ਗਿਣਤੀ ਨਹੀਂ ਹੈ। ਕਵਿਤਾ ਦੀਆਂ ਆਮ ਕਿਤਾਬਾਂ ਜੇ ਪੰਜਾਬੀ ਵਿੱਚ ਪਬਲਿਸ਼ਰਾਂ ਦੇ ਖਰਚੇ ਨਹੀਂ ਪੂਰੇ ਕਰਦੀਆਂ ਤਾਂ ਇਹੀ ਸਥਿਤੀ ਅਮਰੀਕਾ ਅਤੇ ਇੰਗਲੈਂਡ ਵਿੱਚ ਵੀ ਹੈ। ਕਵਿਤਾ ਦੇ ਸਿਰ ਤੇ ਜੇ ਪੰਜਾਬੀ ਕਵੀ ਆਪਣਾ ਗੁਜ਼ਾਰਾ ਨਹੀਂ ਕਰਦੇ ਤਾਂ ਇੰਗਲੈਂਡ ਜਾਂ ਅਮਰੀਕਾ ਵਿੱਚ ਵੀ ਅਜਿਹੇ ਥੋੜੇ ਕਵੀ ਹੀ ਹਨ, ਜਿਨਾਂ ਦਾ ਗੁਜ਼ਾਰਾ ਕਵਿਤਾ ਦੇ ਸਿਰ ਤੇ ਚੱਲਦਾ ਹੈ। ਇਸ ਮਾਮਲੇ ਵਿੱਚ ਕੁੱਝ ਕੁ ਮਸ਼ਹੂਰ ਤੇ ਸਥਾਪਤ ਕਵੀਆਂ ਨੂੰ ਮਿਸਾਲ ਨਹੀਂ ਬਣਾਇਆ ਜਾ ਸਕਦਾ। ਅਮਰੀਕਾ ਵਿੱਚ ਰਾਜ ਕਵੀ ਰਿਹਾ ਬਿਲ ਕੋਲਿਨਜ਼ ਸਮੁਚੇ ਅਮਰੀਕੀ ਕਵੀਆਂ ਦੀ ਹਾਲਤ ਦਾ ਨੁਮਾਇੰਦਾ ਨਹੀਂ ਹੋ ਸਕਦਾ।

ਇਸ ਤਰਾਂ ਦੀਆਂ ਵਿਕੋਲਿਤਰੀਆਂ ਮਿਸਾਲਾਂ ਤਾਂ ਪੰਜਾਬੀ ਵਿੱਚ ਵੀ ਮਿਲ ਜਾਣਗੀਆਂ। ਸਾਡੇ ਅੰਮ੍ਰਿਤਾ ਪ੍ਰੀਤਮ ਨੇ ਨਾ ਸਿਰਫ ਕਵਿਤਾ/ਸਾਹਿਤ ਦੇ ਸਿਰ ਤੇ ਗੁਜ਼ਾਰਾ ਕੀਤਾ ਬਲਕਿ ਇਸੇ ਸਿਰ ਤੇ ਉਹ ਰਾਜ ਸਭਾ ਦੇ ਮੈਂਬਰ ਵੀ ਬਣੇ। ਜੇ ਚਾਹੁੰਦੇ ਤਾਂ ਸੁਰਜੀਤ ਪਾਤਰ ਵੀ ਕਵਿਤਾ ਦੇ ਸਿਰ ਤੇ ਗੁਜ਼ਾਰਾ ਕਰ ਸਕਦੇ ਸਨ। ਪਰ ਸਮੁਚੇ ਤੌਰ ਤੇ ਕਵਿਤਾ ਲਿਖਣਾ ਨਾ ਪੰਜਾਬੀ ਵਿੱਚ ਗੁਜ਼ਾਰੇ ਦਾ ਸਾਧਨ ਬਣਦਾ ਹੈ ਤੇ ਨਾ ਹੀ ਇਹ ਸਥਿਤੀ ਅਮਰੀਕਾ ਜਾਂ ਇੰਗਲੈਂਡ ਵਰਗੇ ਵਿਕਸਤ ਸਮਾਜਾਂ ਦੀ ਹੈ।

ਉਪਰੋਕਤ ਦਿੱਤੇ ਸਾਰੇ ਹਵਾਲੇ ਅਤੇ ਅੰਕੜੇ ਅਸਲ ਵਿੱਚ ਕਵਿਤਾ ਦੀ ਵਰਤਮਾਨ ਸਥਿਤੀ ਅਤੇ ਭਵਿਖ ਬਾਰੇ ਸਾਨੂੰ ਕਿਸੇ ਰਾਹੇ ਨਹੀਂ ਪਾਉਂਦੇ। ਇਨਾਂ ਅੰਕੜਿਆਂ ਦੇ ਅਧਾਰ ਤੇ ਕਵਿਤਾ ਦੇ ਭਵਿਖ ਬਾਰੇ ਕੁੱਝ ਵੀ ਕਹਿਣਾ ਸੰਭਵ ਨਹੀਂ। ਇਸਦਾ ਕਾਰਨ ਹੈ ਕਿ ਜਦੋਂ ਅਸੀਂ ਕਵਿਤਾ ਸ਼ਬਦ ਵਰਤਦੇ ਹਾਂ ਤਾਂ ਇਸ ਤਹਿਤ ਸਮੁਚੀ ਕਵਿਤਾ ਨੂੰ ਲੈ ਲੈਂਦੇ ਹਾਂ। ਅਸਲ ਵਿੱਚ ਸਾਰੀ ਕਵਿਤਾ ਇੱਕ ਕਵਿਤਾ ਨਹੀਂ ਹੈ। ਵਾਸਤਵ ਵਿੱਚ ਵੱਖ ਵੱਖ ਤਰਾਂ ਦੀ ਕਵਿਤਾ ਦਾ ਆਪੋ ਆਪਣਾ ਵੱਖਰਾ ਵਜੂਦ ਹੈ। ਪੁਰਾਤਨ ਕਵਿਤਾ ਤੇ ਆਧੁਨਿਕ ਕਵਿਤਾ ਨੂੰ ਇੱਕ ਖਾਨੇ ਵਿੱਚ ਨਹੀਂ ਰੱਖ ਸਕਦੇ। ਭਾਵੇਂ ਪੁਰਾਤਨ ਕਵਿਤਾ ਅੰਦਰ ਵੀ ਕਿੰਨੇ ਹੀ ਵਰਗ ਹਨ, ਪਰ ਸਹੂਲਤ ਲਈ ਮੋਟੇ ਜਿਹੇ ਤੌਰ ਤੇ ਸਾਰੀ ਪੁਰਾਤਨ ਕਵਿਤਾ ਨੂੰ ਇੱਕ ਵੱਖਰੇ ਵਰਗ ਵਿੱਚ ਰੱਖ ਸਕਦੇ ਹਾਂ। ਇਸ ਕਵਿਤਾ ਦਾ ਆਪਣਾ ਪਾਠਕ ਵਰਗ ਹੈ। ਇਸੇ ਤਰਾਂ ਆਧੁਨਿਕ ਦੌਰ ਦੀ ਕਵਿਤਾ ਵਿੱਚ ਵੀ ਕਿੰਨੇ ਹੀ ਵਰਗ ਅਤੇ ਧਾਰਾਵਾਂ ਹਨ। ਉਨਾਂ ਸਾਰਿਆਂ ਨੂੰ ਵੱਖੋ ਵੱਖਰਾ ਦੇਖਣ ਦੀ ਲੋੜ ਹੈ। ਮਿਸਾਲ ਦੇ ਤੌਰ ਤੇ ਗਜ਼ਲ, ਹਾਸਰਸੀ ਕਵਿਤਾ, ਤਰੰਨੁਮ ਵਿੱਚ ਪੇਸ਼ ਕੀਤੀ ਜਾ ਸਕਣ ਵਾਲੀ ਪ੍ਰਗੀਤਕ ਕਵਿਤਾ ਦਾ ਆਪਣਾ ਵੱਖਰਾ ਵਜੂਦ ਹੈ। ਸਿਆਸੀ ਲਹਿਰਾਂ ਨਾਲ ਜੁੜੀ ਕਵਿਤਾ ਦਾ ਵੱਖਰਾ ਖੇਤਰ ਹੈ। ਪੌਪੂਲਰ ਗੀਤ ਵੀ ਆਪਣੀ ਤਰਾਂ ਦੀ ਕਵਿਤਾ ਹੈ। ਜਦੋਂ ਆਮ ਕਰਕੇ ਅਸੀਂ ਕਵਿਤਾ ਸ਼ਬਦ ਵਰਤਦੇ ਹਾਂ ਅਤੇ ਸਮਾਜ ਵਿੱਚ ਕਵਿਤਾ ਦੀ ਥਾਂ ਦੀ ਗੱਲ ਕਰਦੇ ਹਾਂ ਤਾਂ ਇਨਾਂ ਵਰਗਾਂ ਨੂੰ ਇੱਕੋ ਖਾਨੇ ਵਿੱਚ ਰੱਖ ਲੈਂਦੇ ਹਾਂ। ਸਚਾਈ ਇਹ ਹੈ ਕਿ ਕਵਿਤਾ ਦੇ ਨਾਂ ਹੇਠ ਅਸਲ ਵਿੱਚ ਇਹ ਸਾਹਿਤ ਦੇ ਵੱਖੋ ਵੱਖਰੇ ਰੂਪ ਹਨ। ਜੇ ਇਸ ਸਾਰੀ ਕਵਿਤਾ ਨੂੰ ਇੱਕੋ ਖਾਨੇ ਵਿੱਚ ਰੱਖੀਏ ਤਾਂ ਅਸੀਂ ਕਿਸੇ ਨਤੀਜੇ ਤੇ ਨਹੀਂ ਪਹੁੰਚ ਸਕਦੇ। ਮਿਸਾਲ ਦੇ ਤੌਰ ਤੇ ਗੁਰਬਾਣੀ, ਸੂਫੀ ਕਾਵਿ ਤੇ ਕਿੱਸਾ ਕਾਵਿ ਵੀ ਕਵਿਤਾ ਦੇ ਘੇਰੇ ਵਿੱਚ ਹਨ। ਇਨਾਂ ਨੂੰ ਪੜਨ ਸੁਣਨ ਵਾਲੇ ਤਾਂ ਲੱਖਾਂ ਹਨ ਅਤੇ ਅੱਜ ਵੀ ਇਨਾਂ ਦੀਆਂ ਪੁਸਤਕਾਂ ਦੀ ਵਿਕਰੀ ਬਹੁਤ ਵੱਡੀ ਗਿਣਤੀ ਵਿੱਚ ਹੈ। ਇਸ ਦੇ ਅਧਾਰ ਤੇ ਕੋਈ ਕਿਵੇਂ ਕਹਿ ਸਕਦਾ ਹੈ ਕਿ ਕਵਿਤਾ ਪੜਨ ਵਾਲਿਆਂ ਦੀ ਗਿਣਤੀ ਘੱਟ ਹੈ। ਆਧੁਨਿਕ ਕਵਿਤਾ ਵਿੱਚੋਂ ਵੀ ਸ਼ਿਵ ਕੁਮਾਰ ਅਜਿਹਾ ਸ਼ਾਇਰ ਹੈ ਜਿਸ ਦੀਆਂ ਸਾਰੀਆਂ ਕਿਤਾਬਾਂ ਦੀ ਕੁਲ ਸਲਾਨਾ ਵਿਕਰੀ ਅੱਜ ਵੀ 15 ਤੋਂ 20 ਹਜ਼ਾਰ ਕਾਪੀਆਂ ਰਹਿੰਦੀ ਹੈ। ਸੁਰਜੀਤ ਪਾਤਰ ਦੀਆਂ ਸਾਰੀਆਂ ਕਿਤਾਬਾਂ ਦੀ ਕੁਲ ਸਲਾਨਾ ਵਿਕਰੀ 5 ਤੋਂ 6 ਹਜ਼ਾਰ ਕਾਪੀਆਂ ਤੱਕ ਚਲੇ ਜਾਂਦੀ ਹੈ। ਇਸ ਮਾਮਲੇ ਵਿੱਚ ਇੱਕ ਅਨੋਖੀ ਮਿਸਾਲ ਸੁਖਵਿੰਦਰ ਅੰਮ੍ਰਿਤ ਦੀ ਹੈ। ਉਹ ਨਵੀਂ ਸ਼ਾਇਰਾ ਹੈ, ਉਸਦੀਆਂ ਕਿਤਾਬਾਂ ਦੀ ਸਲਾਨਾ ਵਿਕਰੀ 5 ਹਜ਼ਾਰ ਕਾਪੀਆਂ ਨੂੰ ਪਹੁੰਚ ਜਾਂਦੀ ਹੈ। ਇਸ ਤੋਂ ਬਾਅਦ ਰਾਜਨੀਤਕ ਲਹਿਰਾਂ ਨਾਲ ਜੁੜੇ ਸ਼ਾਇਰ ਆਉਂਦੇ ਹਨ। ਇਨਾਂ ਸ਼ਾਇਰਾਂ ਨੂੰ ਇਨਾਂ ਦੀਆਂ ਲਹਿਰਾਂ ਦਾ ਇੱਕ ਬਹੁਤ ਵੱਡਾ ਪਲੇਟਫਾਰਮ ਮਿਲਿਆ। ਪਾਸ਼ ਦੀਆਂ ਕਿਤਾਬਾਂ ਦੇ ਸਾਰੇ ਟਾਈਟਲਾਂ ਦੀ 4 ਤੋਂ 5 ਹਜ਼ਾਰ ਕਾਪੀ ਹਰ ਸਾਲ ਵਿਕਦੀ ਹੈ। ਦੂਜੇ ਪਾਸੇ ਪੌਪੂਲਰ ਗਾਇਕਾਂ ਦੇ ਗੀਤਾਂ ਦੀਆਂ ਕਿਤਾਬਾਂ ਹਨ। ਗੁਰਦਾਸ ਮਾਨ, ਅਮਰ ਸਿੰਘ ਚਮਕੀਲਾ ਜਾਂ ਬਾਬੂ ਸਿੰਘ ਮਾਨ ਦੇ ਗੀਤਾਂ ਦੀਆਂ ਕਿਤਾਬਾਂ ਦੀ ਗਿਣਤੀ ਲੱਖ ਦੇ ਅੰਕੜੇ ਨੂੰ ਵੀ ਛੁਹ ਜਾਂਦੀ ਸੀ। ਦੂਜੇ ਪਾਸੇ ਗੰਭੀਰ ਕਿਸਮ ਦੀ ਕਵਿਤਾ ਲਿਖਣ ਵਾਲੇ ਕਵੀਆਂ ਪ੍ਰੋ ਪੂਰਨ ਸਿੰਘ, ਅੰਮ੍ਰਿਤਾ ਪ੍ਰੀਤਮ, ਮੀਸ਼ਾ, ਦੇਵ, ਸਤੀ ਕੁਮਾਰ, ਹਰਨਾਮ ਵਰਗੇ ਸ਼ਾਇਰਾਂ ਦੀ ਕੁਲ ਮਿਲਾਕੇ 500 ਕਾਪੀ ਵੀ ਸਾਲ ਵਿੱਚ ਨਹੀਂ ਵਿਕਦੀ। ਕੁੱਝ ਲੋਕ ਕਵਿਤਾ ਦਾ ਮੁਲਾਂਕਣ ਨਿੱਜਮੁਖੀ ਜਿਹੀਆਂ ਧਾਰਨਾਵਾਂ ਦੇ ਅਧਾਰ ਤੇ ਵੀ

ਕਰਦੇ ਹਨ। ਮਿਸਾਲ ਦੇ ਤੌਰ ਤੇ ਉਹ ਕਹਿੰਦੇ ਹਨ ਕਿ ਕੁੱਝ ਕਵੀ ਚੰਗੇ ਹਨ ਅਤੇ ਕੁੱਝ ਮਾੜੇ। ਅੱਗੇ ਫੇਰ ਉਹ ਆਪਣੀ ਇਸੇ ਧਾਰਨਾ ਦੇ ਅਧਾਰ ਤੇ ਇਹ ਦਲੀਲ ਕਢ ਲੈਂਦੇ ਹਨ ਕਿ ਚੰਗੀ ਕਵਿਤਾ ਵਿਕਦੀ ਹੈ, ਮਾੜੀ ਨਹੀਂ। ਜਾਂ ਇਸ ਤੋਂ ਬਿਲਕੁਲ ਉਲਟ ਦਲੀਲ ਵੀ ਬਣਾ ਸਕਦੇ ਹਨ ਤੇ ਕਹਿ ਸਕਦੇ ਹਨ ਕਿ ਚੰਗੀ ਕਵਿਤਾ ਥੋੜੇ ਲੋਕ ਹੀ ਪੜਦੇ ਹੁੰਦੇ ਹਨ, ਹਲਕੀ ਕਵਿਤਾ ਜ਼ਿਆਦਾ ਪੌਪੂਲਰ ਹੁੰਦੀ ਹੈ। ਅਜਿਹਾ ਤਰਕ ਵੀ ਸਾਨੂੰ ਕਿਸੇ ਕੰਢੇ ਨਹੀਂ ਲਾਉਂਦਾ। ਪ੍ਰੋਫੈਸਰ ਪੂਰਨ ਸਿੰਘ ਜੇ ਘੱਟ ਪੜ੍ਹੇ ਜਾਂਦੇ ਹਨ ਤਾਂ ਇਸ ਨਾਲ ਉਹ ਛੋਟੇ ਸ਼ਾਇਰ ਨਹੀਂ ਬਣ ਜਾਂਦੇ। ਇਸੇ ਤਰਾਂ ਬਾਬੂ ਸਿੰਘ ਮਾਨ ਜੇ ਬਹੁਤ ਵਿਕ ਸਕਦੇ ਹਨ ਤਾਂ ਇਸ ਨਾਲ ਉਹ ਵੱਡੇ ਸ਼ਾਇਰ ਨਹੀਂ ਬਣ ਸਕਦੇ। ਇਸੇ ਤਰਾਂ ਸ਼ਿਵ ਕੁਮਾਰ ਇਸ ਕਰਕੇ ਪਾਤਰ ਨਾਲੋਂ ਵੱਡੇ ਸ਼ਾਇਰ ਨਹੀਂ ਹੋ ਸਕਦੇ ਕਿ ਉਹ ਜ਼ਿਆਦਾ ਵਿਕਦੇ ਹਨ।

ਸਾਡੇ ਸਾਹਿਤਕ ਦਾਇਰਿਆਂ ਵਿੱਚ ਅਜੇ ਵੀ ਬਹੁਤ ਸਾਰੇ ਲੋਕ ਅਜਿਹੇ ਹਨ, ਜਿਨਾਂ ਨੇ ਇਸ ਬੁਨਿਆਦੀ ਤੱਥ ਨੂੰ ਸਵੀਕਾਰ ਨਹੀਂ ਕੀਤਾ ਕਿ ਪੜ੍ਹਨ ਵਾਲੀ ਕਵਿਤਾ ਤੇ ਸੁਣਨ ਵਾਲੀ ਕਵਿਤਾ ਦੋ ਵੱਖਰੀਆਂ ਵਿਧਾਵਾਂ ਬਣ ਚੁੱਕੀਆਂ ਹਨ। ਜਿਹੜੇ ਪੜ੍ਹੀ ਜਾਣ ਵਾਲੀ ਕਵਿਤਾ ਦੀ ਗੰਭੀਰਤਾ ਦੇ ਕਾਇਲ ਹਨ, ਉਹ ਸੁਣੀ ਜਾਣ ਵਾਲੀ ਕਵਿਤਾ ਨੂੰ ਕਵਿਤਾ ਮੰਨਣ ਲਈ ਤਿਆਰ ਨਹੀਂ ਹਨ ਅਤੇ ਜਿਹੜੇ ਪੜੀ/ ਸੁਣੀ ਜਾਣ ਵਾਲੀ ਕਵਿਤਾ ਦੇ ਵਿਆਪਕ ਅਸਰ ਤੇ ਪ੍ਰਗੀਤਕਤਾ ਦੇ ਪ੍ਰਸ਼ੰਸਕ ਹਨ, ਉਹ ਪੜੀ ਜਾਣ ਵਾਲੀ ਕਵਿਤਾ ਨੂੰ ਕਵਿਤਾ ਹੀ ਨਹੀਂ ਮੰਨਦੇ। ਉਹ ਅਜੇ ਵੀ ਖੁਲ੍ਹੀ ਕਵਿਤਾ ਜਾਂ ਛੰਦ ਬੱਧ ਕਵਿਤਾ ਦੀ ਬਹਿਸ ਵਿੱਚ ਉਲਝੇ ਹਨ।

ਇਸ ਸਮੁਚੀ ਚਰਚਾ ਤੋਂ ਪ੍ਰਤੱਖ ਹੁੰਦਾ ਹੈ ਕਿ ਵਾਸਤਵ ਵਿੱਚ ਹਰ ਤਰਾਂ ਦੀ ਕਵਿਤਾ ਦਾ ਆਪਣਾ ਪਾਠਕ ਵਰਗ, ਸਥਾਨ ਤੇ ਮਹੱਤਵ ਹੈ। ਕਿਸ ਤਰਾਂ ਦੇ ਕਵੀ ਜ਼ਿਆਦਾ ਪੌਪੂਲਰ ਹੋ ਜਾਂਦੇ ਹਨ ਜਾਂ ਕਿਸ ਤਰਾਂ ਦੇ ਕਵੀਆਂ ਦੀਆਂ ਕਿਤਾਬਾਂ ਜ਼ਿਆਦਾ ਵਿਕਦੀਆਂ ਹਨ, ਉਸ ਦਾ ਸਬੰਧ ਉਸ ਸਮਾਜ ਦੇ ਸਮੁਚੇ ਮਹੌਲ ਨਾਲ ਹੈ। ਮਿਸਾਲ ਦੇ ਤੌਰ ਤੇ ਜੇ ਪੰਜਾਬੀ ਵਿੱਚ ਨਕਸਲੀ ਲਹਿਰ ਦਾ ਅਸਰ ਨਾ ਰਿਹਾ ਹੁੰਦਾ ਤਾਂ ਪਾਸ਼ ਨੇ ਐਨਾ ਮਸ਼ਹੂਰ ਨਹੀਂ ਸੀ ਹੋਣਾ, ਬਾਵਜੂਦ ਇਸਦੇ ਕਿ ਉਹ ਉੱਚ ਪਾਏ ਦਾ ਕਵੀ ਸੀ। ਇਸੇ ਤਰਾਂ ਦੇ ਕਿੰਨੇ ਹੀ ਪਹਿਲੂ ਹਰ ਕਵੀ ਦੀ ਕਵਿਤਾ ਜਾਂ ਹਰ ਤਰਾਂ ਦੀ ਕਵਿਤਾ ਤੇ ਲਾਗੂ ਹੁੰਦੇ ਹਨ। ਕਵਿਤਾ ਦੇ ਮੁਲਾਂਕਣ ਲਈ ਅਸੀਂ ਆਮ ਕਰਕੇ ਜਿਹੜੇ ਪੈਮਾਨੇ ਅਪਣਾ ਰਹੇ ਹਾਂ, ਉਹ ਸਾਨੂੰ ਕਿਸੇ ਕੰਢੇ ਨਹੀਂ ਲਾ ਰਹੇ। ਕਵਿਤਾ ਦੀ ਤਾਕਤ ਜਾਂ ਮਹੱਤਵ ਨਾ ਅਸੀਂ ਕਵਿਤਾ ਦੀਆਂ ਕਿਤਾਬਾਂ ਦੀ ਵਿੱਕਰੀ ਤੋਂ ਲਾ ਸਕਦੇ ਹਾਂ ਅਤੇ ਨਾ ਹੀ ਇਸ ਗੱਲ ਤੋਂ ਕਿ ਕਵਿਤਾ ਕਵੀਆਂ ਦੇ ਗੁਜ਼ਾਰੇ ਦਾ ਸਾਧਨ ਬਣਦੀ ਹੈ ਜਾਂ ਨਹੀਂ। ਕਵਿਤਾ ਦੇ ਸਿਰ ਤੇ ਗੁਜ਼ਾਰਾ ਤਾਂ ਅਮਰੀਕਾ ਜਾਂ ਇੰਗਲੈਂਡ ਦੇ ਇੰਗਲਿਸ਼ ਕਵੀਆਂ ਦਾ ਵੀ ਨਹੀਂ ਚੱਲਦਾ, ਪੰਜਾਬੀ ਕਵੀਆਂ ਦੀ ਮਾਰਕੀਟ ਤਾਂ ਉਸ ਮੁਕਾਬਲੇ ਬਹੁਤ ਹੀ ਥੋੜੀ ਹੈ। ਨਾ ਹੀ ਲੋਕਪ੍ਰਿਯਤਾ ਜਾਂ ਮਸ਼ਹੂਰੀ ਕਿਸੇ ਕਵਿਤਾ ਦੀ ਤਾਕਤ ਦਾ ਪ੍ਰਮਾਣ ਹੈ। ਕਵਿਤਾ ਦੀ ਤਾਕਤ ਅਸਲ ਵਿੱਚ ਕਿਤੇ ਹੋਰ ਹੈ। ਜਾਂ ਇਹ ਵੀ ਕਹਿ ਸਕਦੇ ਹਾਂ ਕਿ ਕਵਿਤਾ ਦੀ ਤਾਕਤ ਕਵਿਤਾ ਦੇ ਅੰਦਰ ਹੀ ਹੈ। ਉਸ ਨੂੰ ਪਛਾਣੇ ਬਗੈਰ ਸਮਾਜ ਅਤੇ ਜ਼ਿੰਦਗੀ ਵਿੱਚ ਕਵਿਤਾ ਦਾ ਸਥਾਨ ਤੇ ਮਹੱਤਵ ਸਮਝ ਨਹੀਂ ਆ ਸਕਦਾ। ਇੱਕ ਗੱਲ ਮੰਨਕੇ ਚੱਲਣੀ ਚਾਹੀਦੀ ਹੈ ਕਿ ਗੰਭੀਰ ਕਵਿਤਾ, ਗੰਭੀਰ ਕਲਾ ਤੇ ਦਰਸ਼ਨ ਦਾ ਘੇਰਾ ਹਰ ਸਮਾਜ ਵਿੱਚ ਹੀ ਸੀਮਤ ਹੁੰਦਾ ਹੈ। ਇਨਾਂ ਦੀ ਤੁਲਨਾ ਪੌਪ ਕਲਚਰ ਦੇ ਮਾਧਿਅਮਾਂ ਨਾਲ ਨਹੀਂ ਕੀਤੀ ਜਾ ਸਕਦੀ। ਭਗਵਤ ਗੀਤਾ ਨੂੰ ਵੀ ਸਿਰਫ ਗਿਆਨ ਦੀ ਭੁਖ ਕਾਰਨ ਐਨੇ ਲੋਕ ਕਦੇ ਨਾ ਪੜਦੇ, ਜੇ ਉਸ ਦਾ ਸਬੰਧ ਕ੍ਰਿਸ਼ਨ ਜਿਹੇ ਪੈਗੰਬਰ ਨਾਲ ਨਾ ਹੁੰਦਾ। ਗਿਆਨ ਪੱਖੋਂ ਅਸ਼ਟਵਕਰ ਗੀਤਾ ਵੀ ਦੁਨੀਆ ਦੇ ਸਭ ਤੋਂ ਉਚੇ ਗ੍ਰੰਥਾਂ ਵਿੱਚ ਗਿਣੀ ਜਾਂਦੀ ਹੈ। ਪਰ ਉਸ ਨੂੰ ਪੜਨ ਵਾਲੇ ਬਹੁਤ ਥੋੜੇ ਹਨ। ਵੇਦ ਮਾਨਵੀ ਗਿਆਨ ਦਾ ਸਿਖਰ ਹਨ, ਪਰ ਉਨਾਂ ਦੀ ਕੋਈ ਪੌਪੂਲਰ ਮਾਰਕੀਟ ਨਹੀਂ ਹੈ।

ਕਵਿਤਾ ਬਾਰੇ ਇੱਕ ਆਮ ਗੱਲ ਇਹ ਕਹੀ ਜਾਂਦੀ ਹੈ ਕਿ ਇਹ ਇਸ ਕਰਕੇ ਲੋਕਪ੍ਰਿਯ ਨਹੀਂ ਹੁੰਦੀ ਕਿਉਂਕਿ ਇਹ

ਸਮਝ ਨਹੀਂ ਆਉਂਦੀ ਜਾਂ ਸਮਝਣੀ ਔਖੀ ਹੈ। ਕਵਿਤਾ ਦਾ ਸਮਝ ਆਉਣਾ ਜਾਂ ਨਾ ਆਉਣਾ ਇੱਕ ਅਜੀਬ ਬੁਝਾਰਤ ਹੈ। ਇਹ ਬੁਝਾਰਤ ਵੀ ਅਸਲ ਵਿੱਚ ਕੁੱਝ ਗਲਤ ਧਾਰਨਾਵਾਂ ਦੇ ਅਧਾਰ ਤੇ ਹੀ ਬਣੀ ਹੈ। ਇਸ ਗੱਲ ਨੂੰ ਸਮਝਣ ਲਈ ਮੈਂ ਕੁੱਝ ਲੋਕਾਂ ਤੇ ਇੱਕ ਛੋਟਾ ਸਰਵੇਖਣ ਕੀਤਾ। ਇਹ ਸਾਰੇ ਲੋਕ ਸਾਹਿਤ ਦੇ ਸਧਾਰਨ ਪਾਠਕ ਸਨ। ਕੁੱਝ ਥੋੜਾ ਬਹੁਤ ਲਿਖਦੇ ਵੀ ਸਨ। ਮੈਂ ਆਪਣੇ ਕੋਲ ਕਵਿਤਾ ਦੇ ਕੁੱਝ ਨਮੂਨੇ ਲੈ ਲਏ। ਇਨਾਂ ਵਿੱਚ ਕੁਝ ਸਤਰਾਂ ਗੁਰਬਾਣੀ ਵਿੱਚੋਂ ਸਨ। ਕੁੱਝ ਸਤਰਾਂ ਭਗਵਤ ਗੀਤਾ ਦੀਆਂ ਸਨ। ਕੁੱਝ ਗਾਲਿਬ ਦੇ ਸ਼ੇਅਰ ਸਨ। ਕੁੱਝ ਸਤਰਾਂ ਸ਼ਿਵ ਕੁਮਾਰ, ਪਾਸ਼ ਤੇ ਪਾਤਰ ਦੀਆਂ ਸਨ। ਇਸੇ ਤਰਾਂ ਕੁੱਝ ਸਤਰਾਂ ਗੁਲਜ਼ਾਰ ਦੀਆਂ ਵੀ ਲਈਆਂ। ਗੁਰਬਾਣੀ ਤੇ ਭਗਤਵ ਗੀਤਾ ਧਾਰਮਿਕ ਗ੍ਰੰਥ ਹਨ। ਇਨਾਂ ਨੂੰ ਪੜਨ ਵਾਲਿਆਂ ਦੀ ਗਿਣਤੀ ਦਾ ਕੋਈ ਅੰਤ ਨਹੀਂ। ਭਾਰਤ ਦੀ ਉਰਦੂ ਸ਼ਾਇਰੀ ਵਿੱਚ ਗਾਲਿਬ ਤੋਂ ਵੱਡਾ ਹੋਰ ਕੋਈ ਨਾਂ ਨਹੀਂ। ਜਿਹੜੇ ਲੋਕਾਂ ਨੇ ਸ਼ਾਇਦ ਸ਼ਾਇਰੀ ਦੀ ਕੋਈ ਇੱਕ ਕਿਤਾਬ ਵੀ ਪੜੀ ਨਹੀਂ ਹੁੰਦੀ, ਉਹ ਵੀ ਗਾਲਿਬ ਦਾ ਨਾਂ ਜਾਣਦੇ ਹੁੰਦੇ ਹਨ। ਸ਼ਿਵ ਕੁਮਾਰ ਤੇ ਪਾਤਰ ਸਾਡੇ ਬਹੁਤ ਚਰਚਿਤ ਤੇ ਮਸ਼ਹੂਰ ਨਾਂ ਹਨ। ਗੁਲਜ਼ਾਰ ਫਿਲਮਾਂ ਲਈ ਗੀਤ ਲਿਖਦੇ ਹਨ। ਉਨਾਂ ਦੇ ਨਾਂ ਤੋਂ ਬੱਚਾ ਬੱਚਾ ਵਾਕਫ ਹੈ। ਜਿਹੜੀਆਂ ਸਤਰਾਂ ਮੈਂ ਚੁਣੀਆਂ ਸਨ, ਉਹ ਜ਼ਰਾ ਕੁ ਗੰਭੀਰ ਕਿਸਮ ਦੀਆਂ ਸਨ। ਮੈਂ ਇਸ ਸਬੰਧੀ ਕੋਈ ਵੀਹ ਕੁ ਲੋਕਾਂ ਨਾਲ ਗੱਲਬਾਤ ਕੀਤੀ। ਇਨਾਂ ਵੀਹਾਂ ਵਿੱਚੋਂ ਮੁਸ਼ਕਲ ਨਾਲ ਦੋ ਚਾਰ ਕੁ ਹੀ ਅਜਿਹੇ ਸੱਜਣ ਸਨ, ਜਿਨਾਂ ਨੇ ਇਨਾਂ ਸਾਰੀਆਂ ਸਤਰਾਂ ਦੀ ਕੁੱਝ ਨਾ ਕੁਝ ਤਸੱਲੀਬਖਸ਼ ਵਿਆਖਿਆ ਦਿੱਤੀ ਹੋਵੇ। ਚਾਹੇ ਗੁਰਬਾਣੀ ਤੇ ਭਗਤਵ ਗੀਤਾ ਜਿਹੇ ਗ੍ਰੰਥ ਹੋਣ ਅਤੇ ਚਾਹੇ ਦੂਸਰੇ ਆਧੁਨਿਕ ਸ਼ਾਇਰ, ਇਨਾਂ ਸਭ ਦੀਆਂ ਕੁੱਝ ਕੁੱਝ ਸਤਰਾਂ ਹੀ ਹੁੰਦੀਆਂ ਹਨ, ਜਿਹੜੀਆਂ ਸਾਰੇ ਲੋਕਾਂ ਨੂੰ ਐਨੀ ਕੁ ਚੰਗੀ ਤਰਾਂ ਸਮਝ ਆਉਂਦੀਆਂ ਹਨ ਕਿ ਉਹ ਉਸ ਦੀ ਕੋਈ ਵਿਆਖਿਆ ਕਰ ਸਕਦੇ ਹਨ। ਬਹੁਤ ਹਿੱਸਾ ਅਜਿਹਾ ਹੁੰਦਾ ਹੈ, ਜਿਸ ਬਾਰੇ ਸਾਹਿਤ ਦੇ ਗੰਭੀਰ ਪਾਠਕ ਵੀ ਭੰਬਲਭੂਸੇ ਵਿੱਚ ਹੁੰਦੇ ਹਨ। ਕਾਫੀ ਹਿੱਸਾ ਅਜਿਹਾ ਵੀ ਹੁੰਦਾ ਹੈ, ਜਿਸ ਦੀ ਵਿਆਖਿਆ ਬਾਰੇ ਸਾਹਿਤ ਅਲੋਚਕ ਵੀ ਇਕਮਤ ਨਹੀਂ ਹੁੰਦੇ। ਜਿਸ ਅਰਥ ਵਿੱਚ ਕਵਿਤਾ ਦੇ ਸਮਝ ਆਉਣ ਜਾਂ ਨਾ ਆਉਣ ਦੀ ਗੱਲ ਸਾਹਿਤ ਦੇ ਸਧਾਰਨ ਪਾਠਕ ਕਰਦੇ ਹਨ, ਉਸ ਅਰਥ ਵਿੱਚ ਪ੍ਰੋ ਪੂਰਨ ਸਿੰਘ ਦੀ 'ਪੰਜਾਬ ਵਸਦਾ ਗੁਰਾਂ ਦੇ ਨਾਂ ਤੇ' ਵਾਲੀ ਸਤਰ ਹੀ ਜਿਆਦਾ ਲੋਕਾਂ ਨੂੰ ਸਮਝ ਆਈ ਹੁੰਦੀ ਹੈ। ਇਸੇ ਤਰਾਂ ਅੰਮ੍ਰਿਤਾ ਪ੍ਰੀਤਮ ਦੀ 'ਅੱਜ ਆਖਾਂ ਵਾਰਸ਼ ਸ਼ਾਹ ਨੂੰ' ਤੇ ਪਾਤਰ ਦੀ 'ਲੱਗੀ ਨਜ਼ਰ ਪੰਜਾਬ ਨੂੰ' ਸਾਰਿਆਂ ਦੇ ਸਮਝ ਆਈ ਹੁੰਦੀ ਹੈ। ਸ਼ਿਵ ਕੁਮਾਰ ਦੇ ਗੀਤਾਂ ਦੀਆਂ ਵੀ ਕੁੱਝ ਗਿਣੀਆ ਚੁਣੀਆਂ ਸਤਰਾਂ ਹਨ, ਜਿਹੜੀਆਂ ਹਰ ਕਿਸੇ ਨੂੰ ਸਮਝ ਆਉਂਦੀਆਂ ਹਨ। ਕਵਿਤਾ ਨੂੰ ਸਮਝਣਾ ਇੱਕ ਨਿਰੰਤਰ ਸਿਲਸਿਲਾ ਹੈ। ਕਵਿਤਾ ਨੂੰ ਸਮਝਣਾ ਅਸਲ ਵਿੱਚ ਉਸੇ ਤਰਾਂ ਹੈ ਜਿਵੇਂ ਕਲਾਸੀਕਲ ਸੰਗੀਤ ਜਾਂ ਗੰਭੀਰ ਚਿੱਤਰਕਾਰੀ ਨੂੰ ਸਮਝਣਾ ਹੈ। ਗੰਭੀਰ ਕਲਾ ਜਾਂ ਦਰਸ਼ਨ ਰਸਗੁੱਲੇ ਖਾਣ ਵਰਗੀ ਪ੍ਰਕਿਰਿਆ ਨਹੀਂ ਹੋ ਸਕਦੀ। ਇਨਾਂ ਲਈ ਇੱਕ ਕਲਚਰਲ ਟਰੇਨਿੰਗ ਦੀ ਲੋੜ ਰਹੇਗੀ। ਜਿਸ ਤਰੀਕੇ ਨਾਲ ਵਾਰਤਕ ਦੇ ਫਿਕਰੇ ਸਮਝੇ ਜਾਂਦੇ ਹਨ, ਉਸ ਤਰੀਕੇ ਨਾਲ ਕਵਿਤਾ ਨੂੰ ਸਮਝਣ ਦੀ ਗੱਲ ਕਰਨਾ ਇੱਕ ਬਹੁਤ ਵੱਡੀ ਭ੍ਰਾਂਤੀ ਹੈ। ਇਹ ਉਸੇ ਤਰਾਂ ਦੀ ਗੱਲ ਹੈ, ਜਿਵੇਂ ਕੋਈ ਵਾਦਨ ਸੰਗੀਤ ਦੀ ਵਿਆਖਿਆ ਪੁੱਛੇ।

ਕਵਿਤਾ ਬਾਰੇ ਭੰਬਲਭੂਸਾ ਇਸ ਕਰਕੇ ਪੈ ਜਾਂਦਾ ਹੈ ਕਿਉਂਕਿ ਇਸ ਦਾ ਮਾਧਿਅਮ ਆਮ ਸ਼ਬਦ ਹੀ ਹਨ। ਪਰ ਵਾਸਤਵ ਵਿੱਚ ਕਵਿਤਾ ਇੱਕ ਵੱਖਰੀ ਭਾਸ਼ਾ ਹੈ। ਫਰੈਂਚ ਕਵੀ ਪਾਲ ਵਲੇਰੀ ਨੇ ਕਵਿਤਾ ਦੀ ਪਰਿਭਾਸ਼ਾ ਦਿੰਦਿਆਂ ਕਿਤੇ ਲਿਖਿਆ ਹੈ ਕਿ ਕਵਿਤਾ ਭਾਸ਼ਾ ਅੰਦਰ ਇਕ ਹੋਰ ਭਾਸ਼ਾ ਹੁੰਦੀ ਹੈ। ਕਵਿਤਾ ਵਿੱਚ ਖਿਆਲ, ਭਾਵ, ਦ੍ਰਿਸ਼, ਅਕਾਰ ਤੇ ਧੁਨ ਦੀ ਤਾਕਤ ਇਕੱਠੀ ਹੋਈ ਹੁੰਦੀ ਹੈ। ਇਹ ਵਾਸਤਵ ਵਿੱਚ ਕਿਵੇਂ ਅਸਰ ਕਰਦੀ ਹੈ, ਉਸ ਦੇ ਸਾਰੇ ਰਹੱਸ ਖੋਲਣੇ ਸੰਭਵ ਨਹੀਂ ਹਨ। ਕੁੱਝ ਲੋਕਾਂ ਨੇ ਇਹ ਸਮਝਣ ਦੀ ਕੋਸ਼ਿਸ਼ ਕੀਤੀ ਕਿ ਚੁਟਕਲਾ ਕਿਵੇਂ ਕੰਮ ਕਰਦਾ ਹੈ। ਚੁਟਕਲੇ ਨਾਲ ਹਾਸਾ ਕਿਉਂ ਆਉਂਦਾ ਹੈ। ਭਾਵੇਂ ਇਸ ਦੀ ਕੁੱਝ ਵਿਆਖਿਆ ਕੀਤੀ ਜਾਂਦੀ ਹੈ। ਪਰ ਅਸਲ ਵਿੱਚ

ਇਸ ਰਹੱਸ ਨੂੰ ਵੀ ਕੋਈ ਪੂਰੀ ਤਰਾਂ ਨਹੀਂ ਖੋਲ ਸਕਿਆ। ਕਵਿਤਾ ਦਾ ਰਹੱਸ ਇਸ ਤੋਂ ਕਿਤੇ ਗਹਿਰਾ ਹੈ। ਸ੍ਰੀ ਸ੍ਰੀ ਰਵੀ ਸ਼ੰਕਰ ਕਹਿੰਦੇ ਹਨ ਕਿ ਇਹ ਰਹੱਸ ਕਦੇ ਵੀ ਨਹੀਂ ਖੁਲ੍ਹੇਗਾ ਕਿ ਮੰਤਰ ਕਿਵੇਂ ਅਸਰ ਕਰਦੇ ਹਨ। ਕਵਿਤਾ ਦਾ ਰਹੱਸ ਕੁੱਝ ਅਜਿਹਾ ਹੀ ਹੈ। ਕਵਿਤਾ ਦੇ ਸਰੀਰ ਦੀ ਜੋ ਮੂਲ ਸਮੱਗਰੀ ਹੈ, ਉਹ ਹੋਂਦ ਦੇ ਕਿਸੇ ਦੂਸਰੇ ਪਸਾਰ ਜਾਂ ਅਯਾਮ ਦੇ ਪਦਾਰਥ ਹਨ। ਕੁੱਝ ਲੋਕ ਇਨਾਂ ਨੂੰ ਚੌਥੇ, ਪੰਜਵੇਂ ਜਾਂ ਛੇਵੇਂ ਪਸਾਰ ਕਹਿੰਦੇ ਹਨ। ਇਨਸਾਨ ਹੋਂਦ ਦੇ ਜਿਸ ਪੱਧਰ ਤੇ ਰਹਿੰਦਾ ਹੈ, ਉਸਦਾ ਅਨੁਭਵ ਸਿਰਫ ਤਿੰਨ ਪਸਾਰੀ ਹੈ। ਕੁੱਝ ਲੋਕਾਂ ਦਾ ਕਹਿਣਾ ਹੈ ਕਿ ਇਨਸਾਨੀ ਅਨੁਭਵ ਵਿੱਚ ਇਸੇ ਕਰਕੇ ਇਲਹਾਮ ਦਾ ਸੰਕਲਪ ਆਇਆ। ਦੂਸਰੇ ਪਸਾਰਾਂ ਤੋਂ ਆਇਆ ਗਿਆਨ ਹੀ ਇਲਹਾਮ ਕਿਹਾ ਜਾਂਦਾ ਹੈ। ਇਹ ਸਿਰਫ ਕਵਿਤਾ ਵਿੱਚ ਨਹੀਂ ਹੁੰਦਾ ਬਲਕਿ ਸਮੁਚੇ ਆਰਟ ਵਿੱਚ ਮੌਜੂਦ ਰਹਿੰਦਾ ਹੈ। ਇਹ ਪਹਿਲੂ ਰਹੱਸਮਈ ਬਣਿਆ ਰਹੇਗਾ। ਇਸੇ ਕਰਕੇ ਕਵਿਤਾ ਲਿਖਣਾ ਜਾਂ ਸੱਚੀ ਕਲਾ ਪੈਦਾ ਕਰਨਾ ਸਾਧਨਾ ਵਰਗੀ ਪ੍ਰਕਿਰਿਆ ਰਹਿੰਦਾ ਹੈ। ਕਵੀਆਂ ਲਈ ਕਵਿਤਾ ਲਿਖਣਾ ਜੇ ਪ੍ਰੋਫੈਸ਼ਨ ਨਹੀਂ ਬਣਦਾ ਤਾਂ ਇਸ ਨੂੰ ਸਰਾਪ ਨਹੀਂ ਸਮਝਣਾ ਚਾਹੀਦਾ ਬਲਕਿ ਇਹ ਇੱਕ ਨੇਅਮਤ ਹੈ। ਅਸਲੀਅਤ ਇਹ ਹੈ ਕਿ ਕਸਬੀ ਹੋਕੇ ਸੁਹਿਰਦ ਕਵਿਤਾ ਲਿਖੀ ਹੀ ਨਹੀਂ ਜਾ ਸਕੇਗੀ। ਇਹ ਮੁਹੱਬਤ ਜਾਂ ਸਾਧਨਾ ਕਰਨ ਵਾਲੀ ਗੱਲ ਹੈ। ਮੁਹੱਬਤ ਤੇ ਸਾਧਨਾ ਪ੍ਰੋਫੈਸ਼ਨ ਨਹੀਂ ਹੋ ਸਕਦੇ। ਕਵਿਤਾ ਇਨਸਾਨੀ ਮਨ ਜਾਂ ਵਜੂਦ ਅੰਦਰਲੀਆਂ ਖੁਬਸੂਰਤ ਤਹਿਆਂ ਦੀ ਤਲਾਸ਼ ਹੈ। ਇਹ ਜਿੰਦਗੀ ਦੇ ਲੁਪਤ ਹੋਏ ਜਾਂ ਦੱਬੇ ਹੋਏ ਖੁਬਸੂਰਤ ਬਿੰਦੂਆਂ ਨੂੰ ਹਿਲਾਉਣਾ, ਸਹਿਲਾਉਣਾ ਤੇ ਜਗਾਉਣਾ ਹੈ, ਜਿਵੇਂ ਐਕਯੂਪ੍ਰੈਸ਼ਰ ਬਿੰਦੂਆਂ ਨੂੰ ਦਬਾਇਆ ਜਾਂਦਾ ਹੈ। ਵਾਸਤਵ ਵਿੱਚ ਸਮੁਚੀ ਕਲਾ ਹੀ ਸਾਧਨਾ ਦੀ ਤਰਾਂ ਆਤਮਿਕ ਵਿਕਾਸ ਦਾ ਮਾਧਿਅਮ ਹੈ। ਕਵਿਤਾ ਵੀ ਇਸੇ ਤਰਾਂ ਦਾ ਇੱਕ ਅਤਿ ਸੰਵੇਦਨਸ਼ੀਲ ਮਾਧਿਅਮ ਹੈ। (ਇਹ ਵੱਖਰੀ ਗੱਲ ਹੈ ਕਿ ਆਧੁਨਿਕ ਆਰਟ ਆਤਮਿਕ ਵਿਕਾਸ ਦੀ ਉਸ ਤਰਾਂ ਦੀ ਸਾਇੰਸ ਨਹੀਂ ਰਹੀ, ਜਿਸ ਤਰਾਂ ਦੀ ਪੁਰਾਤਨ ਯੁੱਗ ਵਿੱਚ ਸੀ। ਉਹ ਇੱਕ ਵੱਖਰਾ ਪਹਿਲੂ ਹੈ, ਜਿਸ ਦੀ ਚਰਚਾ ਕਿਤਾਬ ਦੇ ਆਖਰੀ ਭਾਗ ਵਿੱਚ ਕੀਤੀ ਗਈ ਹੈ)

ਇਹ ਦੇਖਿਆ ਗਿਆ ਹੈ ਕਿ ਸਾਰੇ ਵੱਡੇ ਆਧੁਨਿਕ ਕਵੀਆਂ, ਕਲਾਕਾਰਾਂ ਅੰਦਰ ਹਲਕਾ ਜਿਹਾ ਰਹੱਸਮਈ ਅੰਸ਼ ਆ ਜਾਂਦਾ ਹੈ। ਗਲਪ ਲੇਖਕਾਂ ਜਾਂ ਵਾਰਤਕ ਲੇਖਕਾਂ ਦੇ ਮੁਕਾਬਲੇ ਕਵੀਆਂ ਅੰਦਰ ਅਜਿਹੀ ਸੂਖਮਤਾ ਜਾਂ ਰਹੱਸਮਈ ਪਹਿਲੂ ਪ੍ਰਤੀ ਅਜਿਹੀ ਸੰਵੇਦਨਸ਼ੀਲਤਾ ਜ਼ਿਆਦਾ ਹੁੰਦੀ ਹੈ। ਇਸ ਦਾ ਕਾਰਨ ਇਹ ਹੈ ਕਿ ਉਨਾਂ ਦੇ ਪ੍ਰਗਟਾਵੇ ਦਾ ਮਾਧਿਅਮ ਹੀ ਅਜਿਹਾ ਹੈ, ਜਿਹੜਾ ਲਗਾਤਾਰ ਉਨਾਂ ਨੂੰ ਉਨ੍ਹਾਂ ਪਸਾਰਾਂ ਵੱਲ ਖਿੱਚਦਾ ਜਾਂਦਾ ਹੈ, ਜਿਨਾਂ ਦੀ ਤਾਰ ਕਿਸੇ 'ਪਾਰਲੇ' ਸੰਸਾਰ ਨਾਲ ਜੁੜਦੀ ਹੈ। ਵਿਲੀਅਮ ਵਰਡਜ਼ਬਰਥ ਦੀ ਇੱਕ ਕਵਿਤਾ ਹੈ:

ਸਾਡੀ ਜ਼ਿੰਦਗੀ ਦਾ ਸਿਤਾਰਾ, ਸਾਡੀ ਆਤਮਾ
ਜੋ ਸਾਡੇ ਨਾਲ ਚੜਦੀ ਹੈ
ਇਸ ਦਾ ਟਿਕਾਣਾ ਕਿਤੇ ਹੋਰ ਹੈ
ਇਹ ਕਿਤੇ ਦੂਰੋਂ ਆਉਂਦੀ ਹੈ
ਸਾਨੂੰ ਨਾ ਸਾਰਾ ਕੁੱਝ ਭੁਲਿਆ ਹੈ
ਨਾ ਚੰਗੀ ਤਰਾਂ ਯਾਦ ਹੈ
ਬੱਸ ਨੂਰੀ ਬੱਦਲਾਂ ਦਾ ਪਿੱਛਾ ਕਰਦੇ ਹੋਏ
ਰੱਬ ਕੋਲੋਂ ਅਸੀਂ ਚਲੇ ਆਉਂਦੇ ਹਾਂ
ਜਿਹੜਾ ਕਿ ਸਾਡਾ ਘਰ ਹੈ।

ਜ਼ਿਆਦਾਤਰ ਪੁਰਾਤਨ ਸਾਹਿਤ ਅਤੇ ਦਰਸ਼ਨ ਇਨਸਾਨੀ ਜੀਵਨ ਨੂੰ ਬ੍ਰਹਿਮੰਡ ਦੇ ਅਨੰਤ ਪਸਾਰੇ ਦੀ ਸਮੁਚਤਾ

ਵਿੱਚ ਦੇਖਦਾ ਹੈ। ਇਹ ਆਧੁਨਿਕ ਦੌਰ ਦੇ ਗਿਆਨ ਤੇ ਕਲਾ ਦੀ ਸਮੱਸਿਆ ਹੈ ਕਿ ਅਸੀਂ ਆਪਣੇ ਅਨੁਭਵ ਤੇ ਸੋਚ ਨੂੰ ਆਪਣੇ ਸੀਮਤ ਜਿਹੇ ਦੁਨਿਆਵੀ ਅਨੁਭਵ ਤੱਕ ਸੀਮਤ ਕਰ ਲਿਆ ਹੈ। ਪਰ ਇਨਸਾਨ ਦੀ ਰੂਹ ਉਸ ਸਮੁਚੀ ਬ੍ਰਹਿਮੰਡੀ ਹੋਂਦ ਦਾ ਅੰਗ ਹੈ। ਜਿਸ ਵੀ ਸੂਖਮ ਮਾਧਿਅਮ ਰਾਹੀਂ ਇਸ ਨੂੰ ਬਾਹਰ ਝਾਕਣ ਦਾ ਮੌਕਾ ਮਿਲਦਾ ਹੈ, ਇਹ ਆਪਣੇ ਸਾਰੇ ਰੰਗਾਂ ਰਾਹੀਂ ਪ੍ਰਗਟ ਹੁੰਦੀ ਹੈ। ਸਾਨੂੰ ਸ਼ਾਇਦ ਇਹ ਪਹਿਲੂ ਹੀ ਰਹੱਸਮਈ ਲੱਗਦਾ ਹੈ।

• • •

ਨਵੀਂ ਪੰਜਾਬੀ ਕਵਿਤਾ ਵਿੱਚ ਇੱਕ ਖੁਬਸੂਰਤ ਮੋੜ ਅਚੇਤੇ ਹੀ ਆ ਰਿਹਾ ਹੈ। ਇਸ ਵਿੱਚ ਜ਼ਿੰਦਗੀ ਦੇ ਰਹੱਸਮਈ ਪਹਿਲੂਆਂ ਤੇ ਖ਼ੂਬਸੂਰਤ ਪੁਰਾਤਨਤਾ ਪ੍ਰਤੀ ਇੱਕ ਸੰਵੇਦਨਸ਼ੀਲਤਾ ਜਾਗਣ ਲੱਗੀ ਹੈ। ਆਧੁਨਿਕ ਪੰਜਾਬੀ ਕਵਿਤਾ ਦੇ ਇੱਕ ਸੰਗ੍ਰਹਿ 'ਸਦੀ ਦੀਆਂ ਤਰਕਾਲਾਂ' ਦੀ ਭੂਮਿਕਾ ਵਿੱਚ ਸੁਰਜੀਤ ਪਾਤਰ ਹੋਰਾਂ ਨੇ ਇਸ ਰੁਝਾਨ ਦੀ ਨਿਸ਼ਾਨਦੇਹੀ ਕਰਦਿਆਂ ਲਿਖਿਆ ਹੈ:

"ਵੀਹਵੀਂ ਸਦੀ ਦੀਆਂ ਤਰਕਾਲਾਂ ਤੇ ਸ਼ਾਇਦ ਅਸੀਂ ਕੁੱਝ ਸਹਿਜ, ਨਿਰਉਚੇਚ, ਪ੍ਰਾਕਿਰਤਕ, ਸੁਪਨਮਈ ਹੋਣ ਦੀ ਕੋਸ਼ਿਸ਼ ਕਰ ਰਹੇ ਹਾਂ। ਸ਼ਾਇਦ ਅਸੀਂ ਘਰਾਂ ਵੱਲ, ਜੜਾਂ ਨੂੰ ਮੁੜ ਰਹੇ ਹਾਂ। ਸ਼ਾਇਦ ਅਸੀਂ ਤਰਕ ਨੂੰ ਸਭ ਕੁੱਝ ਮੰਨਣ ਦੀ ਰੁਚੀ ਨੂੰ ਤਰਕ ਕਰ ਰਹੇ ਹਾਂ।" ਇਹ ਕੋਈ ਅਜਿਹਾ ਰੁਝਾਨ ਨਹੀਂ ਹੈ ਜਿਹੜਾ ਵਿਕੋਲਿਤਰੇ ਰੂਪ ਵਿੱਚ ਕਿਸੇ ਇੱਕ ਦੋ ਸ਼ਾਇਰਾਂ ਦੀ ਕਵਿਤਾ ਵਿੱਚ ਨਜ਼ਰ ਆ ਰਿਹਾ ਹੋਵੇ ਬਲਕਿ ਨਵੇਂ ਆ ਰਹੇ ਤਕਰੀਬਨ ਸਾਰੇ ਹੀ ਸ਼ਾਇਰਾਂ ਚ ਕਿਤੇ ਨਾ ਕਿਤੇ ਅਜਿਹੀਆਂ ਝਲਕਾਂ ਮਿਲ ਜਾਂਦੀਆਂ ਹਨ। ਫਰਕ ਸਿਰਫ ਐਨਾ ਕੁ ਹੈ ਕਿ ਕਿਤੇ ਅਜਿਹੀਆਂ ਝਲਕਾਂ ਜ਼ਿਆਦਾ ਹਨ ਅਤੇ ਕਿਤੇ ਘੱਟ। ਕਿਤੇ ਅਜਿਹਾ ਰੁਝਾਨ ਕਾਫੀ ਪ੍ਰਤੱਖ ਰੂਪ ਵਿੱਚ ਨਜ਼ਰ ਆ ਜਾਂਦਾ ਹੈ ਅਤੇ ਕਿਤੇ ਇਹ ਸੂਖਮ ਤੇ ਜਟਿਲ ਰੂਪ ਵਿੱਚ ਦੇਖਿਆ ਜਾ ਸਕਦਾ ਹੈ। ਅਜਿਹੇ ਅੰਸ਼ ਭਾਈ ਵੀਰ ਸਿੰਘ, ਪ੍ਰੋਫੈਸਰ ਪੂਰਨ ਸਿੰਘ ਜਿਹੇ ਸ਼ਾਇਰਾਂ ਅੰਦਰ ਪਹਿਲਾਂ ਹੀ ਸਨ ਅਤੇ ਜਸਵੰਤ ਸਿੰਘ ਨੇਕੀ, ਸੋਹਣ ਕਾਦਰੀ, ਨਵਤੇਜ ਭਾਰਤੀ ਤੇ ਹਰਿੰਦਰ ਸਿੰਘ ਮਹਿਬੂਬ ਵਰਗੇ ਸ਼ਾਇਰ ਦੇਰ ਤੋਂ ਚੁਪ ਚੁਪੀਤੇ ਅਜਿਹੀ ਸ਼ਾਇਰੀ ਕਰਦੇ ਆ ਰਹੇ ਸਨ। ਪਰ ਉਹ ਦੌਰ ਅਜਿਹਾ ਸੀ, ਜਦੋਂ ਅਜਿਹੀ ਸ਼ਾਇਰੀ ਹਾਸ਼ੀਏ ਤੇ ਹੀ ਰਹਿੰਦੀ ਸੀ। ਕੁੱਝ ਅਰਸੇ ਤੋਂ ਇਸ ਤਰਾਂ ਦਾ ਅੰਸ਼ ਨਵੇਂ ਸ਼ਾਇਰਾਂ ਵਿੱਚ ਵੀ ਪ੍ਰਤੱਖ ਦਿਸਣ ਲੱਗਾ ਹੈ। ਸੁਰਜੀਤ ਪਾਤਰ, ਅੰਬਰੀਸ਼, ਅਜਮੇਰ ਰੋਡੇ, ਜਸਵੰਤ ਦੀਦ, ਵਰਿੰਦਰ ਪਰਿਹਾਰ, ਸੁਰੋਦ ਸੁਦੀਪ, ਪਰਮਜੀਤ ਸੋਹਲ, ਵਿਜੇ ਵਿਵੇਕ, ਸੁਖਪਾਲ, ਸਵਰਨਜੀਤ ਸਵੀ, ਸ਼ੀਰੀਨ ਅਨੰਦਿਤਾ, ਨੀਰੂ ਅਸੀਮ, ਅਮਰਜੀਤ ਘੁੰਮਣ, ਗੁਰਪ੍ਰੀਤ, ਦੇਵਨੀਤ, ਦਰਸ਼ਨ ਬੁੱਟਰ, ਸੇਵਾ ਸਿੰਘ ਭਾਸ਼ੋ, ਸੁਖਦੇਵ ਨਡਾਲੋਂ, ਨਵਦੀਪ ਚਹਿਲ ਅਤੇ ਪਰਮਵੀਰ ਸਿੰਘ ਦੀ ਕਵਿਤਾ ਵਿੱਚ ਬਹੁਤ ਸੂਖਮ ਰੂਪ ਵਿੱਚ ਇਸ ਤਰਾਂ ਦੇ ਝਲਕਾਰੇ ਮਿਲ ਜਾਂਦੇ ਹਨ। ਇਸ ਤਰਾਂ ਦੀ ਨਵੀਂ ਕਵਿਤਾ ਦੇ ਕੁੱਝ ਨਮੂਨੇ ਦੇਖਦੇ ਹਾਂ:

ਪਤਾ ਨਾ ਲੱਗੇ ਇਹ ਚੰਨ ਤਾਰੇ
ਬਦਨ ਹੈ ਜਾਂ ਕਿ ਲਿਬਾਸ ਤੇਰਾ
ਤੂੰ ਅਪਣੀ ਕੁਦਰਤ ਤੇ ਅਪਣੇ ਵਿਚਲਾ
ਇਹ ਪਰਦਾ ਇਉਂ ਹੀ ਮਹੀਨ ਰੱਖੀਂ
……

ਚੱਲ ਸੂਰਜਾ, ਚੱਲ ਧਰਤੀਏ
ਮੁੜ ਸੁੰਨ ਸਮਾਧੀ ਚ ਪਰਤੀਏ
ਕੱਲ ਰਾਤ ਹੋਏ ਨੇ ਰਾਤ ਭਰ
ਏਹੀ ਤਾਰਿਆਂ ਵਿੱਚ ਤਜ਼ਕਰੇ
.......
ਜੋ ਜਾਣਦੇ ਨ ਉਸ ਨੂੰ
ਉਹ ਖਾਕ ਜਾਣਦੇ ਨੇ
ਜੋ ਜਾਣਦੇ ਉਨਾਂ ਲਈ
ਉਹ ਤਾਰਿਆਂ ਦੀ ਲੋਅ ਹੈ **ਪਾਤਰ**

........
ਤੂੰ ਸ੍ਰਿਸ਼ਟੀ ਦੇ ਪਸਾਰ ਵਿੱਚ
ਥਾਂ ਥਾਂ ਮੋਤੀਆਂ ਵਾਂਗ ਬਿਖਰੀ ਪਈ ਹੈਂ
ਬਨਸਪਤੀ ਦੀ ਤਰਲਤਾ ਵਿੱਚ
ਜੀਵ ਜੰਤੂਆਂ ਦੀ ਮਿੱਟੀ ਵਿੱਚ
ਤੇਰੀ ਲੋਅ ਹੈ **ਨਵਤੇਜ ਭਾਰਤੀ**

ਸਾਰੀਆਂ ਬਨਸਪਤੀਆਂ ਸ਼ਬਦ ਨੇ
ਸਾਰੇ ਜੀਅ ਜੰਤ ਅਲੰਕਾਰ
ਕੁਦਰਤ ਲੈਅ ਹੈ
ਸਮਾਂ ਤਾਲ ਹੈ
ਦਸੇ ਦਿਸ਼ਾਵਾਂ ਨੇ ਛੰਦ ਬੰਦੀਆਂ
........
ਸ਼ਾਹਰਗ ਤੀਕ ਲਰਜ਼ਦੇ ਪਾਣੀ
ਚੰਨ ਸੂਰਜ ਦੀ ਖੇਡ ਵਿਡਾਣੀ
ਜੋਤ ਨੂਰਾਨੀ, ਝਾਲ ਝਲਾਣੀ
ਦਿਸਦੀ ਦਸਵੇਂ ਦੁਆਰ **ਪਰਮਜੀਤ ਸੋਹਲ**

ਤੇ ਪਾਰ ਜਾਕੇ ਤਾਂ ਰਾਹ ਹੀ ਸਿਧਾ ਹੈ
ਨਾ ਹਨੇਰਾ ਹੈ ਨਾ ਦੁਚਿਤੀ
ਨਾ ਸਿਰ ਤੇ ਤੇਰੇ ਅਕਾਸ਼ ਡੋਲੇ
ਨਾ ਪੈਰਾਂ ਹੇਠੋਂ ਜ਼ਮੀਨ ਸਰਕੇ

ਪੂਰਨ ਹੈ ਤੇਰੇ ਨਾਲ ਕਾਇਨਾਤ ਦਾ ਜ਼ਹੂਰ
ਖ਼ੁਦ ਨੂੰ ਕਦੀ ਪਹਿਚਾਣ ਵੇ ਅੱਧਿਆ ਅਧੂਰਿਆ
........
ਭਲਾ ਹੈ ਪਾਣੀਆਂ ਹੇਠਾਂ ਹਮੇਸ਼ਾ ਰੇਤ ਰਹੀ
ਭਲਾ ਹੈ ਭੇਤ ਦੀ ਇਹ ਗੱਲ ਹਮੇਸ਼ਾ ਭੇਤ ਰਹੀ
ਕਿ ਤੇਰਾ ਜ਼ਿਕਰ ਜੇ ਲਫਜ਼ਾਂ ਦੇ ਵਿੱਚ ਸਮਾ ਸਕਦਾ
ਤਾਂ ਹੁਣ ਨੂੰ ਕਹਿ ਲਿਆ ਹੁੰਦਾ, ਸੁਣਾ ਲਿਆ ਹੁੰਦਾ ।
ਭਲਾ ਹੈ ਰੇਤ ਦੇ ਹੇਠਾਂ ਲਰਜ਼ਦੇ ਪਾਣੀ ਸਨ
ਸੁਣਦੀਆਂ, ਦਿਸਦੀਆਂ ਚੀਜ਼ਾਂ ਮਹਿਜ਼ ਕਹਾਣੀ ਸਨ
ਨਹੀਂ ਤਾਂ ਪਾਠੀਆਂ ਪੁਸਤਕ ਚੋਂ ਪੜ ਲਿਆ ਹੁੰਦਾ
ਨਹੀਂ ਤਾਂ ਰਾਗੀਆਂ ਸਾਜ਼ਾਂ ਤੇ ਗਾ ਲਿਆ ਹੁੰਦਾ। **ਵਿਜੇ ਵਿਵੇਕ**

ਅੰਬਰ ਥਾਲੀ ਚੰਨ ਦਾ ਟਿੱਕਾ
ਤਾਰੇ ਚਿੱਟੇ ਚੌਲ
ਸੂਰਜ ਮੁੱਕਰੇ ਨਿੱਤ ਦਿਹਾੜੀ
ਕਰਕੇ ਮਿਲਣ ਦਾ ਕੌਲ
ਤੇ ਅੱਲਾ ਸੌਂ ਰਿਹਾ **ਜਸਵੰਤ ਦੀਦ**

ਸ੍ਰਿਸ਼ਟੀ ਦੇ ਗ੍ਰਹਿ, ਉਪ ਗ੍ਰਹਿ
ਸਭ ਦੇ ਸਭ
ਪਿਆਰ ਚ ਆਏ
ਬੱਚਿਆਂ ਦੇ ਸਿਰਾਂ ਤੇ
ਟਿਕ ਗਏ ਨੇ ਖਿੱਲਾਂ ਵਾਂਗ
ਮਾਰਗ ਜੋ ਕੱਲ
ਸੁੰਨਮ ਸੁੰਨਾ ਸੀ
ਭਰ ਗਿਆ ਹੈ
ਫੁੱਲਾਂ ਨਾਲ, ਫਲਾਂ ਨਾਲ **ਸੁਰੋਦ ਸੁਦੀਪ**

ਮੈਨੂੰ ਭਾਲ ਨਾ ਮਹਿਸੂਸ ਕਰ
ਮੇਰਾ ਸੇਕ ਸਹਿ, ਮੇਰ ਦਰਦ ਜਰ
ਤੇਰੇ ਐਨ ਦਿਲ ਵਿੱਚ ਧੜਕਦੀ
ਕੋਈ ਰਗ ਮੈਂ ਬਹੁਤ ਮਹੀਨ ਹਾਂ। **ਸੁਖਵਿੰਦਰ ਅੰਮ੍ਰਿਤ**

ਸ਼ਬਦਾਂ ਚ ਛੁਪਕੇ ਬੈਠਦਾ ਹੈ ਵਿਸਫੋਟ
ਕਿ ਜਿਵੇਂ ਬੱਦਲਾਂ ਤੇ ਪੱਥਰਾਂ ਚ
ਛੁਪੇ ਰਹਿੰਦੇ ਨੇ ਅਨੇਕਾਂ ਅਕਾਰ
ਮੈਂ ਤੇਰੇ ਵਿੱਚ ਇੰਜ ਵਸਣਾ ਚਾਹੁੰਦਾ ਹਾਂ
ਕਿ ਜਿਵੇਂ ਖਲਾਅ ਚ ਵਸਿਆ ਹੁੰਦਾ ਹੈ
ਸ਼ਬਦ ਬ੍ਰਹਿਮੰਡ ਤੇ ਧੁਨੀਆਂ ਦਾ ਸੰਸਾਰ **ਸਵਰਨਜੀਤ ਸਵੀ**

ਮੈਂ ਧਰਤੀ ਨੂੰ ਪਿਆਰ ਕਰਦਾ ਹਾਂ
ਜਾਂ ਧਰਤੀ ਕਰਦੀ ਹੈ ਮੈਨੂੰ
ਕੀ ਇਸੇ ਦਾ ਨਾਂ ਹੈ ਪਿਆਰ
ਮੈਂ ਕਿਤੇ ਵੀ ਜਾਵਾਂ
ਮੇਰੇ ਸਿਰ ਤੇ ਤਣਿਆ ਹੁੰਦਾ ਹੈ
ਅਕਾਸ਼
ਮੈਂ ਅਕਾਸ਼ ਨੂੰ ਪਿਆਰ ਕਰਦਾ ਹਾਂ
ਜਾਂ ਅਕਾਸ਼ ਕਰਦਾ ਹੈ ਮੈਨੂੰ
ਕੀ ਇਸੇ ਦਾ ਨਾਂ ਹੈ ਪਿਆਰ **ਗੁਰਪ੍ਰੀਤ**

ਸ਼ਬਦ
ਹਾਜੀ ਸਾਰੇ ਦੇ ਸਾਰੇ
ਕਿਹੜੇ ਹੱਜਾਂ ਨੂੰ ਤੁਰਦੇ
ਕਿਹੜੇ ਮੱਕਿਆਂ ਨੂੰ ਤੁਰਦੇ
ਹੱਜ ਹਾਜੀ ਮੱਕੇ
ਤੁਰਨ ਲੱਗਦੇ
ਤੁਰਦੇ ਤੁਰਦੇ ਜਾਂਦੇ
ਆਪਣੇ ਤੋਂ ਬਾਹਰ
ਆਪਣੇ ਹੀ ਅੰਦਰ
ਇੱਕ ਦੂਜੇ ਵੱਲ
ਇੱਕ ਦੂਜੇ ਦੇ ਨਾਲ ਨਾਲ
ਹੱਜ ਫੈਲਣ ਲੱਗਦੇ
ਫੈਲਦੇ ਜਾਂਦੇ
ਧਰਤ ਦੀਆਂ ਕੰਨੀਆਂ ਮੇਲਦੇ **ਦੇਵਨੀਤ**

ਕਿੰਨੀਆਂ ਹੀ ਧਿਆਨ ਵਿਧੀਆਂ ਨੇ
ਆਪਣੇ ਅੰਦਰ ਪ੍ਰਵੇਸ਼ਣ ਲਈ
ਕੂੜਾ ਕਰਕਟ
ਬਾਹਰ ਸੁੱਟਣ ਲਈ
ਆਪਣਾ ਆਪਾ
ਖਾਲੀ ਦੇਖਣ ਲਈ
ਪਰ
ਮੈਂ ਤੇ
ਕਲਮ ਫੜੀ
ਕਵਿਤਾ ਦੀ ਆਮਦ ਨੂੰ ਤੱਕਦਾਂ
ਕਵਿਤਾ ਮੈਨੂੰ ਧਿਆਨ ਬਖਸ਼ਦੀ
ਸਮਾਧੀ ਦਾ ਅਹਿਸਾਸ ਬਖਸ਼ਦੀ

**ਸੁਖਦੇਵ ਨਡਾਲੋਂ**

ਮਨੁਖ ਦੇ ਵੀ ਅੰਦਰ ਹੁੰਦਾ ਹੈ
ਧੁੱਪ ਦਾ ਇੱਕ ਹਿੱਸਾ
ਧੁੱਪ ਦਾ ਇੱਕ ਟੋਟਾ
ਸਫਰ ਸ਼ਬਦਾਂ ਦਾ ਵੀ
ਤੇ ਸ਼ਬਦ ਸੰਸਾਰ ਦਾ ਕੋਈ ਕੋਸ਼
ਸਿਮਟਿਆ ਹੁੰਦਾ
ਛੁਪਿਆ ਹੁੰਦਾ
ਇਕੋ ਹੀ ਬਿੰਦੂ ਚ.......

**ਸੇਵਾ ਸਿੰਘ ਭਾਸ਼ੋ**

ਤੂੰ ਸਾਗਰ ਹੈਂ
ਮੈਂ ਦਰਿਆ
ਮੈਂ ਜੋ ਕਦੀ
ਪਾਗਲ ਵੇਗ ਸਾਂ ਪਹਾੜਾਂ ਦਾ
ਖੌਰੂ ਸਾਂ ਝਰਨਿਆਂ ਦਾ
ਹੜ ਸਾਂ ਬਿਫਰਿਆ
ਹੁਣ ਠਹਿਰ ਗਿਆ ਹਾਂ

ਬਸ ਕਦਮ ਕਦਮ ਟੁਰਦਾ ਤੇਰੇ ਵੱਲ
.......
ਤੇਰੇ ਵਿੱਚ ਹੁਣੇ ਹੀ ਨਹੀਂ ਸਮਾਅ ਸਕਦਾ ਮੈਂ
ਹਾਲੇ ਮੈਂ ਨਿਤਰਨਾ ਹੈ
ਤੇਰੇ ਵਿੱਚ ਸਮਾਉਣ ਜੋਗਾ ਹੋਣਾ ਹੈ
'ਮੈਂ' ਤੋਂ ਬਦਲ ਕੇ 'ਆਪਣਾ ਆਪ' ਹੋਣਾ ਹੈ **ਸੁਖਪਾਲ**

ਰੱਬ ਨੂੰ ਲੱਭਣ ਲਈ
ਦਾਨਿਸ਼ਮੰਦਾਂ ਨੇ
ਕੁੱਝ ਬਾਰੀਆਂ ਬੂਹੇ ਬਣਾ ਦਿੱਤੇ
ਤਾਂ ਕਿ ਜੋ ਵੀ ਚਾਹੇ
ਰੱਬ ਨੂੰ ਲੱਭ ਲਵੇ-
ਬਿਨਾਂ ਕੋਈ ਸਵਾਲ ਪੁੱਛੇ
ਇੱਕ ਚੁਪ ਦਾ ਮੁਹਤਾਜ
ਹੱਥ ਫੜਕੇ ਕੋਈ ਨਹੀਂ ਲੈ ਜਾਵੇਗਾ
ਕਿ ਵੇਖ, ਉਹ ਰੱਬ ਬੈਠਾ ਹੈ-
ਖੁਦ ਹੀ ਵੇਖਣਾ ਸਮਝਣਾ ਪਵੇਗਾ
ਹੋ ਸਕਦਾ ਹੈ, ਰੱਬ ਨਾ ਵੀ ਮਿਲੇ
ਤੇ ਤੇਰੇ ਲੱਭਣ ਵਿੱਚ
ਕੋਈ ਕਸਰ ਰਹਿ ਜਾਵੇ
ਸ਼ਾਇਦ ਤੂੰ
ਵੇਖ ਕੇ ਪਛਾਣ ਨਾ ਸਕੇਂ
ਕਿਉਂਕਿ ਇਨਾਂ ਬੂਹੇ ਬਾਰੀਆਂ ਦੇ
ਬਿਲਕੁਲ ਵਿਚਾਲੇ
ਕੁੱਝ ਜਗਾ ਖਾਲੀ ਹੈ **ਸ਼ੀਰੀਨ ਅਨੰਦਿਤਾ**

ਮੇਰੇ ਮਨ ਚੋਂ ਸਮੀਖਿਆਵਾਂ
ਮਿਟ ਰਹੀਆਂ ਨੇ
ਮਿਟ ਰਹੀਆਂ ਨੇ ਤਸਵੀਰਾਂ
ਮੇਲਿਆਂ ਚ
ਛੜੱਪੇ ਮਾਰਦੇ
ਘੋੜਿਆਂ ਤੇ ਬੈਠਿਆਂ ਦੀਆਂ

ਤਲੀਆਂ ਤੇ ਉਕਰੇ ਨਾਵਾਂ ਦੀ
ਸਿਆਹੀ ਘੁਲ ਰਹੀ ਹੈ
ਅਸਤਦੇ ਜਾ ਰਹੇ ਨੇ
ਇਕੋ ਵੇਲੇ
ਚੜ੍ਹੇ ਹੋਏ ਹਜ਼ਾਰਾਂ ਸੂਰਜ
ਘੁਪ ਹਨੇਰੇ ਚ
ਸਹਿਜਤਾ ਦੀ
ਅੱਖ ਖੁਲ੍ਹੀ ਹੈ

ਦਰਸ਼ਨ ਹੋਏ ਨੇ......
ਸਮੀਖਿਆਵਾਂ ਰਹਿਤ
ਸੁਜਾਖੇ ਦਰਸ਼ਨ.... **ਨੀਰੂ ਅਸੀਮ**

ਮਹਾਂ ਅਕਾਸ਼
ਮਹਾਂ ਇਕਾਂਤ
ਮਹਾ ਮੌਨ
ਮਹਾ ਅਨੰਦ
ਮੇਰੀ ਮੰਜ਼ਿਲ ਦੇ ਕੁੱਝ ਨਿਸ਼ਾਨ ਹਨ
ਸੰਕੇਤ ਹਨ **ਨਵਦੀਪ ਚਹਿਲ**

ਨਹੀਂ ਨਾਸ਼ਮਾਨ
ਦੇਹੀ ਤੇਰੀ ਮੇਰੀ
ਛੋਹ ਲਿਆ ਤੂੰ ਇਸ ਨੂੰ
ਨਾਲ ਅਣਛੋਹੀ ਛੋਹ
ਅਮੋੜ ਮਨ
ਹੋਇਆ ਨਤਮਸਤਕ
ਖੁਲਾ ਤੀਸਰਾ ਨੇਤਰ
ਵਹਿ ਤੁਰੀ ਅਦਿਖ
ਦਿੱਬ ਸ਼ਕਤੀ
ਟੁੱਟਾ ਨਾਭੀ ਬੰਧਨ **ਦਲਵੀਰ ਕੌਰ**

ਇੱਕ ਸੱਚ ਜੋ ਸੱਚਮੁਚ
ਹਰ ਤਰਕ ਤੋਂ ਪਰੇ
ਹਰ ਦਲੀਲ ਤੋਂ ਮੁਕਤ
ਤੇ ਹਰ ਪਰਵਾਜ਼ ਤੋਂ ਉੱਚਾ ਹੈ
ਉਹ ਮੇਰੀ ਭਾਵਨਾ ਦਾ ਸੱਚ ਹੈ
ਹਾਂ ਮੈਂ ਬਿੰਦੂ ਹਾਂ
ਸਭ ਤੋਂ ਮਹੀਨ ਬਿੰਦੂ
ਜਿਹਦੀ ਚਾਹਤ
ਜਿਹਦਾ ਸਕੂਨ
ਸਿਰਫ ਤੂੰ
ਤੇ ਉਹ ਵੀ ਪੂਰਾ
ਟੁਕੜਿਆਂ ਚ ਨਹੀਂ। **ਜਸਲੀਨ ਕੌਰ**

ਲੱਗਦਾ ਹੈ ਕਿ ਅਸੀਂ ਸਹਿਜ ਰੂਪ ਵਿੱਚ ਹੀ, ਹੌਲੀ ਹੌਲੀ ਆਪਣੇ ਗੁਆਚੇ ਹੋਏ ਖਜ਼ਾਨੇ ਵੱਲ ਮੁੜ ਰਹੇ ਹਾਂ। ਕਿਸੇ ਨੇ ਰੂਹਾਨੀ ਜਾਂ ਬ੍ਰਹਿਮੰਡੀ ਚੇਤਨਾ ਦੀ ਬੜੀ ਸਰਲ ਵਿਆਖਿਆ ਕੀਤੀ ਹੈ। ਉਹ ਕਹਿੰਦੇ ਹਨ ਕਿ ਜਦੋਂ ਅਸੀਂ ਆਪਣੇ ਆਪ ਨੂੰ ਆਪਣਾ ਸਰੀਰ ਸਮਝਦੇ ਹਾਂ ਅਤੇ ਬਾਕੀ ਬ੍ਰਹਿਮੰਡ ਤੋਂ ਆਪਣੀ ਵੱਖਰੀ ਹੋਂਦ ਸਮਝਦੇ ਹਾਂ, ਉਹ ਹੇਠਲੇ ਪੱਧਰ ਦੀ ਦੁਨਿਆਵੀ ਚੇਤਨਾ ਹੈ। ਜਦੋਂ ਅਸੀਂ ਇਹ ਗੱਲ ਸਿਰਫ ਸਮਝਦੇ ਨਹੀਂ ਬਲਕਿ ਮਹਿਸੂਸ ਕਰਨ ਲੱਗਦੇ ਹਾਂ ਕਿ ਅਸੀਂ ਸਮੁਚੇ ਬ੍ਰਹਿਮੰਡ ਨਾਲ ਬਹੁਤ ਅਖੰਡ ਰੂਪ ਵਿੱਚ ਜੁੜੇ ਹੋਏ ਹਾਂ ਅਤੇ ਉਸ ਤੋਂ ਕਿਸੇ ਵੀ ਤਰਾਂ ਵੱਖ ਨਹੀਂ ਹਾਂ, ਉਦੋਂ ਬ੍ਰਹਿਮੰਡੀ ਚੇਤਨਾ ਵਾਪਰਦੀ ਹੈ। ਨਵੀਂ ਪੰਜਾਬੀ ਸ਼ਾਇਰੀ ਵਿੱਚ ਅਜਿਹੀ ਸੋਝੀ ਅਤੇ ਸੰਵੇਦਨਾ ਵਿਕਸਤ ਹੋ ਰਹੀ ਹੈ ਅਤੇ ਇਹ ਸਾਰੇ ਨਵੇਂ ਸ਼ਾਇਰਾਂ ਵਿੱਚ ਦੇਖੀ ਜਾ ਸਕਦੀ ਹੈ। ਅਜਿਹਾ ਅਨੁਭਵ ਉਨਾਂ ਕੋਲ ਸਹਿਜ ਰੂਪ ਵਿੱਚ ਹੀ ਆ ਰਿਹਾ ਹੈ। ਹੋ ਸਕਦਾ ਹੈ ਕਿ ਅਸੀਂ ਫੇਰ ਤੋਂ ਆਪਣੇ ਉਸ ਗੁਆਚ ਚੁੱਕੇ ਗਿਆਨ ਅਤੇ ਅਨੁਭਵ ਵੱਲ ਦੁਬਾਰਾ ਤੋਂ ਪਰਤ ਰਹੇ ਹੋਈਏ। ਜੋ ਕੁੱਝ ਹਵਾਲੇ ਅਸੀਂ ਨਵੇਂ ਸ਼ਾਇਰਾਂ ਦੀ ਕਵਿਤਾ ਵਿੱਚੋਂ ਲਏ ਹਨ, ਸ਼ਾਇਦ ਇਹ ਉਸ ਆ ਰਹੇ ਯੁਗ ਦੀ ਮਹਿਜ਼ ਇੱਕ ਹਲਕੀ ਜਿਹੀ ਮੁਢਲੀ ਝਲਕ ਹਨ। ਸ਼ਾਇਦ ਇਸੇ ਕਰਕੇ ਕਵੀਆਂ ਨੂੰ ਯੁਗ ਦ੍ਰਿਸ਼ਟਾ ਵੀ ਕਿਹਾ ਜਾਂਦਾ ਹੈ।

..............

ਇਸ ਸੰਗ੍ਰਹਿ ਵਿੱਚ ਸ਼ਾਮਲ ਕਵਿਤਾਵਾਂ 1990 ਤੋਂ ਲੈ ਕੇ 2009 ਤੱਕ ਦੇ ਲੰਬੇ ਅਰਸੇ ਦੌਰਾਨ ਲਿਖੀਆਂ ਗਈਆਂ ਹਨ। ਇਹ ਕਵਿਤਾਵਾਂ ਕਿਸੇ ਵੀ ਤਰਾਂ ਉਸ ਸਾਹਿਤ ਜਾਂ ਕਲਾ ਦੇ ਵਰਗ ਵਿੱਚ ਨਹੀਂ ਰੱਖੀਆਂ ਜਾ ਸਕਦੀਆਂ, ਜਿਸ ਨੂੰ ਕੁੱਝ ਲੋਕਾਂ ਨੇ ਔਬਜੈਕਟਿਵ ਕਲਾ ( ਦੇਖੋ ਲੇਖ ‘ ਆਦਿ ਕਲਾ ਦੀ ਤਲਾਸ਼’) ਕਿਹਾ ਹੈ। ਬਾਕੀ ਆਧੁਨਿਕ ਕਵਿਤਾ ਦੀ ਤਰਾਂ ਇਹ ਵੀ ਸਬਜੈਕਟਿਵ ਕਵਿਤਾ ਹੈ। ਕੁੱਝ ਲੋਕ ਅਜਿਹੇ ਸਾਹਿਤ ਨੂੰ ਭਾਵਨਾਵਾਂ ਦੀ ਖਲਾਸੀ ਦਾ ਸਾਹਿਤ ਵੀ ਕਹਿੰਦੇ ਹਨ। ਮੇਰਾ ਇਹ ਅਕੀਦਾ ਤੇ ਸਮਝ ਹੈ ਕਿ ਆਧੁਨਿਕ ਦੌਰ ਤੇ ਅਸੀਂ ਲੋਕ ਚੇਤਨਾ ਦੇ ਜਿਸ ਪੱਧਰ ਤੇ ਜਿਉਂਦੇ ਹਾਂ, ਇਸ ਵਿੱਚ ਰਹਿ ਕੇ ਅਸੀਂ ਉਸ ਕਲਾ ਜਾਂ ਸਾਹਿਤ ਦੀ ਸਿਰਜਣਾ ਨਹੀਂ ਕਰ ਸਕਦੇ, ਜਿਸ ਨੂੰ ਔਬਜੈਕਟਿਵ ਕਲਾ ਕਿਹਾ ਜਾਂਦਾ ਹੈ। ਸਾਡੀ ਸਭਿਅਤਾ ਦੇ ਲੋਕ ਚੇਤਨਾ ਦੀ ਉਸ ਬੁਲੰਦੀ ਤੋਂ ਕਦੋਂ ਦੇ ਡਿੱਗ ਚੁੱਕੇ ਹਨ। ਕਾਫੀ ਦੇਰ ਤਾਂ

ਸਾਨੂੰ ਇਹ ਵੀ ਪਤਾ ਨਹੀਂ ਲੱਗਿਆ ਕਿ ਅਸੀਂ ਡਿੱਗੇ ਹੋਏ ਹਾਂ। ਹੁਣ ਕੁ ਜਾਕੇ ਸਾਨੂੰ ਇਸ ਦਾ ਕੁੱਝ ਅਹਿਸਾਸ ਹੋਣ ਲੱਗਾ ਹੈ। ਉਸ ਉਚਾਈ ਨੂੰ ਛੂਹਣ ਦੀ ਤਾਂਘ ਸਾਡੇ ਵਿੱਚ ਫਿਰ ਜਾਗ ਪਈ ਹੈ। ਇਸ ਸੰਗ੍ਰਹਿ ਦੀ ਕਵਿਤਾ ਸਿਰਫ ਇਸ ਤਰਾਂ ਦੇ ਅਹਿਸਾਸ ਦੀ ਕਵਿਤਾ ਹੈ। ਇਹ ਕਵਿਤਾ ਚੇਤਨਾ ਦੇ ਉਸ ਪੱਧਰ ਲਈ ਤੜਫ ਦੀ ਕਵਿਤਾ ਹੈ। ਇਹ ਗੁਆਚ ਚੁੱਕੇ ਦੀ ਭਾਲ ਦੀ ਕਵਿਤਾ ਹੈ। ਇਹ ਉਪਰ ਉਠਣ ਦੀ ਕੋਸ਼ਿਸ਼ ਦੀ ਕਵਿਤਾ ਹੈ। ਇਹ ਇਸ ਤੋਂ ਜ਼ਿਆਦਾ ਹੋਰ ਕੁੱਝ ਨਹੀਂ ਹੈ। ਇਸ ਕਿਤਾਬ ਨੂੰ ਛਪਵਾਉਣ ਦਾ ਮਕਸਦ ਇਸ ਅਨੁਭਵ ਦੀਆਂ ਕੁੱਝ ਝਲਕਾਂ ਉਨਾਂ ਆਤਮਿਕ ਖੋਜੀਆਂ ਨਾਲ ਸਾਂਝੀਆਂ ਕਰਨਾ ਹੈ, ਜਿਹੜੇ ਪਹਿਲਾਂ ਹੀ ਇਸ ਰਾਹ ਤੇ ਪੈ ਚੁੱਕੇ ਹਨ। ਅਨੁਭਵਾਂ ਨੂੰ ਸਾਂਝਾ ਕਰਨਾ ਵੀ ਤੜਫ ਨੂੰ ਤਿੱਖਾ ਕਰਨ ਵਿੱਚ ਮਦਦ ਕਰਦਾ ਹੈ। ਜਿੰਨੀ ਕੁ ਤੜਫ ਮੇਰੇ ਅੰਦਰ ਇਸ ਵੇਲੇ ਹੈ, ਇਹ ਆਤਮਿਕ ਖੋਜ ਦੇ ਪੰਧ ਲਈ ਕਾਫੀ ਨਹੀਂ ਹੈ। ਗੁਰਤੇਜ ਕੋਹਾਰਵਾਲਾ ਦਾ ਇੱਕ ਸ਼ੇਅਰ ਹੈ:

ਕੁੱਝ ਹੋਰ ਤੇਜ਼ ਕਰ ਧੁਪ ਆਪਣੀ ਉਡੀਕ ਦੀ
ਐਨੇ ਕੁ ਸੇਕ ਨਾਲ ਸ਼ਾਇਦ ਨਾ ਪਿਘਲ ਸਕਾਂ।

**ਸ਼ਮੀਲ**

20 ਮਈ, 2009



ਸਦੀਵੀ ਭੇਤ ਨੂੰ
ਨਾ ਤੂੰ ਜਾਣੇ ਨਾ ਮੈਂ
ਇਸ ਬੁਝਾਰਤ ਦਾ ਹੱਲ
ਨਾ ਤੂੰ ਜਾਣੇ ਨਾ ਮੈਂ
ਪਰਦਿਓਂ ਉਰੇ ਇਹ ਤੂੰ ਤੂੰ ਮੈਂ ਮੈਂ
ਪਰਦਾ ਜਦ ਉਠੇਗਾ
ਨਾ ਤੂੰ ਰਹਿਣਾ ਹੈ ਨਾ ਮੈਂ

**ਉਮਰ ਖਯਾਮ**

# ॥ ਅਰਦਾਸ ॥

ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ
ਅਬ ਪਤੀਆਰੁ ਕਿਆ ਕੀਜੈ ।।

॥ ਭਗਤ ਰਵੀਦਾਸ ॥



## ੳ ਮੀਆਂ

ਮੈਂ ਬਜ਼ਾਰਾਂ ਵਿੱਚ ਰੁਲਦਾ
ਜੰਗਲ ਦਾ ਬਾਂਸ ਹਾਂ
ਤੂੰ ਮੈਨੂੰ ਬੰਸਰੀ ਬਣਾ ਦੇ

ਮੇਰੀ ਬੰਜਰ ਹੋਂਦ ਵਿੱਚ
ਸੁਰ ਉਗਾ ਦੇ
ਇੱਕ ਵਾਰੀ
ਮੈਨੂੰ ਹੱਥ ਲਾ ਦੇ

ਮੈਨੂੰ ਬਾਂਸ ਨੂੰ
ਤੂੰ ਬੰਸਰੀ ਬਣਾ ਦੇ

ਮੇਰੇ ਸੱਤੇ ਛੇਕ
ਬੱਸ, ਖਾਲੀ ਸੁਰਾਖ ਹਨ ਜਿਵੇਂ
ਇਨ੍ਹਾਂ ਚੋਂ ਸੁਰ ਨਹੀਂ ਨਿਕਲਦੀ
ਜਿਵੇਂ ਕੋਈ ਕੁੱਖ
ਬਾਂਝ ਹੁੰਦੀ ਹੈ
ਜਿਵੇਂ ਸੰਖ ਕੋਈ ਵੱਜਦਾ ਨਹੀਂ ਹੈ

ਮੈਂ ਸਭ ਕੋਲ ਜਾ ਆਇਆਂ
ਆਤਮਾ ਦੇ ਰੇਗਿਸਤਾਨ ਵਿੱਚ
ਭਟਕ ਰਿਹਾ ਹਾਂ

ਇਸ ਪਿਆਸੇ ਨੂੰ
ਕੋਈ ਖੂਹ ਨਜ਼ਰ ਆਇਆ ਹੈ
ਮੈਨੂੰ ਤ੍ਰਿਪਤ ਕਰਦੇ

ਮਨ ਦੀਆਂ ਸਭ ਦਿਸ਼ਾਵਾਂ ਵਿੱਚ
ਮੈਂ ਉਦਾਸੀਆਂ ਕੀਤੀਆਂ ਨੇ
ਡਰਾਉਣੇ ਜੰਗਲਾਂ
ਰਾਤਾਂ
ਠੰਡੀਆਂ ਚੋਟੀਆਂ
ਕੰਦਰਾਂ
ਤੇ ਭੂਲ ਭਲਈਆਂ ਵਿੱਚ
ਭਟਕ ਆਇਆ ਹਾਂ

ਤੂੰ ਮੈਨੂੰ ਹੱਥ ਲਾ ਦੇ
ਤੇ ਸ਼ਾਂਤ ਕਰਦੇ

ਦੁਨੀਆ ਨੂੰ ਮੈਂ
ਉਸ ਤਰਾਂ ਵੀ ਦੇਖਿਆ ਹੈ
ਜਿਵੇਂ ਮਰ ਗਿਆ ਕੋਈ
ਅਸਮਾਨ ਤੋਂ ਆਪਣਾ
ਪਰਿਵਾਰ ਦੇਖਦਾ ਹੈ

ਮੁਹੱਬਤ ਦੀ ਇੱਕ ਨਦੀ ਦੇਖੀ
ਸਾਰਾ ਡੁੱਬਕੇ
ਜਿਵੇਂ ਕੋਈ ਜਲ– ਟੁੱਭੀ ਲਾਉਂਦਾ ਹੈ
ਤਲ ਨਾਲ ਟਕਰਾ ਕੇ
ਵਾਪਸ ਆ ਗਿਆ ਹਾਂ

ਕਿਨਾਰੇ ਤੇ ਬੈਠਾ ਮੈਂ ਹੁਣ
ਕਦੇ ਨਦੀ ਨੂੰ ਦੇਖਦਾਂ
ਕਦੇ ਆਪਣੇ ਆਪ ਨੂੰ

ਕਦੇ ਮਛੇਰਿਆਂ ਨੂੰ

ਇਨਸਾਨੀ ਮੁਹੱਬਤ
ਇੱਕ ਬੇਸੁਆਦੀ ਚਿੰਗਮ ਹੈ

ਗਿਆਨ
ਅੰਤਹੀਣ ਤੈਹਾਂ ਵਾਲਾ
ਕੋਈ ਫਲ ਹੈ
ਜਿਸ ਨੂੰ ਖੋਲ੍ਹਦਿਆਂ ਖੋਲ੍ਹਦਿਆਂ
ਤੁਸੀਂ ਸ਼ੂਨਯ ਤੇ ਪਹੁੰਚ ਜਾਂਦੇ ਹੋ
ਜਿਵੇਂ ਪਹਾੜੀਆਂ ਉਲੰਘਕੇ ਕੋਈ ਯਾਤਰੀ
ਖਾਲੀ ਥਾਂ ਤੇ ਪਹੁੰਚ ਜਾਵੇ

ਜੀਵਨ ਜੇ ਨੇਕੀ ਦੀ ਪੌੜੀ ਹੈ
ਤਾਂ ਬੰਦੇ ਕੋਲ ਸਿਰਫ ਦੋ ਕਦਮ ਹਨ
ਇੱਕ ਗਲਤ, ਇੱਕ ਠੀਕ
ਮੈਂ ਇੱਕ ਕਦਮ ਨਾਲ
ਇਸ ਨੂੰ ਚੜ੍ਹਨ ਦੀ ਕੋਸ਼ਿਸ ਕੀਤੀ
ਜਿਵੇਂ ਯੋਗੀ ਕੋਈ
ਇੱਕ ਪੈਰ ਤੇ ਖਲੋ ਕੇ ਤਪੱਸਿਆ ਕਰਦਾ ਹੈ

ਵਾਰ ਵਾਰ ਡਿਗਦਾ ਰਿਹਾ

ਤੇਰੇ ਚਰਨਾਂ ਦੇ ਐਨ ਥੱਲੇ
ਮੈਂ ਡਿਗਿਆ ਪਿਆ ਹਾਂ
ਮੈਨੂੰ ਉਠਾ ਲੈ

ਧਿਆਨ ਦੀ ਹਰ ਕੋਸ਼ਿਸ ਦੇ ਬਾਵਜੂਦ
ਮੈਂ ਬੇਧਿਆਨਾ ਹਾਂ
ਚੁੱਪ ਤੇ ਬੰਦ ਅੱਖਾਂ ਪਿੱਛੇ
ਮਨ ਸਮੁੰਦਰੀ ਤੁਫਾਨ ਦੀ ਤਰਾਂ
ਬਿਹਬਲ ਹੈ

ਤੂੰ ਇਸ ਨੂੰ ਸਾਂਭ

ਮਨ ਦੀ ਇੱਕ ਦਿਸ਼ਾ ਵਿੱਚ
ਸਿਰਫ ਚਟਾਨੀ ਵਾਦੀਆਂ ਹਨ
ਨਾ ਕੋਈ ਜੀਵ
ਨਾ ਬਨਸਪਤੀ
ਸਿਰਫ ਖੁਸ਼ਕ ਹਵਾਵਾਂ ਦੇ
ਸਰਕਣ ਦੀ ਅਵਾਜ਼ ਆਉਂਦੀ ਹੈ
ਇਸ ਵਿੱਚ
ਗਿਆਨ, ਮੁਹੱਬਤ ਤੇ ਨੈਤਿਕਤਾ ਦੀਆਂ
ਸਭ ਨਦੀਆਂ ਸੁੱਕ ਜਾਂਦੀਆਂ ਹਨ

ਮੇਰੇ ਮੂੰਹ ਵਿੱਚ ਮੁਹੱਬਤ ਦੀ ਚਿੰਗਮ ਹੈ
ਅੱਖਾਂ ਵਿੱਚ ਅਰਥਾਂ ਦਾ ਸ਼ੂਨਯਪਣ
ਇੱਕ ਕਦਮ ਤੇ ਖਲੋਣ ਦੀ ਕੋਸ਼ਿਸ਼ ਵਿੱਚ
ਮੈਂ ਡਿਗ ਪਿਆ ਹਾਂ

ਮੁੜ ਆਇਆ ਹਾਂ ਸਭ ਉਦਾਸੀਆਂ ਤੋਂ
ਮਨ ਦੇ ਰੇਗਿਸਤਾਨ ਵਿਚ ਭਟਕਦਾ
ਮੈਂ ਨਿਹੱਥਾ ਯਾਤਰੀ
ਮੇਰੇ ਕੋਲ ਕੁੱਝ ਵੀ ਨਹੀਂ ਹੈ
ਸਿਵਾ ਧਾਰਨਾਵਾਂ ਦੀਆਂ ਕੁੱਝ ਫੌੜੀਆਂ ਦੇ

ਇਹ ਫੌੜੀਆਂ ਵੀ ਮੈਂ
ਤੇਰੇ ਕਦਮਾਂ ਵਿੱਚ ਰੱਖ ਰਿਹਾ ਹਾਂ
ਮੇਰਾ ਹੱਥ ਪਕੜ ਲੈ

ਇਨਸਾਨ ਦੇ ਅੰਦਰ
ਉਤੇਜਨਾ ਦੇ ਕੁੱਝ ਫੋੜੇ ਹਨ-
ਮੁਹੱਬਤ
ਗਿਆਨ

## ਨੈਤਿਕਤਾ

ਉਤੇਜਨਾ ਦੇ ਇਹ ਸਭ ਫੋੜੇ
ਹੁਣ ਫੁਟ ਚੁੱਕੇ ਹਨ
ਮੈਨੂੰ ਧੋ ਦੇ
ਧੁਰ ਅੰਦਰ ਤੱਕ

ਮੈਨੂੰ ਜਗਾ ਦੇ
ਜਿਵੇਂ ਕ੍ਰਿਸ਼ਨ ਦੇ ਹੱਥਾਂ ਵਿੱਚ
ਬੰਸਰੀ ਜਗਦੀ ਸੀ

ਮੇਰੇ ਛੇਦਾਂ ਨੂੰ
ਸੁਰ ਬਣਾ ਦੇ

## ਹੈਰਾਨ ਕਰ ਦੇ

ਜਿਵੇਂ ਡਿਗਦੇ ਸੇਬ ਨੂੰ ਦੇਖਕੇ
ਨਿਊਟਨ ਹੈਰਾਨ ਹੋਇਆ ਸੀ ਨਾ
ਤੂੰ ਮੈਨੂੰ
ਹਰ ਲਮਹੇ
ਹਰ ਹਰਕਤ
ਹਰ ਦ੍ਰਿਸ਼ ਤੋਂ
ਉਸੇ ਤਰਾਂ ਹੈਰਾਨ ਕਰਦੇ

ਤੇਰੀ ਹਰ ਹਰਕਤ ਵਿੱਚ ਮੁਕਤੀ ਹੈ
ਹਰ ਦ੍ਰਿਸ਼ ਵਿੱਚ ਨਿਰਵਾਣ
ਹਰ ਸੁਰ ਵਿੱਚ ਗਿਆਨ

ਬੱਚੇ ਵੱਡੇ ਹੁੰਦੇ ਹਨ
ਬੀਜ ਪੁੰਗਰਦੇ ਹਨ
ਪੰਛੀ ਡਰਦੇ ਹਨ
ਪਸ਼ੂ ਮੋਹ ਕਰਦੇ ਹਨ
ਬੰਦੇ ਗਾਉਂਦੇ ਹਨ
ਔਰਤਾਂ ਨ੍ਰਿਤ ਕਰਦੀਆਂ ਹਨ
ਮੈਂ ਇਸ ਨੂੰ
ਬਿਨਾਂ ਹੈਰਾਨ ਹੋਏ ਦੇਖਦਾਂ

ਹਰ ਪੱਤੇ ਦਾ ਚਿਹਰਾ ਹੈ
ਹਰ ਚਿਹਰਾ ਵੱਖਰਾ ਹੈ
ਹਰ ਅਵਾਜ਼ ਪਛਾਣੀ ਜਾ ਸਕਦੀ ਹੈ
ਹਰ ਗੰਧ ਵੱਖਰੀ ਹੈ

ਤੇ ਬ੍ਰਹਿਮੰਡ ਦਾ
ਕੋਈ ਅੰਤ ਨਹੀਂ ਹੈ
ਮੈਂ ਇਸ ਤੇ ਵੀ ਹੈਰਾਨ ਨਹੀਂ ਹੁੰਦਾ

ਬਾਲ ਰੋਂਦੇ ਹਨ
ਮਾਵਾਂ ਜੋਤ ਜਗਾਉਂਦੀਆਂ ਹਨ
ਬਾਪੂ ਦੀਆਂ ਅੱਖਾਂ ਵਿੱਚ ਹੰਝੂ ਨੇ
ਧੀਆਂ ਵਿਦਾ ਹੁੰਦੀਆਂ ਹਨ
ਮੈਂ ਇਸ ਤੋਂ ਵੀ ਅਚੰਭਿਤ ਨਹੀਂ ਹੁੰਦਾ

ਜਹਾਜ਼ ਉਡਦੇ ਹਨ
ਲੋਕਾਂ ਕੋਲ ਸੈੱਲ ਫੋਨ ਹਨ
ਮੇਰੇ ਟੇਬਲ ਤੇ ਕੰਪਿਊਟਰ ਹੈ
ਘਰ ਵਿੱਚ ਟੀਵੀ ਹੈ
ਮੈਂ ਕਿਸੇ ਤੋਂ ਵੀ ਹੈਰਾਨ ਨਹੀਂ ਹੁੰਦਾ

ਕੋਈ ਮਿਲਦਾ ਹੈ ਅਚਨਚੇਤੇ
ਫਕੀਰ ਦੁਆ ਕਰਦੇ ਹਨ
ਦਿਲ ਚ ਦਰਦ ਉਠਦਾ ਹੈ
ਕੋਈ ਚਲੇ ਜਾਂਦਾ ਹੈ
ਹਮੇਸ਼ਾ ਲਈ
ਮੈਂ ਫੇਰ ਵੀ ਹੈਰਾਨ ਨਹੀਂ ਹੁੰਦਾ

ਜੇ ਤੂੰ ਦਿਆਲ ਹੈਂ
ਤਾਂ ਮੈਨੂੰ
ਹਰ ਜ਼ਰੇ
ਹਰ ਪਲ ਤੇ
ਹੈਰਾਨ ਕਰਦੇ
ਸਮੁਚੀ ਕਾਇਨਾਤ ਜਿਵੇਂ
ਹੈਰਾਨਗੀ ਦਾ ਨ੍ਰਿਤ ਹੋਵੇ
ਤੇ ਜੀਵਨ
ਹੈਰਾਨੀ ਦੀ ਨਦੀ



ਮੇਰੇ ਲਈ ਤਾਂ
ਕਰਾਮਾਤ ਤੋਂ ਸਿਵਾ ਹੋਰ ਕੁੱਝ ਹੈ ਹੀ ਨਹੀਂ
ਮੈਂ ਚਾਹੇ ਮੈਨਹਟਨ ਦੀਆਂ ਗਲੀਆਂ ਵਿਚ ਤੁਰਦਾ ਹੋਵਾਂ
ਜਾਂ ਘਰਾਂ ਦੀਆਂ ਛੱਤਾਂ ਉਤੋਂ
ਦੂਰ ਅਸਮਾਨ ਵੱਲ ਵੇਖਾਂ
ਸਮੁੰਦਰ ਦੇ ਐਨ ਕੰਢੇ, ਬੀਚ ਉਤੇ
ਨੰਗੇ ਪੈਰੀਂ ਪਾਣੀ ਵਿੱਚ ਦੌੜਾਂ
ਜੰਗਲ ਵਿੱਚ ਦਰਖਤਾਂ ਹੇਠ ਖਲੋਵਾਂ
ਦਿਨ ਭਰ ਉਸ ਨਾਲ ਗੱਲਾਂ ਕਰਾਂ
ਜਿਸ ਨੂੰ ਮੈਂ ਪਿਆਰ ਕਰਦਾਂ
ਜਾਂ ਉਸ ਨਾਲ ਰਾਤ ਵੇਲੇ ਬਿਸਤਰ ਵਿੱਚ ਸੌਂਵਾਂ
ਦੂਸਰਿਆਂ ਨਾਲ ਬਹਿਕੇ ਰਾਤ ਦਾ ਖਾਣਾ ਖਾਵਾਂ
ਕਾਰ ਵਿੱਚ ਸਫਰ ਕਰਦਿਆਂ ਅਜਨਬੀ ਲੋਕਾਂ ਨੂੰ ਦੇਖਾਂ

ਆਪਣੇ ਆਪ ਵਿੱਚ ਮਸਤ ਮਧੂ ਮੱਖੀਆਂ
ਖੇਤਾਂ ਵਿੱਚ ਚਰਦੇ ਪਸ਼ੂ
ਪੰਛੀਆਂ ਜਾਂ ਹਵਾ ਵਿੱਚ ਉਡਦੇ ਅਦਭੁਤ ਕੀਟ
ਛੁਪਦੇ ਸੂਰਜ ਦੀ ਅਕਹਿ ਸੁੰਦਰਤਾ
ਅਸਮਾਨ ਵਿੱਚ ਖਾਮੋਸ਼ ਚਮਕਦੇ ਤਾਰੇ
ਚੰਨ ਦੀ ਖ਼ੂਬਸੂਰਤ ਗੋਲਾਈ
ਮੇਰੇ ਲਈ ਇਹ ਸਾਰਾ ਕੁੱਝ
ਕਰਾਮਾਤ ਹੈ
ਇਹ ਸਮੁਚਾ ਵਰਤਾਰਾ
ਹਰ ਚੀਜ਼ ਵੱਖਰੀ
ਆਪਣੀ ਥਾਂ ਸਿਰ ਟਿਕੀ ਹੋਈ

**ਵਾਲਟ ਵਿਟਮੈਨ**

॥ ੧ ॥

ਕੈਦ ਏ ਹਯਾਤ ਓ ਬੰਦੇ ਗਮ ਅਸਲ ਮੇਂ ਦੋਨੋਂ ਏਕ ਹੈਂ
ਮੌਤ ਸੇ ਪਹਿਲੇ ਆਦਮੀ ਗਮ ਸੇ ਨਜਾਤ ਪਾਏ ਕਿਉਂ

ਮਿਰਜ਼ਾ ਗਾਲਿਬ

## ਮੁਰਸ਼ਦ

ਕੋਈ ਛਾਂ ਤੁਰਦੀ ਹੈ ਨਾਲ ਨਾਲ
ਕੋਈ ਮੇਰੀਆਂ ਅੱਖਾਂ ਚੋਂ ਦੇਖਦਾ ਹੈ

ਮੈਂ ਅੰਨੇਵਾਹ ਦੌੜ ਰਿਹਾ ਸਾਂ
ਕੁੱਝ ਕਦਮ ਅੱਗੇ ਮੌਤ ਸੀ
ਐਨ ਕੰਢੇ ਤੋਂ ਮੁੜ ਆਇਆ
ਇਹ ਕੌਣ ਸੀ
ਜੋ ਮੈਨੂੰ ਮੋੜ ਲਿਆਇਆ

ਮੈਂ ਜੀਵਨ ਦਾ ਅਣਜਾਣ ਸਿਪਾਹੀ
ਘਿਰ ਗਿਆ ਸਾਂ ਚੱਕਰਵਿਊ ਚ
ਉਹ ਕੌਣ ਸੀ
ਜੋ ਮੈਨੂੰ ਬਾਹਰ ਕੱਢ ਲਿਆਇਆ

ਬਹੁਤ ਸਾਰੇ ਮੋੜ
ਜੋ ਮੈਂ ਲੰਘ ਆਇਆ
ਜਿਵੇਂ ਕੋਈ ਅੱਖਾਂ ਮੀਚਕੇ
ਪਰਚੀ ਚੁੱਕਦਾ ਹੈ
ਇਹ ਮੋੜ
ਹੁਣ ਮੈਂ ਪਿੱਛੇ ਮੁੜਕੇ ਦੇਖਦਾਂ–
ਕੋਈ ਹੋਰ ਸੀ
ਜੋ ਮੇਰੀਆਂ ਅੱਖਾਂ ਚੋਂ ਸੋਚ ਰਿਹਾ ਸੀ
ਜੋ ਮੈਨੂੰ ਲੈ ਆਇਆ

ਉਹ ਅੰਦਰ ਹੈ
ਜਿਵੇਂ ਜ਼ਮੀਰ ਬੋਲਦੀ ਹੈ
ਜਿਵੇਂ ਚੁਪ ਗੂੰਜਦੀ ਹੈ
ਜਿਵੇਂ ਆਪਣੀਆਂ ਅੱਖਾਂ ਨਾਲ ਮੈਂ
ਖ਼ੁਦ ਨੂੰ ਹੀ ਦੇਖਦਾ ਹਾਂ

ਉਹ ਮੈਨੂੰ ਵੱਡਾ ਕਰਦਾ ਹੈ
ਜਿਵੇਂ ਬੱਚਾ ਕੋਈ ਤੁਰਨਾ ਸਿਖਦਾ ਹੈ
ਜਿਵੇਂ ਵੱਡਾ ਕੋਈ ਤੈਰਨਾ ਸਿੱਖਦਾ ਹੈ
ਜਿਵੇਂ ਰੰਗਰੂਟ ਕੋਈ
ਲੜਨਾ ਸਿੱਖਦਾ ਹੈ
ਜਿਵੇਂ ਲੜਕੀ ਕੋਈ ਮਾਂ ਬਣਦੀ ਹੈ
ਜਿਵੇਂ ਬਿਰਧ ਕੋਈ ਸਿਖਦਾ ਹੈ
ਹੰਝੂਆਂ ਨੂੰ ਥੰਮਣਾ

ਮੈਂ ਉਸਦੀ ਉਂਗਲ ਫੜੀ ਹੈ

## ਅਰਦਾਸ

ਮੈਂ ਕੀ ਅਰਦਾਸ ਕਰਾਂ
ਕੋਈ ਵੀ ਕਮੀ ਨਹੀਂ ਹੈ
ਹਰ ਸ਼ੈਅ ਸੰਪੂਰਨ
ਹਰ ਪਲ
ਹਰ ਕਣ
ਤੇਰੇ ਨਾਲ ਭਰਪੂਰ
ਹਰ ਉਡੀਕ
ਹਰ ਦਰਦ
ਹਰ ਮਿਲਣੀ
ਤੇਰੇ ਸੇਕ ਨਾਲ ਮਘ ਰਹੀ ਹੈ
ਤੂੰ ਮਹਾਂ ਕਲਾਕਾਰ ਹੈਂ
ਐਨਾ ਗੁਸਤਾਖ ਕਿਵੇਂ ਹੋਵਾਂ
ਕਿ ਤੈਨੂੰ ਸਲਾਹ ਦੇਵਾਂ
ਇਸ ਚਿੱਤਰ ਵਿੱਚ
ਇਸ ਸੰਗੀਤ ਵਿੱਚ
ਕਾਵਿ ਵਿੱਚ
ਮੇਰੀ ਅਰਦਾਸ ਵਿਘਨ ਪਾ ਦੇਵੇਗੀ

## ਦੁਨੀਆ

ਮੈਂ ਤੇਰੇ ਚ ਛਾਲ ਮਾਰੀ
ਅੱਖਾਂ ਬੰਦ ਕਰਕੇ
ਤਲ ਨਾਲ ਟਕਰਾਕੇ
ਉਪਰ ਆ ਗਿਆ
ਮੇਰਾ ਤਾਂ ਬੱਸ
ਐਨਾ ਹੀ ਮਹਾਂਭਾਰਤ ਹੈ

ਦੇਖ ਮੈਂ ਕਿੰਨਾ ਸੰਖੇਪ ਹਾਂ

ਉਪਰੋਂ ਤੂੰ ਬਹੁਤ ਸਾਦੀ
ਅੰਦਰੋਂ ਬਹੁਤ ਗਹਿਰੀ
ਜਿਵੇਂ ਸਮੁੰਦਰ ਹੁੰਦਾ ਹੈ
ਕਿਸੇ ਦੇ ਮਨ ਦਾ

ਮੈਂ ਨੀਚੇ ਜਾ ਰਿਹਾ ਸਾਂ
ਅੱਖਾਂ ਬੰਦ ਕਰਕੇ
ਲਗਦਾ ਸੀ ਉਪਰ ਉਠ ਰਿਹਾ ਹਾਂ
ਉਡ ਰਿਹਾ ਹਾਂ

ਬੰਦ ਅੱਖਾਂ ਨਾਲ ਕੋਈ
ਮਨਚਾਹੇ ਦ੍ਰਿਸ਼ ਦੇਖ ਸਕਦਾ ਹੈ

ਗਿਆਨ ਪ੍ਰਾਪਤੀ ਦਾ ਮਤਲਬ

ਜੀਵਨ ਦੇ ਤਲ ਨਾਲ
ਸਿਰ ਵੱਜਣਾ ਹੁੰਦਾ ਹੈ
ਇਹ ਮੈਨੂੰ ਪਤਾ ਨਹੀਂ ਸੀ
ਤਲ ਇਹ ਐਨਾ ਠੋਸ ਹੈ
ਮੈਨੂੰ ਪਤਾ ਨਹੀਂ ਸੀ
ਤੇ ਮਨਾਂ ਦੇ ਵੀ ਤਲ ਹੁੰਦੇ ਹਨ
ਇਹ ਵੀ ਮੈਨੂੰ ਪਤਾ ਨਹੀਂ ਸੀ
ਮੈਂ ਤੇਰੇ ਤਲ ਨੂੰ ਸਿਰ ਮਾਰਿਆ ਹੈ
ਮੈਂ ਵੀ ਕੈਸਾ ਖੋਜੀ ਹਾਂ

ਤਲ ਨਾਲ ਸਿਰ ਵੱਜਣ ਤੋ
ਉਪਰ ਕੰਢੇ ਤੱਕ ਆਉਣ ਦਾ ਸਫਰ
ਜ਼ਿਆਦਾ ਭਿਆਨਕ ਹੈ
ਅੰਦਰ ਤੇਰਾ
ਬਿਲਕੁਲ ਪੁਰਾਣੇ ਕਿਲੇ ਵਰਗਾ ਹੈ
ਜਾਲੇ ਹੀ ਜਾਲੇ
ਕਮਰੇ ਹੀ ਕਮਰੇ
ਗੁਪਤ ਤਹਿਖਾਨੇ
ਰਿਸ਼ਤਿਆਂ ਦੀਆਂ ਬੰਦ ਅਲਮਾਰੀਆਂ
ਕਿੰਨਾ ਕੁੱਝ ਹੀ
ਮਨ ਦੇ ਸਮੁੰਦਰ ਵਿੱਚ ਤੈਰ ਰਿਹਾ ਸੀ
ਰਿਸ਼ਤੇ
ਜਾਲਿਆਂ ਵਾਂਗ ਲਟਕ ਰਹੇ ਸਨ
ਚਿਹਰੇ ਕਿੰਨੇ ਹੀ
ਪੁਰਾਣੀਆਂ ਫਰੇਮਾਂ ਚ ਜੜੇ ਸਨ
ਬੰਦੇ ਜੋ ਬੀਤ ਗਏ
ਉਨਾਂ ਦੇ ਭੂਤ ਘੁੰਮ ਰਹੇ ਸਨ
ਜੋ ਵੀ ਰਹਿ ਗਏ
ਇਸ ਕਿਲੇ ਵਿੱਚ
ਉਨਾਂ ਸਭ ਦੀਆਂ ਪੈੜਾਂ
ਨਿਸ਼ਾਨ
ਜਗ੍ਹਾ ਜਗ੍ਹਾ ਭਿਣਕ ਰਹੇ ਸਨ

ਸ਼ਬਦਾਂ ਤੇ ਚਿਹਰਿਆਂ ਦਾ
ਅੰਦਰਲਾ ਪਾਸਾ ਦਿਸਦਾ ਸੀ

ਮਨ ਤੇਰਾ ਇਸ ਤਰਾਂ ਹੈ
ਜਿਵੇਂ ਸਮੁੰਦਰ ਵਿੱਚ
ਮੱਛੀਆਂ ਦੀ ਸੰਖਿਆ
ਬਹੁਤ ਵਧ ਗਈ ਹੋਵੇ
ਭੀੜ ਹੀ ਭੀੜ
ਖਿਆਲਾਂ ਦੀ
ਬੰਦਿਆਂ ਦੀ
ਪ੍ਰਭਾਵਾਂ ਦੀ

ਜੀਵਨ ਸਾਰੇ ਦਾ ਸਾਰਾ
ਥੱਲੇ ਹੈ ਸਤਹਿ ਦੇ
ਉਪਰ ਸਿਰਫ ਚਿਹਰੇ ਹਨ
ਸ਼ਬਦ ਹਨ
ਇਮਾਰਤਾਂ ਹਨ

ਕੰਢੇ ਤੇ ਬੈਠਾ
ਹੁਣ ਮੈਂ ਸੋਚ ਰਿਹਾਂ
ਦੁਨੀਆ ਕਿੰਨੀ ਛੋਟੀ ਹੈ
ਬੰਦੇ ਦੇ ਮਨ ਜਿੰਨੀ
ਮਨ ਦੀ ਟੁਭੀ ਮਾਰਕੇ
ਤੁਸੀਂ ਦੁਨੀਆ ਦਾ ਤਲ ਵੇਖ ਸਕਦੇ ਹੋ

## ਮਨ ਦੀ ਤਾਰ

ਇਹ ਦਰਦ
ਮੇਰੇ ਮਨ ਦੀ ਕੱਸੀ ਹੋਈ ਤਾਰ ਹੈ
ਇਸ ਚੋਂ ਸੁਰ ਨਿਕਲਦੇ ਹਨ
ਸਤਰੰਗੇ
ਇਹ ਜੋ ਖਿੱਚ ਹੈ
ਅਦਿੱਖ
ਅਬੁੱਝ
ਧੂਹ ਜਿਹੀ
ਇਸੇ ਨੇ ਮੈਨੂੰ ਸੁਰ ਚ ਰੱਖਿਆ ਹੈ

ਮੈਂ ਵੱਜਦਾ ਹਾਂ
ਇਸੇ ਦਰਦ ਨਾਲ
ਇਸੇ ਨਾਲ ਸਿਤਾਰ ਵੱਜਦਾ ਹੈ
ਮੇਰੇ ਮਨ ਦੀ ਇਸ ਤਾਰ ਦਾ
ਇੱਕ ਸਿਰਾ ਅਸਮਾਨ ਵਿੱਚ ਹੈ
ਇੱਕ ਪਤਾਲ ਵਿੱਚ
ਮੈਂ ਤਾਂ
ਉਹ ਥੋੜ੍ਹੀ ਜਿਹੀ ਥਾਂ ਹਾਂ
ਜਿਥੇ ਤੇਰੀ ਉਂਗਲ ਛੂੰਹਦੀ ਹੈ

ਤੇਰੀ ਇਸ ਖਿੱਚ ਬਿਨਾਂ
ਮੈਂ ਸੁਰ ਚ ਨਹੀਂ ਆਉਂਦਾ

## ਸਾਗਰ ਵੱਲ

ਸਾਰੀਆਂ ਨਦੀਆਂ
ਸਾਗਰ ਵੱਲ ਜਾਂਦੀਆਂ ਹਨ
ਸਾਰੇ ਦਰਦ ਰੱਬ ਵੱਲ

ਮੈਂ ਵਹਿਣ ਲੱਗਾ ਹਾਂ
ਜਿਵੇਂ ਕੋਈ ਨਦੀ
ਪਹਿਲੀ ਵਾਰ
ਪਹਾੜੋਂ ਉਤਰੀ ਹੋਵੇ
ਮੇਰਾ ਇਹ ਤਰਲ ਦਰਦ
ਸਾਗਰ ਤੋਂ ਉਰੇ
ਕਿੱਥੇ ਰੁਕੇ

ਮੁਹੱਬਤ
ਇਸ ਧਰਤੀ ਦਾ ਪਾਣੀ
ਅਸਮਾਨ ਤੋਂ ਆਇਆ
ਅਸਮਾਨ ਵੱਲ ਚਲੇ ਜਾਏਗਾ

ਕੁੱਝ ਦਰਦ
ਰਹਿ ਜਾਏਗਾ ਸੀਨੇ ਚ
ਧਰਤੀ ਹੇਠਲੇ ਪਾਣੀ ਵਾਂਗ
ਕਦੇ ਕਦੇ ਫੁੱਟੇਗਾ

ਮੈਂ ਪਿਘਲਿਆ ਬੰਦਾ
ਤੇਰੇ ਬਿਨਾਂ
ਕਿਥੇ ਰੁਕਾਂ ਮੇਰੇ ਸਾਗਰ

ਸਾਰੇ ਪਾਣੀ
ਸਾਗਰ ਕੋਲ ਜਾਂਦੇ ਹਨ
ਜਿਵੇਂ ਸਾਰੀ ਮੁਹੱਬਤ ਰੱਬ ਕੋਲ
ਸਾਰੇ ਦਰਦ ਅਸਮਾਨ ਕੋਲ
ਸਾਰੇ ਅੱਖਰ ਚੁਪ ਕੋਲ

## ਵਸਲ ਤੇ ਹਿਜਰ

ਵਸਲ ਤੇ ਹਿਜਰ
ਘੁਲੇ ਹਨ ਇੱਕ ਦੂਜੇ ਚ
ਜਿਵੇਂ ਸ਼ਾਮ ਵੇਲੇ
ਦਿਨ ਤੇ ਰਾਤ ਮਿਲਦੇ ਨੇ
ਨਾ ਕੋਈ ਵਸਲ ਪੂਰਾ ਹੈ
ਨਾ ਹਿਜਰ
ਜ਼ਿੰਦਗੀ
ਕਿੰਨੀ ਸ਼ਾਮ ਜਿਹੀ ਹੈ

ਹਰ ਅਹਿਸਾਸ ਅਧੂਰਾ ਹੈ
ਜਾਂ ਸਾਰੇ ਅਹਿਸਾਸ
ਰਲੇ ਹਨ ਇੱਕ ਦੂਜੇ ਚ
ਕੁੱਝ ਵੀ ਪਤਾ ਨਹੀਂ ਲੱਗਦਾ

ਜ਼ਿੰਦਗੀ ਸ਼ਾਇਦ
ਵਿਛੋੜੇ ਤੇ ਮਿਲਾਪ ਵਿਚਾਲੇ ਲਟਕਦੀ
ਪੀੜ ਹੈ ਕੋਈ
ਸ਼ਾਮ ਨਾਲ
ਇਸ ਦੀ ਸੁਰ ਮਿਲਦੀ ਹੈ
ਜਾਗ ਪੈਂਦੀ ਹੈ
ਸ਼ਾਮ ਵੇਲੇ
ਕਵੀਆਂ ਨੂੰ ਸ਼ਾਮ ਵੇਲੇ
ਵੈਰਾਗ ਉਠਦਾ ਹੈ

ਨਾ ਤੂੰ ਦੂਰ ਹੈਂ
ਨਾ ਨੇੜੇ
ਕਿਤੇ ਵਿਚਾਲੇ ਜਿਹੇ ਹੈਂ
ਜਿਥੇ ਹੱਥ ਨਹੀਂ ਪਹੁੰਚਦਾ ਅਜੇ
ਇੱਕ ਪੀੜ ਜਿਹੀ ਹੈ

## ਲਕੀਰ ਦੇ ਪਾਰ

ਖਿੱਚ ਲੈ ਮੈਨੂੰ ਬਾਹੋਂ ਫੜਕੇ
ਲਕੀਰ ਦੇ ਉਸ ਪਾਰ
ਜਿਸ ਪਾਸੇ ਸਿਰਫ ਤੂੰ ਹੀ ਤੂੰ ਹੈਂ
ਤੜਫ ਹੁਣ ਹੋਰ ਸਹਿ ਨਹੀਂ ਹੁੰਦੀ

ਇਸ ਪਾਸੇ ਬੋਝਲ ਦੁਨੀਆ ਹੈ
ਜਿਸ ਦੇ ਸਭ ਅਕਾਰ
ਸਭ ਨਾਂ
ਦਿਲੋਂ ਲਹਿ ਗਏ ਨੇ

ਇਸ ਪਾਸੇ
ਉਪਰਾਮਤਾ ਦਾ ਜੰਗਲ
ਉੱਗ ਆਇਆ ਹੈ
ਹੁੰਮਸ ਦੀ ਹਵਾ ਵਗਦੀ ਹੈ
ਕਿਸੇ ਦ੍ਰਿਸ਼ ਵਿੱਚ ਰੌਸ਼ਨੀ ਨਹੀਂ
ਕਿਸੇ ਛੁਹ ਵਿੱਚ ਧੜਕਣ ਨਹੀਂ
ਹਰ ਕਿਣਕੇ ਵਿੱਚ
ਤੇਰੀ ਕਮੀ ਹੈ

ਤੂੰ ਮੈਨੂੰ ਇਸ ਵੀਰਾਨ ਦੁਨੀਆ ਵਿੱਚ ਨਾ ਰੱਖ

ਮੈਂ ਇਸ ਲਕੀਰ ਨੂੰ
ਟੱਪ ਰਿਹਾ ਹਾਂ

ਜਿਵੇਂ ਗ੍ਰਹਿ ਪੰਧ ਤੇ ਪੈਣ ਤੋਂ ਪਹਿਲਾਂ
ਕੋਈ ਉਪਗ੍ਰਹਿ
ਗੁਰੂਤਾ ਦਾ ਘੇਰਾ ਤੋੜਦਾ ਹੈ

ਮੈਂ ਦੌੜ ਰਿਹਾ ਹਾਂ ਤੇਰੇ ਵੱਲ
ਤੂੰ ਮੈਨੂੰ ਖਿੱਚ ਲੈ ਜ਼ੋਰ ਨਾਲ
ਹੋਰ ਜ਼ੋਰ ਨਾਲ
ਜਿਵੇਂ ਕੋਈ ਡੁੱਬਦੇ ਨੂੰ ਬਚਾਉਂਦਾ ਹੈ

ਖਿੱਚ ਲੈ ਮੈਨੂੰ ਉਸ ਪਾਰ
ਜਿੱਥੇ ਸਿਰਫ ਤੂੰ ਹੀ ਤੂੰ ਹੈਂ
ਜਿਥੇ ਤੇਰੇ ਸਾਹ ਦੀ ਹਵਾ ਹੈ
ਤੇ ਤੇਰੀ ਨਜ਼ਰ ਦੀ ਰੌਸ਼ਨੀ

ਵਸਾ ਲੈ ਆਪਣੇ ਵਿੱਚ
ਦੂਰ ਉੱਡਦੀ ਉਸ ਇੱਲ ਦੀ ਤਰਾਂ
ਜਿਹੜੀ ਗਹਿਰੇ ਅਸਮਾਨ ਵਿੱਚ
ਨਿਰਉਚੇਚ ਉਡਦੀ ਹੈ

## ਤਪੀ ਨਹੀਂ

ਮੁਕਤੀ ਜੇ ਮਰਕੇ ਮਿਲਦੀ
ਮਰ ਜਾਂਦਾ
ਚੈਨ ਜੇ ਜਿਊਣ ਵਿੱਚ ਹੁੰਦਾ
ਜਿਊਂ ਲੈਂਦਾ
ਇਹ ਜੋ ਮਰ ਮਰ ਕੇ ਜਿਊਣਾ ਹੈ
ਇਹ ਜੋ ਡੁੱਬ ਡੁੱਬ ਕੇ ਤਰਨਾ ਹੈ
ਇਸ ਦਾ ਕੀ ਕਰਾਂ

ਕੋਈ ਤਾਂ ਰਾਹ ਹੋਵੇ
ਛੱਡਣ ਦਾ ਜਾਂ ਪਕੜਨ ਦਾ
ਤੱਤੇ ਥਮਲਿਆਂ ਨੂੰ
ਜੱਫੀਆਂ ਤਾਂ ਨਾ ਪੁਆ
ਸਿਰ ਦੇ ਭਾਰ ਤੁਰਨ ਲਈ ਤਾਂ ਨਾ ਕਹਿ

ਮੈਂ ਕਿੱਥੇ ਖੁੰਝ ਗਿਆ ਸਾਂ
ਮੈਨੂੰ ਨਹੀਂ ਪਤਾ
ਇਸ ਜਨਮ ਵਿੱਚ
ਜਾਂ ਪਹਿਲਾਂ ਕਿਤੇ
ਚਾਹ ਕੇ ਵੀ
ਤੇਰੇ ਮੇਚ ਦਾ ਨਹੀਂ ਹੋ ਸਕਦਾ
ਮੈਂ ਮਾਂ ਨਹੀਂ ਹਾਂ
ਮੈਂ ਐਨੀ ਵਫਾ ਕਿਥੋਂ ਲਿਆਵਾਂ

ਮੈਂ ਸਿਰਫ ਤੁਰਨਾ ਜਾਣਦਾ ਹਾਂ
ਰਾਹਾਂ ਦੀ ਮੈਨੂੰ ਕੋਈ ਖਬਰ ਨਹੀਂ
ਜਿਥੇ ਵੀ ਪਹੁੰਚ ਗਿਆ
ਕਬੂਲ ਕਰ ਲਈਂ
ਮੈਂ ਕੋਈ ਤਪੀ ਨਹੀਂ ਹਾਂ
ਤੇਰਾ ਆਮ ਜਿਹਾ ਬੰਦਾ ਹਾਂ ਪ੍ਰਭੂ

## ਅਕਾਸ਼ ਦੇਖਦਾ ਹੈ

ਅਕਾਸ਼ ਦੇਖਦਾ ਹੈ ਬਿਨਾਂ ਅੱਖਾਂ ਤੋਂ
ਬਿਨਾਂ ਅੱਖਾਂ ਦੇ ਮੈਨੂੰ ਅਕਾਸ਼ ਦੇਖਦਾ ਹੈ

ਅਕਾਸ਼ ਹਰ ਜਗ੍ਹਾ ਮੌਜੂਦ ਹੈ
ਹਰ ਦਿਸ਼ਾ ਵਿਚ
ਹਰ ਦ੍ਰਿਸ਼ ਵਿਚ
ਮੈਂ ਹਰ ਦ੍ਰਿਸ਼ ਅਤੇ ਦਿਸ਼ਾ ਵਿਚ ਅਕਾਸ਼ ਦੇਖਦਾ ਹਾਂ

ਮੇਰੇ ਕੋਲ ਤੇਰੀ ਕੋਈ ਤਸਵੀਰ ਨਹੀਂ ਹੈ
ਮੈਂ ਤੈਨੂੰ ਬਿਨਾਂ ਤਸਵੀਰ ਦੇ ਦੇਖਦਾ ਹਾਂ
ਸਾਰੇ ਅਕਾਸ਼ ਵਿਚੋਂ

ਅਕਾਸ਼ ਦੀ ਕੋਈ ਤਸਵੀਰ ਨਹੀਂ ਹੁੰਦੀ
ਸਿਰਫ ਇਕ ਝਲਕ ਹੁੰਦੀ ਹੈ
ਅਕਾਸ਼ ਦਿਸਦਾ ਹੈ
ਨਿੱਕੀਆਂ ਨਿੱਕੀਆਂ ਝਲਕੀਆਂ ਵਿਚ
ਕਿਤੇ ਧੁੰਧਲਾ, ਕਿਤੇ ਰੌਸ਼ਨੀ ਦੀ ਕੋਈ ਕਣੀ

ਮੈਂ ਅੱਖਾਂ ਵਾਲਾ ਇਨਸਾਨ
ਤੈਨੂੰ ਕਿਵੇਂ ਚਿਤਰਾਂ
ਮੈਂ ਤੇਰੀ ਕੀ ਤਸਵੀਰ ਬਣਾਵਾਂ
ਮੇਰੇ ਕੋਲ ਤੇਰੀ ਕੋਈ ਤਸਵੀਰ ਨਹੀਂ ਹੈ

ਪਿਆਰ ਦੀ ਕੋਈ ਤਸਵੀਰ ਨਹੀਂ ਬਣਦੀ
ਇਕ ਨਾਦ
ਇਕ ਅਵਾਜ਼ ਵਜਦੀ ਹੈ ਨਿਰੰਤਰ
ਨਬਜ਼ ਦੀ ਤਰਾਂ
ਸਾਹਾਂ ਵਿਚ ਰਾਤ ਦੀ ਰਾਣੀ ਫੈਲੀ ਹੈ

## ਦਰਦ ਬਹੁਤ ਹੈ

ਮੈਨੂੰ ਨਹੀਂ ਪਤਾ
ਇਹ ਦਰਦ ਕਿਸ ਦਾ ਹੈ
ਯੋਗ ਦਾ
ਵਿਯੋਗ ਦਾ
ਜਾਂ ਭਰਮਾਂ ਦੇ ਤਿੜਕਣ ਦਾ
ਪਰ ਇਹ ਦਰਦ ਬਹੁਤ ਹੈ

ਭਰਮ ਜੇ ਬਣਿਆ ਰਹਿੰਦਾ
ਤੇਰੀ ਮਾਇਆ ਦਾ
ਸੁੱਤਿਆਂ ਸਫਰ ਲੰਘ ਜਾਣਾ ਸੀ
ਜ਼ਿੰਦਗੀ ਇੰਝ ਹੀ ਤਾਂ ਕੱਟਦੀ ਹੈ

ਭੇਤ ਜਦ ਖੁਲ੍ਹ ਗਏ ਨੇ ਹੁਣ
ਹੁਣ ਕੋਈ ਚਾਰਾ ਨਹੀਂ

ਵਜੂਦ ਬੰਦੇ ਦਾ
ਹੋਰ ਕੁੱਝ ਵੀ ਨਹੀਂ ਹੈ
ਸਾਬਣ ਦੀ ਟਿੱਕੀ ਵਾਂਗ
ਬੱਸ ਘਸਦੇ ਜਾਣਾ ਹੈ
ਜਾਂ ਬੁਝ ਜਾਣਾ ਹੈ
ਦੀਵੇ ਵਾਂਗ

ਸਭ ਮਿਲਾਪ

ਗੁਬਾਰਿਆਂ ਵਰਗੇ ਹਨ
ਫੁੱਟਦਿਆਂ ਪਤਾ ਨਹੀਂ ਲੱਗਦਾ
ਰਿਸ਼ਤੇ ਸਭ ਮਿੱਟੀ ਦੇ ਖਿਡੌਣੇ ਹਨ
ਖੁਰਦਿਆਂ ਦੇਰ ਨਹੀਂ ਲਾਉਂਦੇ
ਤੇ ਅਰਥ ਸਭ ਆਈਸਕਰੀਮ ਵਰਗੇ
ਹੱਥਾਂ ਚ ਹੀ ਪਿਘਲ ਜਾਂਦੇ ਹਨ

ਭੇਤਾਂ ਦਾ ਖੁਲਣਾ ਵੀ
ਕਿੰਨਾ ਪੀੜਾਦਾਇਕ ਹੈ

## ਪੁਕਾਰ

ਨਾ ਪੌਣ ਇਹ ਸੁਨੇਹਾ ਲਿਜਾਂਦੀ ਹੈ
ਨਾ ਪੰਛੀ
ਨਾ ਝੱਲੇ ਬੱਦਲ

ਕਦੇ ਕਦੇ
ਮੇਰਾ ਸੁਨੇਹਾ ਤੇਰੇ ਤੱਕ
ਕੋਈ ਨਹੀਂ ਪਹੁੰਚਾਉਂਦਾ

ਉਦੋਂ ਮੈਂ ਤੈਨੂੰ ਕਿਵੇਂ ਪੁਕਾਰਾਂ

ਭਾਵ ਇਹ ਬੋਝਲ ਜਿਹੇ ਨੇ
ਸ਼ਾਮ ਜਦ ਢਲਦੀ ਹੈ
ਤਾਂ ਪੂਰੀ ਕਾਇਨਾਤ
ਇੱਕ ਬੰਦ ਕੋਠੜੀ ਬਣ ਜਾਂਦੀ ਹੈ
ਜੀ ਕਰਦਾ ਹੈ ਕਿ ਕੋਈ ਆਵੇ
ਤੇ ਤੇਰੇ ਵੱਲ ਖੁਲ੍ਹਦੀ ਕੋਈ ਬਾਰੀ
ਖੋਲ ਦੇਵੇ
ਅਚਾਨਕ ਤੇਰੀ ਮਹਿਕ
ਘੁਲ ਜਾਵੇ
ਜਿਵੇਂ ਦਮ ਘੁੱਟਦੇ ਇਨਸਾਨ ਨੂੰ
ਸਾਹ ਆਉਂਦਾ ਹੈ

ਰਾਤ ਜਦ ਸੌਂਦੀ ਹੈ ਤੇਰੇ ਨਾਲ

ਨੀਂਦਰਾਈ ਪੌਣ
ਹੌਲੀ ਹੌਲੀ ਚੱਲਦੀ ਹੈ
ਨਬਜ਼ ਮੇਰੀ ਨਾਲ
ਤਾਲ ਮਿਲਾਉਂਦੀ ਹੈ
ਤੇਰੇ ਤੇ ਮੇਰੇ ਵਿਚਕਾਰਲੀ ਦੂਰੀ
ਪੂਰੇ ਅਸਮਾਨ ਨੂੰ
ਘੇਰ ਲੈਂਦੀ ਹੈ
ਉਸ ਪਲ
ਧਰਤੀ ਤੇ ਮਨ ਨਹੀਂ ਲੱਗਦਾ

ਸੋਚਦਾਂ ਤੈਨੂੰ ਪੁਕਾਰ ਲਵਾਂ
ਪਰ ਅਵਾਜ਼ਾਂ ਵੀ ਜਜ਼ਬਿਆਂ ਨੂੰ
ਨਹੀਂ ਚੁੱਕ ਸਕਦੀਆਂ ਸ਼ਾਇਦ
ਬੋਲ ਚੁੱਪ ਨੂੰ ਨਹੀਂ ਬੋਲ ਸਕਦੇ
ਉਦਾਸੀ ਸ਼ਬਦਾਂ ਚ ਵੀ ਸਮਾਈ ਨਹੀਂ ਜਾਂਦੀ

ਪਰ ਮੈਂ ਤੈਨੂੰ ਪੁਕਾਰਨਾ ਚਾਹੁੰਦਾ
ਉਹ ਪੁਕਾਰ
ਜਿਹੜੀ ਬਿਨਾਂ ਪੁਕਾਰਿਆਂ ਸੁਣਦੀ ਹੈ
ਜਿਹੜੀ ਬੋਲਾਂ, ਅਵਾਜ਼ਾਂ ਦੇ
ਵਿਚਕਾਰੋਂ ਲੰਘ ਜਾਂਦੀ ਹੈ
ਜਿਹੜੀ ਪੁਕਾਰ ਰੱਬ ਨੂੰ ਸੁਣਦੀ ਹੈ
ਦਰਵੇਸ਼ ਜਿਸ ਪੁਕਾਰ ਦੇ
ਗਵਾਹ ਹੋਣ

ਕੋਈ ਐਸੀ ਪੁਕਾਰ ਮੈਂ ਕਿਵੇਂ ਪੁਕਾਰਾਂ

## ਬੇਨਾਮ

ਕਵਿਤਾ ਜੇ ਚਿਤਰ ਸਕਦੇ
ਸੰਗੀਤ ਜੇ ਲਿਖ ਹੁੰਦਾ
ਪੇਂਟਿੰਗ ਜੇ ਗਾ ਸਕਦੇ
ਤਾਂ ਮੈਂ ਤੈਨੂੰ ਕੋਈ ਨਾਂ ਦਿੰਦਾ

ਸ਼ਬਦ ਤਾਂ ਇੰਝ ਹਨ
ਜਿਵੇਂ ਚਿਮਟੀ ਨਾਲ ਮਨ ਪਕੜਨ ਲੱਗੀਏ
ਜਾਂ ਪਾਣੀ ਚ ਤੇਰਾ ਨਾਂ ਲਿਖੀਏ
ਮੁੱਠੀਆਂ ਨਾਲ ਹਵਾ ਢੋਣ ਲੱਗੀਏ
ਸ਼ਬਦ ਤਾਂ ਮੇਰੇ ਮਨ ਦਾ
ਸਹਾਰਾ ਹਨ ਬੱਸ

ਤੂੰ ਇੰਝ ਹੀ ਰਹਿ
ਨਿਰਾਕਾਰ
ਬੇਨਾਮ
ਗੁੰਮਨਾਮ

ਜੀਵਨ ਅਸਲ ਵਿੱਚ ਸਾਗਰ ਹੈ
ਸ਼ਬਦ ਛੋਟੀਆਂ ਛੋਟੀਆਂ ਹੌਦੀਆਂ
ਇਨਾਂ ਵਿੱਚ ਅਸੀਂ
ਵੁਜ਼ੂ ਕਰਦੇ ਹਾਂ

ਚੱਲ ਫੇਰ ਮੈਂ ਅੱਜ ਤੈਨੂੰ ਕੋਈ ਨਾਂ ਨਹੀਂ ਦਿੰਦਾਂ

ਇੰਝ ਹੀ ਰਹਿ ਮੇਰੇ ਸਾਹਮਣੇ
ਨਿਰਾ ਚਿਹਰਾ
ਜਿਸ ਦਾ ਕੋਈ ਅਕਾਰ ਨਹੀਂ ਹੈ

## ਨੰਗਾ ਸੱਚ

ਭਰਮ ਜਦ ਟੁੱਟ ਗਿਆ ਹੈ
ਮਨ ਜਦ ਮੁੜ ਗਿਆ ਹੈ
ਹੁਣ ਕਿਸੇ ਸੱਚ ਤੋਂ
ਡਰ ਨਹੀਂ ਲੱਗਦਾ

ਜਿੰਨੀ ਦੇਰ ਇਹ
ਝੂਠ ਵਿੱਚ ਲਿਪਟਿਆ ਸੀ
ਡਰਾਉਂਦਾ ਸੀ

ਡਰ ਸਿਰਫ ਓਹਲਿਆਂ ਦਾ ਹੈ–

ਓਹਲਿਆਂ ਦੇ ਹਟ ਜਾਣ ਦਾ ਡਰ
ਨੰਗੀ ਅੱਖ ਨਾਲ
ਸੂਰਜ ਦੇਖ ਸਕਣ ਦਾ ਡਰ

ਜ਼ਿੰਦਗੀ ਸ਼ਾਇਦ ਓਹਲਿਆਂ ਦਾ
ਦੂਸਰਾ ਨਾਮ ਹੈ
ਜਿਵੇਂ ਰਿਸ਼ਤੇ ਲਿਪਟੇ ਹਨ
ਮੁਹੱਬਤ ਦੇ ਗਿਫਟ ਰੈਪ ਵਿੱਚ
ਅਰਥ ਲਿਪਟੇ ਹਨ
ਸ਼ਬਦਾਂ ਵਿੱਚ
ਨੰਗਾ ਜੀਵਨ ਲਿਪਟਿਆ ਹੈ
ਬੁਲੰਦ ਖਿਆਲਾਂ ਵਿੱਚ

ਮੌਤ ਲਿਪਟੀ ਹੈ
ਜ਼ਿੰਦਗੀ ਵਿੱਚ

ਪਰਦੇ ਹੁਣ ਹਟ ਗਏ ਹਨ
ਤਾਂ ਮੈਨੂੰ ਡਰ ਕੋਈ ਨਹੀਂ ਹੈ
ਰਿਸ਼ਤੇ
ਅਰਥ
ਜੀਵਨ
ਤੇ ਮੌਤ
ਸਾਰੇ ਬੇਪਰਦ ਹੋ ਚੁੱਕੇ ਹਨ

ਮੈਂ ਤੈਨੂੰ ਦੇਖ ਲਿਆ ਹੈ
ਹਰ ਤਰਾਂ ਦੇ ਕੱਜਣਾਂ ਤੋਂ ਬਗੈਰ
ਹੁਣ ਮੈਂ ਕੁੱਝ ਵੀ ਦੇਖ ਸਕਦਾ ਹਾਂ

## ਸਭ ਅੰਦਰ

ਸੱਚ ਸਭ ਦੇ ਅੰਦਰ ਹੈ
ਹਿੰਮਤ ਕਿਸੇ ਕਿਸੇ ਦੇ

ਸਭ ਦੇ ਅੰਦਰ ਰੱਬ ਹੈ
ਡਾਕੂਆਂ ਅੰਦਰ ਕਵਿਤਾ
ਲੀਡਰਾਂ ਅੰਦਰ ਧਰਮ
ਬੇਈਮਾਨਾਂ ਅੰਦਰ ਇਮਾਨਦਾਰੀ
ਕਾਤਲਾਂ ਅੰਦਰ ਰਹਿਮ
ਮੇਰੇ ਅੰਦਰ ਮੁਹੱਬਤ
ਤੇਰੇ ਅੰਦਰ ਵਫਾਦਾਰੀ

ਕੋਈ ਵੀ ਅਜਿਹਾ ਨਹੀਂ ਹੈ
ਜਿਸ ਅੰਦਰ ਸੱਚ ਮੌਜੂਦ ਨਾ ਹੋਵੇ
ਸਿਰਫ ਹਿੰਮਤ ਨਹੀਂ ਹੈ
ਦੇਖ ਸਕਣ ਦੀ
ਪਛਾਣ ਸਕਣ ਦੀ
ਫੜ ਸਕਣ ਦੀ
ਜਿਊ ਸਕਣ ਦੀ

ਸੱਚ ਹੋਣ
ਤੇ ਸੱਚ ਜਿਊ ਸਕਣ ਵਿਚਕਾਰ
ਇੱਕ ਡੂੰਘੀ ਖਾਈ ਹੈ
ਜਿਵੇਂ ਵਫਾ ਤੇ ਬੇਵਫਾਈ ਵਿਚਕਾਰ ਹੁੰਦੀ ਹੈ

ਇਹ ਖਾਈ ਤੰਗ ਕਰਦੀ ਹੈ

ਕਦੇ ਥੋੜ੍ਹੀ
ਕਦੇ ਬਹੁਤੀ
ਜਿਵੇਂ ਕਾਤਲਾਂ ਨੂੰ ਪਛਤਾਵਾ ਹੁੰਦਾ ਹੈ
ਜਿਵੇਂ ਬੇਈਮਾਨ
ਆਪਣੇ ਬੱਚਿਆਂ ਬਾਰੇ ਸੋਚਦੇ ਹਨ
ਜਿਵੇਂ ਬੇਵਫਾ ਨੂੰ ਉਬਾਲ ਉਠਦਾ ਹੈ
ਕਦੇ ਕਦੇ

ਰੱਬ ਜਿਵੇਂ ਯਾਦ ਆਉਂਦਾ ਹੈ
ਦੁਖ ਵੇਲੇ

ਸੱਚ ਸੁੱਕਦਾ ਨਹੀਂ ਹੈ
ਜ਼ਮੀਨ ਹੇਠ ਪਾਣੀ ਨਹੀਂ ਮੁੱਕਦਾ
ਅਸਮਾਨ ਅੰਦਰ
ਬਾਰਸ਼ ਨਹੀਂ ਮੁੱਕਦੀ
ਰਾਤਾਂ ਅੰਦਰ ਪ੍ਰਕਾਸ਼ ਨਹੀਂ ਮੁੱਕਦਾ
ਬੰਦਿਆਂ ਅੰਦਰ ਮੁਹੱਬਤ ਨਹੀਂ ਮੁੱਕਦੀ
ਮੁਹੱਬਤਾਂ ਅੰਦਰ
ਵਫਾ ਨਹੀਂ ਮੁੱਕਦੀ

ਹਿੰਮਤ ਵਿਰਲਿਆਂ ਕੋਲ ਹੈ
ਬੇਵਫਾਈਆਂ ਛੱਡ ਸਕਣ ਦੀ
ਮਨਾਂ ਨੂੰ ਮਾਰ ਸਕਣ ਦੀ
ਪਿੱਛੇ ਮੁੜ ਸਕਣ ਦੀ
ਵਿਦਾਇਗੀ ਲੈ ਸਕਣ ਦੀ
ਮੁਹੱਬਤ ਨਿਭਾ ਸਕਣ ਦੀ
ਕਵਿਤਾ ਜਿਊ ਸਕਣ ਦੀ

ਸਚਾਈ ਦੀ ਝਲਕ
ਸਭ ਦੇਖਦੇ ਹਨ ਆਪਣੇ ਅੰਦਰ
ਕਦੇ ਕਦੇ
ਕਦੇ ਕਦੇ ਜਿਵੇਂ ਕੋਈ ਯਾਦ ਆਉਂਦਾ ਹੈ

**ਰੱਬ ਦਾ ਤੋਹਫਾ**

ਦੁਖ ਮੇਰੇ ਮਨ ਵਿੱਚ
ਸੁਰਾਖ ਕਰਦੇ ਹਨ
ਦੁਖ ਮੇਰੀ ਆਤਮਾ ਤੱਕ ਪਹੁੰਚਦੇ ਹਨ
ਦੁਖ ਜਦ ਦੁਖਦੇ ਹਨ
ਮੈਂ ਆਪਣੇ ਧੁਰ ਅੰਦਰ ਤੱਕ ਜਾਗਦਾ ਹਾਂ
ਇਹ ਮੇਰੇ ਮਨ ਦੀ ਚੀੜ੍ਹੀ ਦੀਵਾਰ ਨੂੰ
ਚੀਰਦੇ ਹਨ ਹੌਲੇ ਹੌਲੇ

ਰੱਬ ਨੇ ਜਦ ਬੰਦਾ ਸਾਜਿਆ
ਤਾਂ ਇੱਕ ਤੋਹਫਾ ਦਿੱਤਾ
ਦੁਖਾਂ ਵਿਚ ਲਪੇਟ ਕੇ
ਬੰਦਾ ਇਸ ਤੋਹਫੇ ਨੂੰ
ਖੋਲ੍ਹਣ ਤੋਂ ਡਰਦਾ ਹੈ
ਦਿਲ ਜਿਵੇਂ ਪਿਘਲਣ ਤੋਂ ਡਰਦਾ ਹੈ
ਅੱਖਾਂ ਜਿਵੇਂ ਹੰਝੂਆਂ ਤੋਂ ਡਰਦੀਆਂ ਹਨ
ਬੱਚੇ ਜਿਵੇਂ ਟੀਕੇ ਤੋਂ ਡਰਦੇ ਹਨ

ਦੁਖਾਂ ਦੀ ਖੁਰਦਰੀ ਪਰਤ ਅੰਦਰ
ਇੱਕ ਸ਼ੀਸ਼ਾ ਲੁਕਿਆ ਹੈ
ਜਿਸ ਸ਼ੀਸ਼ੇ ਚੋਂ ਆਤਮਾ ਦਿਸਦੀ ਹੈ
ਜਿਸ ਵਿਚੋਂ
ਮਨ ਦੇ ਆਰ ਪਾਰ ਦਿਸਦਾ ਹੈ

ਹਰ ਦੁਖ ਕੋਈ ਸੁਨੇਹਾ ਹੈ ਸ਼ਾਇਦ
ਦੁਖਾਂ ਦੀ ਇਸ ਪਰਤ ਅੰਦਰ
ਰੱਬ ਦਾ ਕੋਈ ਤੋਹਫਾ ਲੁਕਿਆ ਹੈ
ਜਿਨ੍ਹਾਂ ਨੂੰ ਇਹ ਤੋਹਫਾ ਲੱਭ ਜਾਂਦਾ ਹੈ
ਉਹ ਦੁਨੀਆ ਨੂੰ ਇਸ ਤਰਾਂ ਦੇਖਦੇ ਹਨ
ਜਿਵੇਂ ਰੋਣ ਤੋਂ ਬਾਅਦ ਕੋਈ
ਮਹਿਬੂਬ ਨੂੰ ਦੇਖਦਾ ਹੈ

**ਪਰਦਾ**

ਐਨੀ ਬੇਪਰਦ ਜ਼ਿੰਦਗੀ ਕਿਵੇਂ ਦੇਖਾਂ
ਥੋੜ੍ਹੀ ਜਿਹੀ ਢਕੀ ਰਹਿਣ ਦੇ

ਇਹ ਮਹਿਜ਼ ਇੱਕ ਪਰਦਾ ਹੈ
ਤੇ ਅਸੀਂ ਪਾਤਰ
ਜਿਨ੍ਹਾਂ ਦੀ ਯਾਦਾਸ਼ਤ ਗੁਆਚ ਗਈ ਹੈ

ਨਾਟਕ ਜੇ ਚਲਦਾ ਰੱਖਣਾ ਹੈ
ਤਾਂ ਇਸ ਨੂੰ ਢਕੀ ਰਹਿਣ ਦੇ
ਮੈਂ ਕਿਵੇਂ ਦੇਖਾਂਗਾ
ਇਸ ਦਾ ਅਸਲ ਰੂਪ

ਪਰਦੇ ਓਹਲੇ ਸਭ ਕੁੱਝ ਡਰਾਉਣਾ ਹੈ–
ਚਿਹਰਿਆਂ ਪਿੱਛੇ ਮਨ
ਸ਼ਬਦਾਂ ਓਹਲੇ ਸੱਚ
ਰਿਸ਼ਤਿਆਂ ਓਹਲੇ ਬੇਵਫਾਈ

ਨੰਗੀ ਅੱਖ ਨਾਲ ਕੀ ਕੀ ਦੇਖਾਂ
–ਦਹੀਂ ਵਿੱਚ ਚੱਲਦੇ ਜੀਵ ਦਿਸਦੇ ਹਨ
–ਚਿਹਰਿਆਂ ਤੇ ਵਸੀ ਬੈਕਟੀਰੀਆ ਸਭਿਅਤਾ
–ਆਪਣੇ ਹੀ ਹੱਥਾਂ ਤੋਂ ਡਰ ਆਉਂਦਾ ਹੈ

ਚਿਹਰੇ ਹਟਾਵਾਂ

ਤਾਂ ਮਨ ਦਿਸਦੇ ਹਨ
ਕੁਰਬਲ ਕੁਰਬਲ ਕਰਦੇ
ਸ਼ਬਦ ਛੂਹਾਂ ਤਾਂ ਨਿਰੇ ਚਿਪਸ ਦੇ ਪੈਕਟ ਹਨ
ਸਿਰਫ ਹਵਾ ਨਾਲ ਭਰੇ ਹਨ
ਤੇ ਰਿਸ਼ਤੇ ਸਿਰਫ ਭ੍ਰਾਂਤੀ ਹੈ

ਮੈਂ ਰਿਸ਼ਤਿਆਂ ਦੇ ਅੰਦਰ ਝਾਕਿਆ
ਤੇ ਡਰ ਕੇ ਦੌੜ ਆਇਆ
ਕਿਸੇ ਨੂੰ ਕੀ ਦੱਸਾਂ
ਪਰਦਿਆਂ ਓਹਲੇ ਕੀ ਹੈ

ਸਭ ਪਾਰਦਰਸ਼ੀ ਹੋ ਗਿਆ ਹੈ
ਚਿਹਰੇ, ਸ਼ਬਦ, ਰਿਸ਼ਤੇ

ਮਨਾਂ ਦੀ ਕੁਰਬਲ
ਭਿਣਕਦੇ ਰਿਸ਼ਤੇ
ਫਟੇ ਹੋਏ ਸ਼ਬਦ

ਹਿੰਮਤ ਨਹੀਂ ਹੈ ਇਸ ਨੂੰ ਦੇਖਣ ਦੀ
ਜੀਵਨ ਦੀ ਇਸ ਲ੍ਹੀਲਾ ਨੂੰ
ਢਕੀ ਰਹਿਣ ਦੇ ਮੌਲਾ

## ਮਨ ਤੇ ਜ਼ਿੰਦਗੀ

ਜ਼ਿੰਦਗੀ ਅਜੀਬ ਸ਼ੈਅ ਹੈ
ਬੰਦੇ ਦੇ ਮਨ ਵਾਂਗ
ਕਿਸੇ ਵੀ ਪਾਸਿਓਂ
ਪਕੜੀ ਨਹੀਂ ਜਾ ਸਕਦੀ
ਕਿਸੇ ਪ੍ਰੀਭਾਸ਼ਾ ਚ ਨਹੀਂ ਟਿਕਦੀ

ਅਸਥਿਰ ਤੇ ਤਰਲ
ਰਿਸ਼ਤਿਆਂ ਵਾਂਗ

ਬੇਵਫਾ
ਬੰਦਿਆਂ ਵਾਂਗ

ਘੁਟੀ ਜਿਹੀ
ਘਰਾਂ ਵਾਂਗ

ਡਰੀ ਜਿਹੀ
ਮੁਹੱਬਤ ਵਾਂਗ

ਨਿੱਤ ਬਦਲਦੀ
ਖਿਆਲਾਂ ਵਾਂਗ

ਜ਼ਿੰਦਗੀ ਕੋਈ ਨਦੀ ਹੋਣੀ ਹੈ

ਫਿਰ ਵੀ ਕੁੱਝ ਹੈ
ਜੋ ਇਸਦੇ ਪਿੱਛੇ ਹੈ
ਕੋਈ ਧਾਗਾ
ਜਿਸ ਚ ਤਾਰੇ ਪਿਰੋਏ ਹਨ
ਜਿਸ ਤੇ ਧਰਤੀ ਖੜੀ ਹੈ
ਜਿਸ ਦੁਆਲੇ
ਸੂਰਜ ਘੁੰਮਦਾ ਹੈ

ਕੁੱਝ ਤਾਂ ਹੈ

ਮਨ ਵੀ ਤਾਂ ਬੰਦੇ ਦਾ
ਅਜੀਬ ਹੈ
ਜ਼ਿੰਦਗੀ ਵਾਂਗ

## ਲਾਈਟ ਐਂਡ ਸਾਊਂਡ

ਜ਼ਿੰਦਗੀ ਵੀ ਅਜੀਬ ਮਾਇਆ ਹੈ
ਝੂਠੀ ਮੁਹੱਬਤ ਵਰਗੀ
ਜਿਸ ਨੂੰ ਤੁਸੀਂ ਰੱਬ ਸਮਝਦੇ ਹੋ
ਉਹ ਬੰਦਾ ਨਿਕਲਦਾ ਹੈ
ਜਿਸ ਨੂੰ ਮਨ ਸਮਝਦੇ ਹੋ
ਉਹ ਨਿਰਾ ਜਿਸਮ

ਵਿਸ਼ਵਾਸ
ਸਾਡੀਆਂ ਅੱਖਾਂ ਦੀ ਰੌਸ਼ਨੀ ਹੈ ਸ਼ਾਇਦ
ਇਸ ਅਦਿਖ ਰੌਸ਼ਨੀ ਨਾਲ
ਅਸੀਂ ਰੰਗ ਦਿੰਦੇ ਹਾਂ
ਚਿਹਰਿਆਂ ਨੂੰ
ਬੰਦਿਆਂ ਨੂੰ ਖ਼ੁਦਾ ਬਣਾ ਲੈਂਦੇ ਹਾਂ
ਰਾਤ ਦੀਆਂ ਰੌਸ਼ਨੀਆਂ ਵਿੱਚ
ਸ਼ਹਿਰ ਜਿਵੇਂ ਚਮਕਦੇ ਹਨ

ਦਿਨ ਚੜ੍ਹਦਾ ਹੈ ਤਾਂ
ਦਿਸਦਾ ਹੈ
ਕੂੜਾ
ਨਾਲੀਆਂ
ਤੇ ਬਦਬੂਦਾਰ ਗਲੀਆਂ

ਜ਼ਿੰਦਗੀ
ਲਾਈਟ ਐਂਡ ਸਾਊਂਡ ਦਾ
ਡਰਾਮਾ ਹੈ ਸ਼ਾਇਦ

## ਥੋੜ੍ਹੀ ਥੋੜ੍ਹੀ ਨਮੀ

ਜ਼ਿੰਦਗੀ
ਥੋੜ੍ਹੀ ਥੋੜ੍ਹੀ ਨਮੀ ਹੈ
ਥੋੜ੍ਹਾ ਥੋੜ੍ਹਾ ਸੇਕ

ਕਿਸੇ ਵੀ ਸ਼ੈਅ ਨੂੰ ਪਲਟ ਕੇ ਦੇਖੋ
ਕਿਸੇ ਵੀ ਦ੍ਰਿਸ਼ ਦੇ ਅੰਦਰ
ਗਹਿਰੇ ਉਤਰ ਜਾਓ

ਕਾਹਲੀ ਵਿੱਚ ਦੌੜਦੇ ਲੋਕ
ਤੇਜ਼ ਰਫਤਾਰ ਕਾਰਾਂ
ਸੜਕਾਂ ਤੇ ਚੱਲਦੀਆਂ ਰੌਸ਼ਨੀਆਂ
ਸਾਰਿਆਂ ਦੇ ਪਿੱਛੇ
ਥੋੜ੍ਹਾ ਥੋੜ੍ਹਾ ਦਰਦ ਧੜਕ ਰਿਹਾ ਹੈ

ਖ਼ੂਬਸੂਰਤ ਜਿਸਮ
ਚਮਕਦੇ ਮੇਕਅੱਪ
ਖ਼ੁਸ਼ਬੂਆਂ
ਕਿਸੇ ਦੀ ਵੀ ਗੁੱਝੀ ਸੱਟ ਨੂੰ ਹੱਥ ਲਾਓ
ਫਿਸ ਪਏਗਾ

ਇਹ ਤੇਰੀ ਮੌਜੂਦਗੀ ਹੈ ਜਾਂ ਗੈਰ ਮੌਜੂਦਗੀ
ਜੋ ਹਰ ਸ਼ੈਅ ਵਿੱਚ ਖਟਕ ਰਹੀ ਹੈ
ਜੋ ਮੇਰੇ ਨਾਲ ਨਾਲ ਤੁਰਦੀ ਹੈ

## ਜਿਸਮ ਦੀ ਮਿੱਟੀ

ਜਿਸਮ ਇਹ ਮੇਰਾ
ਨਿਰੀ ਮਿੱਟੀ
ਮੈਂ ਇਸ ਨੂੰ ਕਿਵੇਂ ਧੋਵਾਂ
ਧੋਂਦਾ ਹਾਂ
ਤਾਂ ਹੋਰ ਖੁਰਦਾ ਹੈ

ਇਹ ਰੋਜ਼ ਮੁੱਕ ਰਿਹਾ ਹੈ
ਪਰ ਇਸ ਦੀ
ਮੈਲ ਨਹੀਂ ਮੁੱਕਦੀ
ਸ਼ਾਇਦ
ਇਹ ਮੁੱਕ ਕੇ ਮੁਕਤ ਹੁੰਦਾ ਹੈ

ਆਪਣੇ ਆਪ ਨੂੰ
ਰੋਜ਼ ਖੋਰਦੇ ਜਾਣਾ
ਇਹੀ ਜੀਵਨ ਹੈ
ਨਿੱਤ ਦਾ ਖੁਰਨਾ ਹੀ
ਅਸਲ ਕਹਾਣੀ ਹੈ

ਮੈਂ ਹੁਣ ਕੁੱਝ ਲੱਭ ਨਹੀਂ ਰਿਹਾ
ਮੈਲ ਦੀਆਂ ਪਰਤਾਂ ਥੱਲੇ
ਜਿਸਮ ਦੀਆਂ ਤੈਹਾਂ ਥੱਲੇ
ਮਨ ਦੇ ਦਰਪਣ ਪਿੱਛੇ
ਭਾਸ਼ਾ ਦੀ ਗਣਿਤ ਪਿੱਛੇ
ਅਰਥਾਂ ਦੇ ਮੂਲ ਵੱਲ

ਮੁਹੱਬਤ ਦੇ ਰੰਗਾਂ ਪਿੱਛੇ
ਮੈਂ ਕਿਸੇ ਤਲਾਸ਼ ਵਿੱਚ ਨਹੀਂ ਹਾਂ
ਸਿਰਫ ਘਿਸ ਰਿਹਾ ਹਾਂ

ਇਹ ਕੋਈ ਤ੍ਰਾਸਦੀ ਨਹੀਂ
ਤਕਦੀਰ ਹੈ
ਜਿਵੇਂ ਕੱਚਾ ਘੜਾ
ਖੁਰਦਾ ਹੈ
ਜਿਵੇਂ ਮੋਮਬੱਤੀ ਪਿਘਲਦੀ ਹੈ

## ਦਿਲ ਅੰਦਰ

ਸਿਤਾਰ ਵਜਦਾ ਹੈ
ਹੌਲੀ ਹੌਲੀ
ਦਰਦ ਚੱਲਦਾ ਹੈ
ਹੌਲੀ ਹੌਲੀ
ਕੋਈ ਗੈਰ ਹਾਜ਼ਰੀ
ਗੁਣਗੁਣਾ ਰਹੀ ਹੈ
ਹੌਲੀ ਹੌਲੀ

ਦਿਲ ਵੀ ਅਜੀਬ ਵਾਦੀ ਹੈ
ਬਾਹਰੋਂ ਦਿਸਦਾ ਨਹੀਂ
ਅੰਦਰੋਂ ਕਿੰਨਾ ਗਹਿਰਾ
ਬਾਹਰ ਕਿੰਨਾ ਹੰਗਾਮਾ
ਅੰਦਰ ਕਿੰਨੀ ਚੁਪ
ਬਾਹਰ ਰੌਣਕਾਂ
ਅੰਦਰ ਇਕੱਲ

ਇਕੱਲ ਜਦ ਬਹੁਤ ਗੂੰਜਦੀ ਹੈ
ਮੈਂ ਦੁਨੀਆਂ ਦਾ ਵੌਲਯੂਮ
ਤੇਜ਼ ਕਰ ਦਿੰਦਾਂ
ਧੁਨਾਂ ਜਦ ਅਸਹਿ ਹੁੰਦੀਆਂ ਹਨ
ਮੈਂ ਸ਼ੋਰ ਸੁਣਨ ਲੱਗਦਾਂ
ਦਰਦ ਜਦ ਵਧ ਜਾਂਦਾ ਹੈ
ਮੈਂ ਬਾਹਰ ਦੌੜ ਆਉਂਦਾਂ

ਸਿਤਾਰ ਜੋ ਵੱਜਦਾ ਰਹਿੰਦਾ ਹੈ
ਦਰਦ ਜੋ ਪਿਘਲਦਾ ਰਹਿੰਦਾ ਹੈ
ਮੈਂ ਇਸ ਤੋਂ ਡਰ ਜਾਂਦਾਂ

## ਅਦਿਖ ਤੀਰ

ਕੁੱਝ ਤਾਂ ਦੁਖਦਾ ਹੀ ਰਹੇਗਾ
ਇਸ ਦੀ ਕੋਈ ਦਵਾਈ ਨਹੀਂ
ਜਿਵੇਂ ਹੱਡਾਂ ਦੀ ਸੱਟ ਹੁੰਦੀ ਹੈ
ਠੰਡੀ ਹਵਾ ਚੱਲੇ ਤਾਂ ਦੁਖਣ ਲਗਦੀ ਹੈ
ਜਿਸਮ ਵਿੱਚ ਜਿਵੇਂ ਕੁੱਝ ਪੁੜਿਆ ਹੋਵੇ
ਜਿਵੇਂ ਬੇਵਫਾਈ ਚੁਭਦੀ ਰਹਿੰਦੀ ਹੈ
ਸਾਰੀ ਉਮਰ
ਜਿਵੇਂ ਕੋਈ ਯਾਦ
ਕਾਇਮ ਰਹਿੰਦੀ ਹੈ
ਪਿਰਾਮਿਡਾਂ ਦੀ ਤਰਾਂ
ਦਿਲ ਦੇ ਮਾਰੂਥਲਾਂ ਵਿੱਚ

ਇਸਦਾ ਕੋਈ ਇਲਾਜ ਨਹੀਂ
ਇਹ ਅੰਦਰ ਰਿਹਾ
ਗੋਲੀ ਦਾ ਕੋਈ ਛੱਰਾ ਨਹੀਂ
ਇਸ ਦਾ ਅਪਰੇਸ਼ਨ ਨਹੀਂ ਹੋ ਸਕਦਾ
ਕੋਈ ਅਦਿੱਖ ਤੀਰ ਹੈ
ਜੋ ਦਿਲ ਵਿੱਚ ਪੁੜਿਆ ਹੈ
ਹਵਾ ਚਲਦੀ ਹੈ ਤਾਂ ਦੁਖ ਦਿੰਦਾ ਹੈ
ਜਾਗ ਪੈਂਦਾ ਹੈ
ਕਿਸੇ ਦ੍ਰਿਸ਼ ਤੋਂ
ਕਿਸੇ ਚਿਹਰੇ ਤੋਂ
ਕਿਸੇ ਸ਼ਬਦ ਤੋਂ

ਕਿਸੇ ਗੱਲ ਤੋਂ

ਸੀਨੇ ਵਿੱਚ ਖੁਭੇ ਅਦਿਖ ਤੀਰ
ਦੁਖਦੇ ਹਨ ਲਗਤਾਰ
ਇਨਾਂ ਦਾ ਕੋਈ ਇਲਾਜ ਨਹੀਂ

## ਇੱਕ ਦਿਨ

ਕੁੱਝ ਯਾਦ ਆਏਗਾ ਤੈਨੂੰ
ਇੱਕ ਦਿਨ
ਜਿਸਮ ਜਦ ਥੱਕ ਗਿਆ
ਮਨ ਜਦ ਮੁੱਕ ਗਿਆ
ਤੈਨੂੰ ਕੁਝ ਯਾਦ ਆਏਗਾ

ਘੁੰਮ ਲੈ ਜਿਸਮ ਦਰ ਜਿਸਮ
ਸੋਚ ਦੀ ਹਰ ਗਲੀ
ਰਸਾਂ ਦੀ ਅਮੁਕ ਦਾਅਵਤ
ਚਿਹਰਾ ਦਰ ਚਿਹਰਾ
ਦੁਨੀਆ ਜਿੱਤ ਲੈ
ਪਰ ਕੁੱਝ ਹੈ
ਜੋ ਅੰਦਰ ਮੌਜੂਦ ਰਹੇਗਾ
ਨਾਲ ਨਾਲ ਤੁਰੇਗਾ
ਜਿਵੇਂ ਹਵਾ ਵਿੱਚ ਧੁਨੀਆਂ ਹਨ
ਅਕਾਸ਼ ਵਿੱਚ ਚਿੱਤਰ ਹਨ ਜਿਵੇਂ
ਸਭ ਪ੍ਰਗਟ ਹੋ ਜਾਏਗਾ ਇਕ ਦਿਨ

ਯਾਦ ਜੋ ਯਾਦ ਨਹੀਂ ਹੈ ਤੈਨੂੰ
ਯਾਦ ਆ ਜਾਏਗੀ
ਮੁਲਾਕਾਤ ਦੀਆਂ ਸਭ ਥਾਵਾਂ
ਸਭ ਘੜੀਆਂ
ਕਹਾਣੀ ਜਿਥੋਂ ਸ਼ੁਰੂ ਹੋਈ ਸੀ

ਯਾਦ ਇਹ ਤੇਰੇ ਅੰਦਰ ਲੁਪਤ ਹੈ
ਸੰਸਾਰ ਵਿੱਚ ਜਿਵੇਂ ਨਿਰਵਾਣ ਲੁਪਤ ਹੈ
ਮਨ ਵਿੱਚ ਜਿਵੇਂ ਗਿਆਨ ਲੁਪਤ ਹੈ
ਦਿਲਾਂ ਵਿੱਚ ਜਿਵੇਂ
ਮੁਹੱਬਤ ਲੁਪਤ ਹੈ
ਮੇਰੇ ਵਿੱਚ ਜਿਵੇਂ ਤੂੰ

ਅਸਲ ਵਿੱਚ
ਕਹਾਣੀ ਇਹ
ਰੁਕਣ ਤੋਂ ਬਾਅਦ ਸ਼ੁਰੂ ਹੁੰਦੀ ਹੈ
ਤਲਾਸ਼ ਜਦ ਹਾਰ ਜਾਂਦੀ ਹੈ
ਜਦ ਅਸੀਂ ਖੜ ਜਾਂਦੇ ਹਾਂ ਨਾ
ਇਹ ਸਫਰ ਉਦੋਂ ਸ਼ੁਰੂ ਹੁੰਦਾ ਹੈ

ਦਰਦ ਜੋ ਧੀਮਾ ਧੀਮਾ ਹੈ
ਤੇਜ਼ ਹੋ ਜਾਵੇਗਾ ਇੱਕ ਦਿਨ
ਸੰਭਾਲਿਆ ਨਹੀਂ ਜਾਏਗਾ ਤੈਥੋਂ
ਜਿਸਮ ਹੰਢ ਜਾਏਗਾ
ਮਨ ਹਾਰ ਜਾਵੇਗਾ
ਜਿਸ ਦਿਨ
ਕੁੱਝ ਨਾ ਹੋਇਆ ਤੇਰੇ ਕੋਲ
ਉਸ ਦਿਨ
ਇਹ ਖਜ਼ਾਨਾ ਨਿਕਲੇਗਾ

ਇੱਕ ਦਿਨ
ਕੁਝ ਯਾਦ ਆਏਗਾ ਤੈਨੂੰ

## ਹੇ ਮੌਲਾ

ਜੇ ਬੱਚਿਆਂ ਦੀਆਂ ਸਹੁੰਆਂ ਖਾਂਦੀਆਂ
ਮਾਵਾਂ ਵੀ ਝੂਠੀਆਂ ਹਨ
ਤਾਂ ਮੈਂ ਤੇਰੀ ਇਸ ਦੁਨੀਆ ਦਾ
ਕੀ ਕਰਨਾ ਹੈ ਮੌਲਾ
ਦੁਨੀਆ ਇਹ ਆਪਣੀ ਤੂੰ ਵਾਪਸ ਲੈ ਲੈ

ਜੇ ਹਰ ਸ਼ੈਅ ਖਾਲੀ ਹੈ
ਸਾਰੇ ਸ਼ਬਦ ਮਹਿਜ਼ ਪਰਦੇ ਹਨ
ਹੰਝੂ ਸਿਰਫ ਖਾਰਾ ਪਾਣੀ ਹੈ
ਜੇ ਸਾਰੀ ਧਰਤੀ ਪੋਲੀ ਹੈ
ਤਾਂ ਮੈਂ ਕਿਸ ਥਾਂ ਖਲੋਵਾਂ
ਕਿਨਾਂ ਹੰਝੂਆਂ ਤੇ ਯਕੀਨ ਕਰਾਂ

ਮੈਨੂੰ ਕੋਈ ਹੱਥ ਚਾਹੀਦਾ ਹੈ
ਪਾਰ ਜਾਣ ਲਈ
ਕਦਮ ਰੱਖਣ ਲਈ ਕੋਈ ਥਾਂ ਚਾਹੀਦੀ ਹੈ
ਸਿਜਦਾ ਕਰਨ ਲਈ
ਦੋ ਸੁੱਚੇ ਹੰਝੂ

ਨੀਮ ਰੌਸ਼ਨੀਆਂ ਦੇ ਸੰਸਾਰ ਨੂੰ
ਜਦ ਦਿਨ ਚੜ੍ਹੇ ਤੋਂ ਦੇਖੀਦਾ ਹੈ
ਸ਼ਬਦ ਜਦ ਡਿਗ ਪੈਂਦੇ ਹਨ
ਕੱਚੀ ਦੀਵਾਰ ਦੀ ਤਰਾਂ

ਤੇ ਧਰਤੀ ਜਦ ਪਾਟ ਜਾਂਦੀ ਹੈ
ਤਾਂ ਬੰਦਾ ਤੇਰੇ ਵੱਲ ਦੇਖਦਾ ਹੈ

ਕੋਈ ਹੱਥ ਦੇਹ
ਪਾਰ ਲਾਉਣ ਵਾਲਾ
ਨਹੀਂ ਤਾਂ ਦੁਨੀਆ ਆਪਣੀ ਇਹ
ਵਾਪਸ ਮੋੜ ਲੈ

## ਖਿੱਚ

ਮੈਂ ਟੁੱਟੀ ਪਤੰਗ ਦੀ ਤਰਾਂ
ਡੋਲ ਰਿਹਾ ਹਾਂ
ਮੇਰੀ ਡੋਰ ਪਕੜ ਲੈ
ਮੈਨੂੰ ਖਿੱਚ ਲੈ

ਖਿੱਚ ਬਿਨਾਂ ਮੈਂ ਡੋਲ ਜਾਵਾਂਗਾ
ਅਟਕ ਜਾਵਾਂਗਾ ਟਾਹਣੀਆਂ ਵਿੱਚ
ਹਵਾ ਵਿੱਚ ਲਟਕ ਜਾਵਾਂਗਾ

ਮੈਨੂੰ ਆਪਣੀ ਖਿਚ ਨਾਲ ਤਣ ਦੇ
ਮੇਰੇ ਪੂਰੇ ਵਜੂਦ ਨੂੰ
ਇੱਕ ਬਿੰਦੂ ਵੱਲ ਖਿੱਚ ਲੈ
ਇਸ ਖਿੱਚ ਬਿਨਾਂ ਮੈਂ
ਭਟਕ ਰਿਹਾ ਹਾਂ

ਇਸ ਖਿੱਚ ਬਿਨਾਂ
ਬੇਦਿਸ਼ਾ ਹਾਂ
ਜਿਵੇਂ ਮੁਹੱਬਤ ਬਿਨਾਂ ਜ਼ਿੰਦਗੀ
ਜਿਵੇਂ ਮਰਦ ਬਿਨਾਂ ਔਰਤ
ਮਾਂ ਬਿਨਾਂ ਬੱਚੇ
ਔਰਤ ਬਿਨਾਂ ਘਰ
ਸ਼ਿੱਦਤ ਬਿਨਾਂ ਰਿਸ਼ਤੇ
ਮੌਤ ਬਿਨਾਂ ਜ਼ਿੰਦਗੀ

ਜਿਵੇਂ ਤੇਰੇ ਬਿਨਾਂ ਮੈਂ

ਮੈਨੂੰ ਖਿੱਚ ਲੈ ਆਪਣੇ ਵੱਲ
ਇਸ ਤੋਂ ਪਹਿਲਾਂ ਕਿ ਮੈਂ ਡਿੱਗ ਪਵਾਂ

## ਵਿਦਾਇਗੀ ਤੋਂ ਪਹਿਲਾਂ

ਕੀ ਫਰਕ ਪਏਗਾ
ਜੇ ਖਾਲੀ ਹੱਥ ਜਾਵਾਂਗਾ
ਮਨ ਤਾਂ ਭਰਿਆ ਹੈ
ਵਾਸਨਾਵਾਂ ਨਾਲ,
ਅਪੂਰਨ ਇੱਛਾਵਾਂ ਨਾਲ
ਦੱਬੀਆਂ ਖਾਹਸ਼ਾਂ ਨਾਲ
ਟੁੱਟੇ ਸੁਪਨਿਆਂ ਨਾਲ
ਅਧੂਰੇ ਰਿਸ਼ਤਿਆਂ ਨਾਲ
ਐਨੇ ਭਾਰੀ ਮਨ ਨਾਲ
ਭਵਜਲ ਕਿਵੇਂ ਲੰਘਾਂਗਾਂ

ਖਾਲੀ ਹੱਥ ਤਾਂ ਸਭ ਜਾਂਦੇ ਨੇ
ਮੈਂ ਖਾਲੀ ਮਨ ਨਾਲ ਜਾਣਾ ਚਾਹੁੰਦਾਂ
ਕਰਮਾਂ ਦਾ ਸਭ ਹਿਸਾਬ ਨਬੇੜ ਕੇ
ਸਭ ਕੁੱਝ ਸਮੇਟ ਕੇ
ਤੇਰੀ ਦੁਨੀਆ ਤੋਂ ਰੁਖਸਤ ਹੋਣਾ ਚਾਹੁੰਦਾਂ

ਹੱਥ ਤਾਂ ਬਹੁਤ ਛੋਟੇ ਹਨ
ਮਨ ਕਿਤੇ ਜ਼ਿਆਦਾ ਭਾਰੀ
ਮਨ ਦਾ ਭਾਰ ਚੁੱਕ ਕੇ
ਮੌਤ ਨੂੰ ਲੰਘਣਾ
ਇਸ ਤਰਾਂ ਹੈ ਜਿਵੇਂ
ਕਿਸੇ ਉਪਗ੍ਰਹਿ ਨੇ


ਗੁਰੂਤਾ ਦੀ ਦੀਵਾਰ ਲੰਘਣੀ ਹੋਵੇ

ਤੂੰ ਮੇਰੇ ਮਨ ਨੂੰ ਖਾਲੀ ਕਰ ਦੇ
ਵਾਸਨਾਵਾਂ ਦੀ ਭੀੜ
ਖਾਹਸ਼ਾਂ ਦੀ ਭਿਨਭਿਨਾਹਟ
ਅਧੂਰੇ ਰਿਸ਼ਤਿਆਂ ਦੀ ਟਸ ਟਸ
ਅਪੂਰੇ ਸੁਪਨਿਆਂ ਦੀ ਰੜਕਣ
ਸਭ ਧੋ ਦੇ
ਮੈਨੂੰ ਖਾਲੀ ਮਨ ਨਾਲ ਵਿਦਾ ਕਰੀਂ
ਖਾਲੀ ਹੱਥ ਤਾਂ ਸਭ ਜਾਂਦੇ ਨੇ

## ਬੇਬਸੀ

ਇਹ ਜੋ ਵੀ ਹੈ
ਬੇਬਸੀ ਦਾ ਆਲਮ
ਜੀਵਨ ਇਹੀ ਤਾਂ ਹੈ
ਇਹ ਜੋ ਕੁੱਝ ਛੂਹ ਨਹੀਂ ਹੋ ਰਿਹਾ
ਜੋ ਫਾਸਲਾ ਬਚ ਜਾਂਦਾ ਹੈ ਹਮੇਸ਼ਾ
ਜ਼ਿੰਦਗੀ ਇਹੀ ਤਾਂ ਹੈ
ਮੈਂ ਤੈਨੂੰ ਪਕੜਨ ਦੀ ਕੋਸ਼ਿਸ਼ ਕਰਦਾ ਹਾਂ
ਵਾਰ ਵਾਰ
ਕੁੱਝ ਹੈ
ਜੋ ਪਕੜਿਆ ਨਹੀਂ ਜਾਂਦਾ
ਜੋ ਬੱਦਲਾਂ ਦੀ ਤਰਾਂ ਦਿਸਦਾ ਹੈ
ਪਰ ਫੜ ਨਹੀਂ ਹੁੰਦਾ
ਕਈ ਵਾਰ ਲੱਗਦਾ ਹੈ
ਕਿ ਮੈਂ ਤੈਨੂੰ ਛੂਹ ਲਿਆ ਹੈ
ਪਰ ਉਹ ਤਾਂ ਇੱਕ ਫਾਸਲਾ ਹੀ ਹੁੰਦਾ ਹੈ
ਫਾਸਲਾ ਇਹ ਮਿਟਦਾ ਨਹੀਂ
ਇਹ ਫਾਸਲਾ
ਮੇਰੇ ਹੱਥਾਂ ਤੇ
ਦਸਤਾਨਿਆਂ ਦੀ ਤਰਾਂ ਚਿਪਕਿਆ ਹੈ
ਸ਼ਾਇਦ ਇਹ ਪੂਰਾ ਜਿਸਮ ਮੇਰਾ
ਇੱਕ ਦਸਤਾਨਾ ਹੈ

ਮੈਂ ਆਪਣੇ ਆਪ ਵਿੱਚ ਕੈਦ ਹਾਂ
ਮੈਂ ਤੈਨੂੰ ਕਿਵੇਂ ਪਕੜਾਂ



ਮੈਂ ਕਵਿਤਾ ਜੋੜਦਾ ਨਹੀਂ
ਬਸ ਸ਼ਬਦਾਂ ਉਤੋਂ ਕਰਮ ਧਰਮ
ਤੇ ਕਾਲ ਅਕਾਲ ਦੀ
ਸੁਆਹ ਹੀ ਝਾੜਦਾ ਹਾਂ
ਉਹ ਆਪੇ ਹੀ ਆਪਣੀ ਲੋਅ ਵਿੱਚ
ਦਗ ਉਠਦੇ ਹਨ

**ਨਵਤੇਜ ਭਾਰਤੀ**

॥ ੨ ॥

ਧੁੰਦਲਾ ਜਿਹਾ ਹੀ ਰਹਿਣ ਦੇ ਤੂੰ ਸੱਚ ਦਾ ਇੰਕਸ਼ਾਫ
ਦੇਖੀ ਨ ਮੈਥੋਂ ਜਾਏਗੀ ਤਸਵੀਰ ਸਾਫ ਸਾਫ

॥ ਪਾਤਰ ॥

## ਚਿੰਤਨ ਦੀ ਤਕਦੀਰ

ਸ਼ਾਮੀ ਨਜ਼ਰ ਨਾਲ ਦਿਨ ਨੂੰ ਤੋਰਨ ਬਾਅਦ
ਮੈਂ ਅੰਬਰ ਦੇ ਪੇਸ਼ ਹੁੰਦਾ ਹਾਂ
ਹਾਰੀਆਂ ਅੱਖਾਂ ਤੇ ਕਸੈਲਾ ਨ੍ਹੇਰਾ ਡੁੱਲਣ ਲੱਗਦਾ ਹੈ
ਤੇ ਮੈਂ
ਕਾਲੇ ਅਸਮਾਨ ਨੂੰ ਦੁਰਾਸੀਸ ਦੇ ਦਿੰਦਾਂ......

ਕਾਲੀ ਉਡੀਕ ਚ
ਅੰਬਰ ਦੇ ਮਾਤਾ ਨਿਕਲਦੀ ਵੇਖਦਾ ਹਾਂ
ਹੌਲੀ ਹੌਲੀ ਮਾਤਾ ਦੇ ਦਾਣੇ
ਤਾਰੇ ਬਣਨ ਲੱਗਦੇ ਹਨ
ਮੈਂ ਤਾਰਿਆਂ ਵਿੱਚੀਂ
ਪਾਰਲੇ ਚਾਨਣ ਨਾਲ ਗੱਲਾਂ ਕਰਦਾ
ਤਾਰਿਆਂ ਦੇ
ਪੂਰੇ ਅਸਮਾਨ ਚ ਫੈਲ ਜਾਣ ਦੇ ਸੁਪਨੇ ਚ
ਸੌਂ ਜਾਂਦਾ ਹਾਂ......

ਬੀਬੀ ਹਾਕ ਮਾਰਦੀ ਹੈ

ਗੋਡੇ ਗੋਡੇ ਦਿਨ ਨੂੰ ਨਰਾਜ਼ਗੀ ਨਾਲ ਵੇਖਦਾਂ
ਮੇਰੀ ਉਡੀਕ ਦੇ ਰਾਹਾਂ ਤੋਂ ਬਿਨਾਂ
ਧੁੱਪ ਕਿੱਧਰੋਂ ਆਈ ਹੈ
ਕਿਉਂ ਆਈ ਹੈ
ਆਪੇ ਚੜ੍ਹੇ ਦਿਨ ਨੂੰ

ਅਸਵੀਕਾਰ ਕਰ ਦਿੰਦਾਂ

ਤੇ ਫੇਰ
ਓਪਰੇ ਪ੍ਰਾਹੁਣੇ ਵਾਂਗ ਆਏ ਦਿਨ ਨਾਲ
ਹੌਲੀ ਹੌਲੀ ਪਰਚਣ ਲੱਗਦਾਂ
ਕਿ ਦਿਨ ਦੀ ਹਥੇਲੀ ਤੋਂ
ਫੇਰ ਤਿਲਕ ਜਾਂਦਾ ਹੈ ਸੂਰਜ

ਸ਼ਾਮੀ ਨਜ਼ਰ ਨਾਲ
ਕਾਲੀ ਉਡੀਕ ਦੇ ਸੇਕ ਵਿੱਚ
ਫੇਰ ਤਪਣ ਲੱਗ ਜਾਂਦਾਂ.........

## ਅਰਥਾਂ ਤੋਂ ਪਾਰ

ਅਰਥਾਂ ਦੀ ਤਲਾਸ਼ ਨਾ ਕਰ
ਇਸ ਦੇ ਅਰਥ ਕੋਈ ਨਹੀਂ ਹਨ
ਐਵੇਂ ਰੱਬ ਨੇ
ਲਕੀਰ ਜਿਹੀ ਮਾਰੀ ਹੈ ਇੱਕ
ਵਿੰਗੀ ਜਾਂ ਟੇਢੀ

ਤੂੰ ਜੀਵਨ ਦੇ ਅਰਥ ਨਾ ਖੋਜ

ਕਿਤੇ ਵੀ ਪਹੁੰਚਦੀ ਨਹੀਂ ਇਹ ਲਕੀਰ
ਗੋਲ ਚੱਕਰ ਵਿੱਚ ਘੁੰਮਦੀ ਹੈ

ਸੁਣ ਇਸ ਨੂੰ
ਜਿਵੇਂ ਕੋਈ ਅਲਾਪ ਹੋਵੇ
ਅੰਬਰ ਨੂੰ ਛੂੰਹਦਾ ਹੋਇਆ
ਜਿਵੇਂ ਮੰਦਰ ਵਿੱਚ ਕਿਸੇ ਨੇ
ਸੰਖ ਵਜਾਇਆ ਹੋਵੇ
ਜਾਂ ਪੰਛੀ ਕੋਈ
ਸਿਰ ਤੋਂ ਲੰਘ ਗਿਆ ਹੋਵੇ

ਵੈਰਾਗ ਕਰਨ ਵਾਲਾ
ਕੁੱਝ ਨਹੀਂ ਹੈ ਇਸ ਵਿੱਚ
ਵੈਰਾਗ ਤੇਰੇ ਮਨ ਦੀ ਰਚਨਾ ਹੈ
ਅਰਥਾਂ ਦੀ ਹਾਰ ਦਾ ਨਾਂ ਹੈ

ਅਰਥਾਂ ਦੇ ਪਿੱਛੇ ਨਾ ਜਾਹ
ਇਹ ਨਜ਼ਰ ਤੇਰੀ ਦਾ ਭੁਲਾਂਦਰਾ ਹੈ

ਵੈਰਾਗ ਦੀ ਸਪਾਪਤੀ ਤੇ ਸ਼ੁਰੂ ਹੁੰਦਾ ਹੈ ਇਹ ਸਫਰ
ਉਦਾਸ ਨਾ ਹੋ
ਬਸ ਦੇਖ

ਦੇਖ ਤਾਂ ਸਹੀ
ਇੱਕ ਖਾਲੀ ਅਨੰਤਤਾ

## ਮਹਾਂਯੁਧ

ਜੇ ਮੇਰੇ ਕੋਲ ਕਵਿਤਾ ਨਾ ਹੁੰਦੀ
ਤਾਂ ਮੈਂ ਕਿਵੇਂ ਲੜਦਾ
ਤੇਰੇ ਅਦਿੱਖ ਹਥਿਆਰਾਂ ਨਾਲ

ਜੋ ਲੜਾਈਆਂ ਮੈਂ ਲੜ ਨਹੀਂ ਸਕਦਾ
ਪ੍ਰਤੱਖ ਦੇ ਮੰਡਲਾਂ ਵਿੱਚ
ਜੋ ਲੜਾਈਆਂ
ਮੈਂ ਇਕੱਲਿਆਂ ਲੜਨੀਆਂ ਹਨ
ਪਰਛਾਵਿਆਂ ਨਾਲ
ਅਦਿੱਖ ਅਕਾਰਾਂ ਨਾਲ
ਅਰਥਾਂ ਨਾਲ
ਬਜ਼ਾਰਾਂ ਵਿੱਚ ਉਨ੍ਹਾਂ ਲਈ
ਹਥਿਆਰ ਨਹੀਂ ਹਨ

ਮੈਂ ਲੜ ਰਿਹਾ ਹਾਂ
ਜਿਵੇਂ ਆਪਣੀ ਸਤਹ ਦੇ ਥੱਲੇ
ਸਮੁੰਦਰ ਲੜਦਾ ਹੈ
ਜਿਵੇਂ ਹਰ ਦਿਸਦੇ ਪਿੱਛੇ
ਕੁੱਝ ਸੂਖਮ ਹੁੰਦਾ ਹੈ
ਜਿਵੇਂ ਚੁਪ ਦੇ ਪਿੱਛੇ
ਕੋਈ ਖਲਬਲੀ ਹੁੰਦੀ ਹੈ

ਮੇਰਾ ਇਹ ਅਮੁਕ ਯੁੱਧ

ਕਵਿਤਾ ਵਿੱਚ ਛੁਪਿਆ ਹੈ
ਮਿੱਥਾਂ ਵਿੱਚ ਜਿਵੇਂ ਸੱਚ ਲੁਪਤ ਹੈ
ਧਰਤੀ ਵਿੱਚ ਜਿਵੇਂ
ਬੋਲ ਛੁਪੇ ਹਨ
ਅਸਮਾਨਾਂ ਵਿੱਚ ਜਿਵੇਂ
ਅਸੀਸਾਂ ਗੁੰਮ ਹਨ

## ਮੇਰੀ ਗਲੋਬ ਯਾਤਰਾ

ਤੇਰਾ ਇਹ ਜੀਵਨ
ਬਿਲਕੁਲ ਗੋਲ ਹੈ ਮੇਰੇ ਮੌਲਾ
ਮੈਂ ਇਸ ਦਾ ਕੀ ਕਰਾਂ

ਜਿਥੋਂ ਵੀ ਤੁਰਾਂ
ਜਿਸ ਵੀ ਪਾਸੇ ਤੁਰਾਂ
ਵਾਪਸ ਉਸੇ ਥਾਂ ਪਹੁੰਚ ਜਾਂਦਾ ਹਾਂ
ਕਿੰਨਾ ਵੀ ਤੁਰਾਂ ਚਾਹੇ
ਮੈਂ ਕਿਤੇ ਵੀ ਨਹੀਂ ਪਹੁੰਚਦਾ

ਇਹ ਤੂੰ ਕੀ ਸਫਰ ਬਣਾਇਆ ਹੈ
ਇਹ ਨਾ ਸ਼ੁਰੂ ਹੁੰਦਾ ਹੈ
ਨਾ ਮੁਕਦਾ ਹੈ
ਟਰੈੱਡ ਮਿੱਲ ਦੀ ਤਰਾਂ
ਸਿਰਫ ਪੈਰ ਚੱਲਦੇ ਦਿਸਦੇ ਹਨ

ਮੈਂ ਪ੍ਰੈਕਟਿਸ ਕਰਦਾਂ
ਇਸ ਨੂੰ ਜਿਊਣ ਦੀ
ਮੈਂ ਕਿਤੇ ਵੀ ਨਹੀਂ ਪਹੁੰਚਦਾ

ਹੁਣ ਹੋਰ ਨਾ ਪਰਖ

ਮੈਨੂੰ ਪਰਖਕੇ ਵੀ ਕੀ ਕਰੇਂਗਾ

ਫੇਲ੍ਹ ਪਾਸ ਸਭ ਤੇਰੀ ਰਜ਼ਾ ਹੈ
ਮੈਂ ਤਾਂ ਸਿਰਫ ਦੌੜਨ ਦਾ ਸਮਾਨ ਹਾਂ

ਥੱਕ ਗਿਆ ਹਾਂ
ਇਹ ਦੌੜ ਮੇਰੇ ਵੱਸ ਦੀ ਨਹੀਂ

ਆਹ ਲੈ ਮੈਂ ਬੈਠਣ ਲੱਗਾਂ
ਅੱਗੇ ਤੇਰੀਆਂ ਤੂੰ ਜਾਣੇਂ

## ਮੁਹੱਬਤ

ਦੁਨੀਆ ਸਾਜਣ ਵੇਲੇ
ਰੱਬ ਨੇ ਸ਼ਾਇਦ ਬੰਦੇ ਨੂੰ
ਸਰਾਪ ਦਿੱਤਾ –
ਹਰ ਇਨਸਾਨੀ ਪਿਆਰ
ਇੱਕ ਤਰਫਾ ਹੋਵੇਗਾ
ਨਦੀ ਦੀ ਤਰਾਂ
ਪੌਣ ਵਾਂਗ
ਜਾਂ ਨੂਰ ਦੀ ਬਾਰਿਸ਼ ਵਾਂਗ

ਇਨਸਾਨਾਂ ਦੀ ਮੁਹੱਬਤ ਕਦੇ
ਦੋ ਤਰਫਾ ਨਹੀਂ ਹੋ ਸਕਦੀ

ਦੋ ਤਰਫਾ ਮੁਹੱਬਤ ਨੂੰ ਪ੍ਰਾਪਤ ਹੋਣਾ
ਇਨਸਾਨੀ ਵਜੂਦ ਦੀਆਂ ਸੀਮਾਵਾਂ ਨੂੰ
ਉਲੰਘ ਜਾਣਾ ਹੈ ਸ਼ਾਇਦ
ਨਿਰਵਾਣ ਨੂੰ ਪ੍ਰਾਪਤ ਹੋਣਾ ਹੈ

ਮੁਹੱਬਤ ਦੇ ਇਸ ਇਕਹਿਰੇਪਣ ਦਾ ਨਾਂ
ਹਿਜਰ ਹੈ
ਤੜਫ ਦਾ ਨਿਰੰਤਰ ਵਹਿਣਾ ਹੀ
ਮੁਹੱਬਤ ਹੈ ਸ਼ਾਇਦ

ਵਸਲ ਇੱਕ ਭ੍ਰਾਂਤੀ ਹੈ

ਨਦੀ ਦੇ ਰੇਗਿਸਤਾਨ ਵਿੱਚ ਰਮ ਜਾਣ ਵਾਂਗ
ਹਵਾ ਦੇ ਲੰਘ ਜਾਣ ਵਾਂਗ
ਜਾਂ ਰੌਸ਼ਨੀ ਨੂੰ ਪਕੜ ਲੈਣ ਵਾਂਗ
ਇਸ ਦਾ ਕੋਈ ਵਜੂਦ ਨਹੀਂ

ਨਦੀ ਜਿਵੇਂ ਪੱਥਰਾਂ ਨੂੰ ਮਿਲਦੀ ਹੈ
ਹਵਾ ਜਿਵੇਂ ਦਰਖਤਾਂ ਨੂੰ ਹਿਲਾਉਂਦੀ ਹੈ
ਰੌਸ਼ਨੀ ਜਿਵੇਂ ਕੰਦਰਾਂ ਨੂੰ ਜਗਾਉਂਦੀ ਹੈ
ਮੁਹੱਬਤ ਵੀ ਇੰਝ ਹੀ ਆਉਂਦੀ ਹੈ
ਇਸ ਵਿੱਚ ਮਿਲਨ ਨਹੀਂ ਹੈ

ਜੋਤ ਨਾਲ ਜੋਤ ਕਿਤੇ ਨਹੀਂ ਜਗਦੀ

ਮੁਹੱਬਤ ਮਹਿਜ਼ ਇੱਕ ਸਿਜਦਾ ਹੈ
ਪਰਿਕਰਮਾ
ਕਿਸੇ ਪਿੱਪਲ ਦੀ ਜੜ੍ਹ ਤੇ ਦੀਵੇ ਜਗਾਉਣਾ
ਇਹ ਮੂਕ ਮੂਰਤੀਆਂ ਦੀ ਆਰਤੀ ਹੈ

ਇਕੋ ਜਿਹੇ ਦੋ ਇਨਸਾਨ
ਇੱਕੋ ਵੇਲੇ ਕਦੇ ਇਕੱਠੇ ਨਹੀਂ ਹੁੰਦੇ
ਰੱਬ ਨੇ ਬੰਦੇ ਨੂੰ ਇਹ
ਸਰਾਪ ਦਿੱਤਾ ਹੈ

## ਜ਼ਿੰਦਗੀ

ਜ਼ਿੰਦਗੀ ਨੂੰ
ਕਿਤਾਬ ਵਾਂਗ ਫੇਰ ਤੋਂ ਨਹੀਂ ਪੜ੍ਹਿਆ ਜਾ ਸਕਦਾ
ਚੰਗੀ ਤਰਾਂ ਪੜ੍ਹਨ ਤੋਂ ਪਹਿਲਾਂ
ਨਜ਼ਰ ਨਹੀਂ ਮਾਰ ਸਕਦੇ ਮੋਟੀ ਮੋਟੀ
ਕੁੱਝ ਪੈਰੇ, ਕੁੱਝ ਫਿਕਰੇ
ਬਿਨਾਂ ਸਮਝਿਆਂ
ਨਹੀਂ ਨਿਕਲ ਸਕਦੇ
ਇਸ ਉਮੀਦ ਨਾਲ
ਕਿ ਜੋ ਗੱਲਾਂ ਇੱਕ ਵਾਰ ਪੜ੍ਹਦਿਆਂ
ਸਮਝ ਨਹੀਂ ਆਈਆਂ
ਉਹ ਅਗਲੀ ਵਾਰ ਸਮਝ ਆ ਜਾਣਗੀਆਂ

ਨਾ ਹੀ ਇਸ ਨੂੰ ਸੰਭਾਲ ਕੇ ਰੱਖ ਸਕਦੇ ਹਾਂ
ਕਿਸੇ ਭਲੇ ਵਕਤ ਪੜ੍ਹਨ ਲਈ
ਤਸੱਲੀ ਨਾਲ, ਅਰਾਮ ਨਾਲ
ਹੌਲੇ ਹੌਲੇ

ਇਸ ਕਿਤਾਬ ਦਾ ਕੋਈ ਵੀ ਪਲਟਿਆ ਵਰਕਾ
ਮੁੜ ਨਹੀਂ ਖੋਲ੍ਹਿਆ ਜਾ ਸਕਦਾ
ਪੜ੍ਹਿਆ ਜਾ ਚੁੱਕਾ ਕੋਈ ਅੱਖਰ
ਦੁਬਾਰਾ ਨਹੀਂ ਪੜ੍ਹਿਆ ਜਾ ਸਕਦਾ

ਕੋਈ ਰਸਤਾ ਨਹੀਂ ਮੇਰੇ ਕੋਲ

ਸਿਵਾ ਇਸਦੇ
ਕਿ ਹਰ ਵਰਕੇ, ਹਰ ਸਤਰ, ਹਰ ਅੱਖਰ ਨੂੰ
ਆਖਰੀ ਵਾਰ ਮਿਲਾਂ

ਆਖਰੀ ਵਾਰ
ਹਰ ਸਫੇ ਦੀ ਖ਼ੁਸ਼ਬੂ ਨੂੰ ਮਹਿਸੂਸ ਕਰਾਂ
ਹਰ ਸਤਰ ਦਾ ਰਿਦਮ ਸੁਣਾਂ
ਹਰ ਅੱਖਰ ਦੀਆਂ ਗੋਲਾਈਆਂ ਤੇ ਕੋਨਿਆਂ ਨੂੰ
ਨੀਝ ਨਾਲ ਦੇਖਾਂ
ਜਿਵੇਂ ਵਿਛੜਨ ਵੇਲੇ
ਕਿਸੇ ਆਪਣੇ ਨੂੰ ਦੇਖੀਦਾ ਹੈ
ਜਿਵੇਂ ਫਾਂਸੀ ਚੜ੍ਹਨ ਤੋਂ ਪਹਿਲਾਂ
ਪਰਿਵਾਰ ਨਾਲ ਆਖਰੀ ਮੁਲਾਕਾਤ ਹੁੰਦੀ ਹੈ

## ਪਾਸਵਰਡ

ਰੱਬ ਭੇਜਦਾ ਹੈ ਹਰ ਜੀਵ ਨੂੰ
ਲੌਂਕ ਕੀਤੇ ਦਿਲ ਨਾਲ
ਇਸ ਦਾ ਪਾਸਵਰਡ
ਕਿਸੇ ਇੱਕ ਕੋਲ ਛੱਡ ਦਿੰਦਾ ਹੈ

ਤੇ ਫੇਰ
ਰੱਬ ਇੱਕ ਖੇਡ ਖਿਡਾਉਂਦਾ ਹੈ
ਲੋਕ ਜਿਸ ਨੂੰ ਮੁਹੱਬਤ ਕਹਿੰਦੇ ਹਨ

ਜਿਨ੍ਹਾਂ ਦੇ ਪਾਸਵਰਡ ਲੱਭ ਜਾਂਦੇ ਨੇ
ਉਹ ਮੁਕਤ ਹੁੰਦੇ ਨੇ
ਬਾਕੀ ਭਟਕਦੇ ਹਨ
ਵਾਰ ਵਾਰ ਜਨਮਦੇ ਹਨ
ਆਪਣੇ ਪਾਸਵਰਡ ਲੱਭਣ ਲਈ

ਜਿਸ ਇੱਕ ਕੋਲ
ਤੁਹਾਡਾ ਪਾਸਵਰਡ ਹੁੰਦਾ ਹੈ
ਉਸ ਦੇ ਕਦਮਾਂ ਦੀ ਆਹਟ
ਦੂਰ ਤੋਂ ਸੁਣ ਜਾਂਦੀ ਹੈ

ਜਿਸਮ ਦੇ ਬ੍ਰਹਿਮੰਡ ਵਿੱਚ ਵਸਦੀਆਂ
ਹਜ਼ਾਰਾਂ ਰੰਗ ਬਰੰਗੀਆਂ ਚਿੜੀਆਂ
ਚਹਿਚਹਾਉਣ ਲੱਗਦੀਆਂ ਹਨ

ਜਦ ਉਸ ਦੇ ਔਣ ਦੀ ਖਬਰ ਹੁੰਦੀ ਹੈ
ਉਸ ਦੇ ਆਉਣ ਤੋਂ ਪਹਿਲਾਂ
ਉਸ ਦੀ ਅਦਿੱਖ ਦੇਹ ਤੁਹਾਡੇ ਕੋਲ ਆਉਂਦੀ ਹੈ
ਚਿੜੀਆਂ ਜਿਸ ਨੂੰ ਦੇਖ ਸਕਦੀਆਂ ਹਨ

ਉਹ ਇਕ
ਤੁਹਾਡੇ ਕੋਲ ਰਹਿੰਦਾ ਹੈ ਹਮੇਸ਼ਾ
ਜਿਵੇਂ ਜਿਸਮ ਵਿੱਚ ਆਤਮਾ ਰਹਿੰਦੀ ਹੈ
ਜਿਵੇਂ ਬੋਲਾਂ ਵਿੱਚ ਮਿਠਾਸ ਰਹਿੰਦੀ ਹੈ
ਜਿਵੇਂ ਅੱਖਾਂ ਵਿੱਚ ਨਮੀ ਰਹਿੰਦੀ ਹੈ

ਇਸ ਇੱਕ ਦੀ ਅਨੋਖੀ ਗਣਿਤ ਹੈ
ਇਸ ਇੱਕ ਨਾਲ ਮਿਲਕੇ ਤੁਸੀਂ ਦੋ ਨਹੀਂ ਹੁੰਦੇ
ਸਿਰਫ ਇੱਕ ਹੁੰਦੇ ਹੋ
ਜਿਵੇਂ ਜ਼ੀਰੋ ਨਾਲ ਜ਼ੀਰੋ ਮਿਲਦੀ ਹੈ
ਜਾਂ ਅਨੰਤ ਨਾਲ ਅਨੰਤ

ਇਹ ਇੱਕ
ਜੋ ਕਦੇ ਗੁਆਚਦਾ ਨਹੀਂ
ਕਦੇ ਛੁੱਟਦਾ ਨਹੀਂ
ਵਸਦਾ ਹੈ ਹਮੇਸ਼ਾ ਲਈ
ਜਿਵੇਂ ਜ਼ਿਹਨ ਵਿੱਚ ਕੋਈ ਯਾਦ ਰਹਿੰਦੀ ਹੈ
ਜਿਵੇਂ ਜਿਸਮ ਅੰਦਰ ਅਰਾਮ ਹੁੰਦਾ ਹੈ
ਜਿਵੇਂ ਗਲੇ ਅੰਦਰ ਹੁੰਦੀ ਹੈ ਮਾਂ ਬੋਲੀ
ਜਿਵੇਂ ਸਾਹਾਂ ਦਾ ਹਲਟ ਗਿੜਦਾ ਹੈ

## ਲਗਨ

ਕੀ ਤੂੰ ਕੁੱਝ ਨਵਾਂ ਉਸਾਰਨਾ ਹੈ
ਕੋਈ ਰਿਸ਼ਤਾ
ਕੋਈ ਘਰ
ਜਾਂ ਕਵਿਤਾ ਕੋਈ
ਤਾਂ ਸ਼ਬਦ ਕਾਫੀ ਨਹੀਂ ਹਨ

ਕੁੱਝ ਹੋਰ ਚਾਹੀਦਾ ਹੈ
ਲਗਨ ਵਰਗਾ
ਤੜਫ ਵਰਗਾ
ਇਸ਼ਕ ਵਰਗਾ
ਜੋ ਦਿਸਦਾ ਨਹੀਂ ਹੈ
ਜਿਸ ਨੂੰ ਛੂਹ ਨਹੀਂ ਸਕਦੇ
ਪਰ ਜਿਹੜਾ ਤੁਹਾਨੂੰ ਛੂਹ ਸਕਦਾ ਹੈ
ਹਵਾ ਵਾਂਗ
ਜੋ ਤੁਹਾਡੇ ਇਰਦ ਗਿਰਦ
ਮੌਜੂਦ ਰਹਿੰਦਾ ਹੈ
ਫਰਿਸ਼ਤਿਆਂ ਦੇ ਪਹਿਰੇ ਦੀ ਤਰਾਂ

ਸ਼ਬਦ ਬਹੁਤ ਪੋਲੇ ਹਨ
ਇਹ ਤਾਂ ਇੱਟਾਂ ਵੀ ਨਹੀਂ ਹਨ
ਜਿਨ੍ਹਾਂ ਤੇ ਕੁੱਝ ਉਸਾਰ ਸਕੀਏ
ਇੱਕ ਲਗਨ ਚਾਹੀਦੀ ਹੈ

ਬੇਪਰਦ
ਬੇਖ਼ੌਫ
ਜਿਵੇਂ ਕੋਈ ਕਤਲ ਕਰਕੇ ਆਵੇ
ਤੇ ਸਾਫ ਦੱਸ ਦੇਵੇ
ਜਾਂ ਬੀਵੀ ਕਿਸੇ ਦੀ
ਸੌਂ ਕੇ ਆਵੇ ਕਿਸੇ ਨਾਲ
ਤੇ ਸਭ ਦੱਸ ਦੇਵੇ

ਕੀ ਤੇਰੇ ਕੋਲ ਐਨਾ ਸੱਚ ਹੈ
ਲਗਨ ਹੈ ਐਸੀ

ਵਚਨਾਂ ਨੂੰ ਰਹਿਣ ਦੇ
ਤਰਕਾਂ ਨੂੰ ਛੱਡ ਦੇ
ਰੇਤ ਨਾਲ ਘਰ ਨਹੀਂ ਉਸਰਦੇ
ਸ਼ਬਦਾਂ ਨਾਲ
ਕਵਿਤਾ ਨਹੀਂ ਬਣਦੀ

## ਰੱਬ ਦੀ ਲੀਲ੍ਹਾ

ਅਸਟਰੀਆ ਵਿੱਚ ਇੱਕ ਪਿਓ ਨੇ
ਆਪਣੀ ਹੀ ਬੇਟੀ ਨੂੰ
24 ਸਾਲ ਭੋਰੇ ਵਿੱਚ ਕੈਦ ਰੱਖਿਆ
ਛੇ ਬੱਚੇ ਪੈਦਾ ਕੀਤੇ

ਮੈਂ ਤੇਰੀ ਇਹ ਲੀਲ੍ਹਾ ਦੇਖ ਨਹੀਂ ਸਕਦਾ ਪ੍ਰਭੂ
ਇਹ ਸੀਨ ਕੱਟ ਦੇ

ਅਰਬ ਦੇ ਸ਼ੇਖ
ਭਾਰਤ ਵਿੱਚੋਂ
ਛੋਟੇ ਬੱਚੇ ਮੰਗਵਾਉਂਦੇ ਹਨ
ਊਠਾਂ ਤੇ ਬਿਠਾਕੇ ਬੰਨ੍ਹ ਦਿੰਦੇ ਹਨ
ਬੱਚੇ ਚੀਕਾਂ ਮਾਰਦੇ ਹਨ
ਊਠ ਦੌੜਦੇ ਹਨ
ਊਠ ਹੋਰ ਦੌੜਦੇ ਹਨ
ਬੱਚੇ ਹੋਰ ਚੀਕਦੇ ਹਨ

ਮੈਂ ਤੇਰੀ ਇਹ ਲੀਲ੍ਹਾ ਦੇਖ ਨਹੀਂ ਸਕਦਾ ਪ੍ਰਭੂ
ਤੂੰ ਇਹ ਸੀਨ ਵੀ ਕੱਟ ਦੇ

ਬਾਰਡਰ ਤੇ ਤਾਇਨਾਤ
ਕੋਈ ਟੱਬਰਦਾਰ ਸਿਪਾਹੀ
ਦੂਜੇ ਮੁਲਕ ਦੀ

ਜੇਲ੍ਹ ਵਿੱਚ ਪਹੁੰਚ ਜਾਂਦਾ ਹੈ
ਪੱਚੀ ਸਾਲ ਜੇਲ੍ਹ ਵਿੱਚ ਸੜਦਾ ਹੈ
ਕੋਈ ਉਸ ਨੂੰ ਮਿਲਣ ਨਹੀਂ ਆਉਂਦਾ
ਰੋਜ਼ ਆਪਣੇ ਬੱਚਿਆਂ ਨੂੰ ਯਾਦ ਕਰਦਾ
ਪਾਗਲ ਹੋ ਜਾਂਦਾ ਹੈ

ਮੈਂ ਤੇਰੀ ਇਹ ਲੀਲ੍ਹਾ ਦੇਖ ਨਹੀਂ ਸਕਦਾ ਪ੍ਰਭੂ
ਇਹ ਸੀਨ ਵੀ ਕੱਟਦੇ

ਨਿੱਕੀ ਬੇਟੀ ਨੂੰ ਕੋਈ ਗਰੀਬ ਪਿਓ
ਵੇਚ ਦਿੰਦਾ ਹੈ
ਜੁਆਨ ਹੋਣ ਤੋਂ ਪਹਿਲਾਂ
ਧੰਦਾ ਸ਼ੁਰੂ ਕਰ ਲੈਂਦੀ ਹੈ
ਮਾਂ ਨੂੰ ਯਾਦ ਕਰਕੇ ਰੋਂਦੀ ਹੈ
ਆਪਣੇ ਘਰ ਵਾਪਸ ਨਹੀਂ ਜਾ ਸਕਦੀ

ਤੇਰੀ ਇਹ ਲੀਲ੍ਹਾ ਮੈਂ ਦੇਖ ਨਹੀਂ ਸਕਦਾ ਪ੍ਰਭੂ
ਤੂੰ ਇਹ ਸੀਨ ਵੀ ਕੱਟਦੇ

ਤੂੰ ਸਰਬ ਸਮਰੱਥ ਹੈਂ ਮਾਲਕ
ਇਹ ਲੀਲ੍ਹਾ ਨਵੇਂ ਸਿਰੇ ਤੋਂ ਸ਼ੁਰੂ ਕਰ

## ਪਰੀਖਿਆ

ਸਾਨੂੰ ਦਿਸਦਾ ਨਹੀਂ ਹੈ ਅਗਲਾ ਸੰਸਾਰ
ਉਸਦੀ ਆਸ ਵਿੱਚ
ਕਿਵੇਂ ਬੈਠੀਏ ਮੌਲਾ
ਕੁੱਝ ਤਾਂ ਉਮੀਦ ਦੇਹ

ਬਦੀ ਵਾਲੇ ਰਾਜ ਭੋਗਦੇ ਨੇ
ਨੇਕ ਬੰਦੇ ਦੁਖ ਭੋਗਦੇ ਨੇ
ਤੇ ਮੌਤ ਤੋਂ ਪਰੇ ਸਾਨੂੰ ਦਿਸਦਾ ਨਹੀਂ

ਕਹਿੰਦੇ ਹਨ:

ਤੂੰ ਬਦੀ ਵਾਲਿਆਂ ਨੂੰ ਸਜ਼ਾਵਾਂ ਦਿੰਦਾ ਹੈਂ
ਅਗਲੇ ਸੰਸਾਰ ਵਿੱਚ

ਨੇਕੀ ਵਾਲਿਆਂ ਨੂੰ
ਆਪਣੀ ਰਹਿਮਤ ਨਾਲ ਨਿਵਾਜ਼ਦਾ ਹੈਂ
ਅਗਲੇ ਸੰਸਾਰ ਵਿੱਚ

ਤੇ ਸੁਣਿਆ ਹੈ ਇਹ ਦੁਨੀਆ
ਤੇਰੀ ਲੈਬਾਰਟਰੀ ਹੈ
ਜਿਸ ਚ ਤੂੰ ਨੇਕੀ ਵਾਲਿਆਂ ਦੀ
ਨੇਕੀ ਪਰਖਦਾ ਹੈਂ

ਬਦੀਆਂ ਵਾਲੇ ਮਸਤ ਨੇ
ਵਰਤਮਾਨ ਵਿੱਚ ਜਿਊਂਦੇ ਨੇ
ਨੇਕੀ ਵਾਲੇ
ਭਵਿਖ ਦੀ ਉਮੀਦ ਵਿੱਚ ਬੈਠੇ ਨੇ
ਭਵਿਖ
ਜੋ ਮੌਤ ਤੋਂ ਪਰੇ ਹੈ
ਮੌਤ ਤੋਂ ਪਰੇ ਅਸੀਂ
ਦੇਖ ਨਹੀਂ ਸਕਦੇ

ਇਹ ਤੇਰੀ ਕੈਸੀ ਪਰੀਖਿਆ ਹੈ ਰੱਬਾ
ਅੰਨ੍ਹਿਆਂ ਨੂੰ ਦੇਖਣ ਲਈ ਕਹਿ ਰਿਹਾ ਹੈਂ

## ਬੰਦਾ

ਦੋ ਸਾਲਾਂ ਦੇ ਐਰੀ ਨੂੰ
ਮੈਂ ਲੈਨਜ਼ ਚੋਂ ਦੇਖਦਾਂ- ਵੱਡਾ ਕਰਕੇ
ਪੂਰੇ ਆਦਮੀ ਦੀ ਸ਼ਕਲ ਵਿੱਚ

ਵਾਰ ਵਾਰ ਪੌੜੀਆਂ ਚੜ੍ਹਦਾ ਹੈ
ਉਤਰ ਜਾਂਦਾ ਹੈ
ਚੜ੍ਹਦਾ ਹੈ, ਉਤਰ ਜਾਂਦਾ ਹੈ
ਤਿੰਨ ਪਹੀਆਂ ਵਾਲੀ ਗੱਡੀ ਦੇ
ਚੱਕਰ ਲਵਾਉਂਦਾ ਹੈ

ਨਿੱਕੀ ਜਿਹੀ ਗੱਲ ਤੇ ਰੁੱਸ ਜਾਂਦਾ ਹੈ
ਐਵੇਂ ਜਿਹੇ ਹੱਸ ਪੈਂਦਾ ਹੈ
ਆਪਣੇ ਆਪ ਨਾਲ ਗੱਲਾਂ ਕਰਦਾ ਹੈ
ਗੰਨ ਨਾਲ ਫਾਇਰ ਕਰਦਾ ਹੈ

ਉਹ ਆਪਣੀ ਦੁਨੀਆ ਦਾ
ਸੁਤੰਤਰ ਬਾਦਸ਼ਾਹ ਹੈ
ਉਹ ਸੜਕ ਤੋਂ ਲੰਘਦੇ
ਹਰ ਟਰੱਕ ਨੂੰ ਦੇਖਕੇ
ਹੈਰਾਨ ਹੁੰਦਾ ਹੈ
ਤੇ ਮੁੜ ਮੁੜ ਦੇਖਦਾ ਹੈ
ਉਸ ਨੂੰ ਗੁਬਾਰੇ ਅੱਛੇ ਲੱਗਦੇ ਹਨ
ਉਹ ਆਪਣੀ ਤਰਾਂ ਦਾ
ਪੁਲਾੜ ਖੋਜੀ ਹੈ

ਦੂਰ ਅਸਮਾਨ ਵਿੱਚ ਬੈਠਾ ਕੋਈ ਦੇਵਤਾ
ਮੈਨੂੰ ਦੇਖ ਰਿਹਾ ਹੈ
ਟੈਲੀਸਕੋਪ ਰਾਹੀਂ
ਜਿਸ ਵਿੱਚ ਮੈਂ ਦੋ ਸਾਲ ਦੇ ਐਰੀ ਜਿੰਨਾ ਲੱਗਦਾ ਹਾਂ
ਰੋਜ਼
ਘਰ ਦੀਆਂ ਪੌੜੀਆਂ ਉਤਰਦਾ ਹਾਂ
ਦਫਤਰ ਦੀਆਂ ਚੜ੍ਹਦਾ ਹਾਂ
ਕੰਪਿਊਟਰ ਨਾਲ ਖੇਡਦਾ ਹਾਂ
ਭੰਬੀਰੀ ਵਾਂਗ ਕਾਰ ਚਲਾਉਂਦਾ ਹਾਂ
ਰਿਸ਼ਤਿਆਂ ਨਾਲ ਖੇਡਦਾ ਹਾਂ
ਖਿਡੌਣਿਆਂ ਵਾਂਗ

ਕੋਈ ਖਬਰ ਸੁਣਕੇ ਖੁਸ਼ ਹੋ ਜਾਂਦਾ ਹਾਂ
ਕੋਈ ਬੋਲ ਸੁਣਕੇ ਉਦਾਸ
ਨਵੇਂ ਲੋਕਾਂ ਨੂੰ ਮਿਲਣ ਵੇਲੇ
ਉਤੇਜਿਤ ਹੋ ਜਾਂਦਾ ਹਾਂ
ਰੱਬ ਦੇ ਖਿਡੌਣਿਆਂ ਨੂੰ ਖੋਲ੍ਹ ਖੋਲ੍ਹ ਕੇ
ਮੈਂ ਗਿਆਨ ਲੱਭ ਰਿਹਾ ਹਾਂ
ਭਾਵਨਾਵਾਂ ਨੂੰ ਚੌਕਲੇਟ ਵਾਂਗ ਖਾਂਦਾ ਹਾਂ
ਤ੍ਰਿਪਤ ਹੋਣ ਦੀ ਕੋਸ਼ਿਸ਼ ਕਰਦਾਂ

ਕੋਕ ਦੀ ਬੋਤਲ ਦੇਖਕੇ
ਐਰੀ ਨੂੰ ਵੀ ਕੁੱਝ ਹੁੰਦਾ ਹੈ ਤੇ ਮੈਨੂੰ ਵੀ
ਐਰੀ ਵੀ ਖੇਡਦਾ ਹੈ
ਮੈਂ ਵੀ

ਮੇਰੇ ਤੇ ਦੋ ਸਾਲ ਦੇ ਐਰੀ ਵਿੱਚ ਕੀ ਫਰਕ ਹੈ ਭਲਾ
ਸਿਰਫ ਸਾਈਜ਼ ਦਾ

ਕੀ ਇਨਸਾਨ ਸੱਚੀਂ ਮੁਚੀਂ ਵੱਡਾ ਹੁੰਦਾ ਹੈ

## ਕਿਤਾਬਾਂ

ਮੈਂ ਕਿਤਾਬਾਂ ਨਹੀਂ ਪੜ੍ਹਦਾ
ਕਿਤਾਬਾਂ ਮੈਨੂੰ ਪੜ੍ਹਦੀਆਂ ਨੇ

ਜਿਉਂ ਜਿਉਂ ਕਿਤਾਬਾਂ ਮੈਨੂੰ ਪੜ੍ਹਦੀਆਂ ਨੇ
ਮੇਰੇ ਵਿੱਚ ਲੁਪਤ ਅਦਿੱਖ ਅੱਖਰ
ਪ੍ਰਗਟ ਹੋਣ ਲੱਗਦੇ ਹਨ
ਜੋ ਮੇਰੇ ਅੰਦਰ ਲੁਪਤ ਨਹੀਂ ਹੈ
ਕਿਤਾਬਾਂ ਉਸ ਨੂੰ ਪੜ੍ਹ ਨਹੀਂ ਸਕਦੀਆਂ

ਕਿਤਾਬਾਂ ਰਚਣਾ ਨਹੀਂ ਜਾਣਦੀਆਂ
ਸਿਰਫ ਗੁਪਤ ਅੱਖਰਾਂ ਨੂੰ
ਪੜ੍ਹਨਾ ਜਾਣਦੀਆਂ ਨੇ

ਕਿਤਾਬਾਂ ਮੈਨੂੰ ਲੱਭ ਲੈਂਦੀਆਂ ਨੇ
ਦੂਰੋਂ ਦੂਰੋਂ
ਸੱਤ ਸਮੁੰਦਰੋਂ ਪਾਰ
ਯੁਗਾਂ ਦੀ ਦੂਰੀ ਤੋਂ
ਉਹ ਮੇਰੇ ਕੋਲ ਆ ਜਾਂਦੀਆਂ ਨੇ
ਜਦ ਮੈਨੂੰ ਉਨਾਂ ਦੀ ਲੋੜ ਹੁੰਦੀ ਹੈ

ਉਹ ਮੈਨੂੰ ਹੌਲੀ ਹੌਲੀ ਵੱਡਾ ਕਰਦੀਆਂ ਨੇ
ਕੋਈ ਪਿਓ ਜਿਵੇਂ ਪੁੱਤ ਨੂੰ ਵੱਡਾ ਕਰਦਾ ਹੈ
ਉਹ ਮੇਰੇ ਕੋਲ ਆਉਂਦੀਆਂ ਹਨ

ਕਦਮ ਕਦਮ
ਪੌੜੀ ਪੌੜੀ
ਉਹ ਮੇਰੀ ਅਵਸਥਾ ਨੂੰ ਜਾਣਦੀਆਂ ਨੇ

ਸ਼ਾਇਦ ਕੁੱਝ ਵੀ ਅਚਨਚੇਤਾ ਨਹੀਂ ਹੈ
ਉਹ ਮੇਰੇ ਕੋਲ ਆਉਂਦੀਆਂ ਹਨ
ਮੌਕੇ ਮੁਤਾਬਕ
ਲੋੜ ਮੁਤਾਬਕ
ਅਗਵਾਈ ਦੇਣ
ਦਿਸ਼ਾ ਦੇਣ
ਜਿਵੇਂ ਮੇਰੇ ਗੁਰੂ ਨੇ ਭੇਜੀਆਂ ਹੋਣ

ਧਰਤੀ ਤੇ ਬੇਅੰਤ ਕਿਤਾਬਾਂ ਹਨ
ਜਿਵੇਂ ਹਵਾ ਵਿੱਚ ਬੇਅੰਤ ਅਵਾਜ਼ਾਂ ਹਨ
ਬੇਅੰਤ ਅਵਾਜ਼ਾਂ ਦੀ ਭੀੜ ਵਿੱਚ
ਕੋਈ ਅਵਾਜ਼ ਹੈ ਮੇਰੇ ਲਈ
ਬੇਅੰਤ ਕਿਤਾਬਾਂ ਵਿੱਚ
ਕੋਈ ਸੁਨੇਹਾ ਹੈ ਮੇਰੇ ਲਈ
ਮੈਂ ਰੋਜ਼ ਉਸ ਅਵਾਜ਼ ਨਾਲ
ਇਕ ਸੁਰ ਹੁੰਦਾਂ
ਉਸ ਸੁਨੇਹੇ ਨੂੰ ਸਮਝਣ ਦੀ ਕੋਸ਼ਿਸ਼ ਕਰਦਾਂ

ਕਿਤਾਬਾਂ ਵਿੱਚ ਰੱਬ ਦੇ ਸੁਨੇਹੇ ਨੇ

## ਰੱਬ ਦੀ ਮਸ਼ੀਨ

ਹਵਾ ਸਭ ਸੁਣਦੀ ਹੈ
ਤਾਰੇ ਸਭ ਦੇਖਦੇ ਹਨ
ਜਿਸਮ ਤੇ
ਸਭ ਉਕਰਿਆ ਜਾਂਦਾ ਹੈ

ਤੇਰੇ ਚੋਂ ਜੋ ਲੋਕ ਲੰਘੇ
ਰਿਸ਼ਤੇ ਜੋ ਜੀਏ
ਯਾਤਰੀ ਜੋ ਪੈੜਾਂ ਛੱਡ ਗਏ
ਤੇਰੇ ਵਜੂਦ ਵਿੱਚ
ਸਭ ਕੁੱਝ ਦਰਜ ਹੈ

ਸਭ ਮੁਲਾਕਾਤਾਂ
ਸਭ ਰਾਤਾਂ
ਤਾਰਿਆਂ ਨੇ ਦੇਖੀਆਂ ਹਨ
ਸਭ ਬਾਤਾਂ
ਹਵਾ ਨੇ ਸੁਣੀਆਂ ਹਨ
ਸਭ ਛੁਹਾਂ
ਜਿਸਮ ਨੇ ਸਾਂਭੀਆਂ ਹਨ
ਕੁੱਝ ਵੀ ਮਿਟਦਾ ਨਹੀਂ ਹੈ
ਕੁੱਝ ਵੀ ਛੁਪਦਾ ਨਹੀਂ ਹੈ
ਅਕਾਸ਼ ਦੇ ਡੇਟਾ ਬੈਂਕ ਵਿੱਚ
ਸੰਭਾਲਿਆ ਜਾਂਦਾ ਹੈ

ਕੁਝ ਵੀ ਲੁਕਾ ਨਹੀਂ ਸਕਦੇ
ਅਕਾਸ਼ ਕੋਲੋਂ
ਤਾਰਿਆਂ ਕੋਲੋਂ
ਜਿਸਮ ਦੀ ਸਲੇਟ ਕੋਲੋਂ
ਮਨ ਦੀ ਫਿਲਮ ਕੋਲੋਂ

ਤੇਰੇ ਚੋਂ ਸਭ ਦਿਸਦਾ ਹੈ
ਤੇਰੇ ਅੰਦਰ ਸਭ ਦਿਸਦਾ ਹੈ
ਹਰ ਪੈੜ

ਜੀਵਨ ਵੀ ਕੈਸੀ ਖੇਡ ਹੈ
ਕੁੱਝ ਵੀ ਛੁਪਾ ਨਹੀਂ ਸਕਦੇ
ਦਿਲ ਵੀ ਲੁਕਾ ਨਹੀਂ ਸਕਦੇ
ਤਨਾਂ ਤੇ ਉਕਰਿਆ
ਕੁਝ ਵੀ ਮਿਟਾ ਨਹੀਂ ਸਕਦੇ

ਰੱਬ ਨੇ ਇਹ ਕੈਸੀ ਮਸ਼ੀਨ ਬਣਾਈ ਹੈ

## ਦਿਲ ਦੀਆਂ ਅੱਖਾਂ

ਦਿਲ ਦੀਆਂ ਹੋਰ ਅੱਖਾਂ ਹਨ
ਦਿਲ ਵੀ ਦੇਖਦਾ ਹੈ
ਮੈਂ ਜਿਸ ਨੂੰ ਦੇਖ ਨਹੀਂ ਸਕਦਾ
ਦਿਲ ਉਸ ਨੂੰ ਪਛਾਣ ਲੈਂਦਾ ਹੈ

ਦਿਲ ਦੇਖ ਸਕਦਾ ਹੈ
ਜਨਮਾਂ ਦੇ ਆਰ ਪਾਰ
ਦਿਲ ਪਛਾਣ ਲੈਂਦਾ ਹੈ
ਵਿਛੜੇ ਹੋਏ
ਜਨਮਾਂ ਪਹਿਲਾਂ

ਜਦ ਇਹ ਪਛਾਣਦਾ ਹੈ
ਕੋਈ ਚਿਹਰਾ, ਕੋਈ ਅਵਾਜ਼
ਸਾਇਰਨ ਵਜਾ ਦਿੰਦਾ ਹੈ
ਕਿਸੇ ਹੋਰ ਸੁਰ ਤੇ
ਵੱਜਣ ਲੱਗਦਾ ਹੈ

ਦਿਲ ਮੈਟਲ ਡਿਟੈਕਟਰ ਦੀ ਤਰਾਂ ਦੇਖਦਾ ਹੈ

**ਮਾਇਆ**

ਦੁਨੀਆ ਭਰ ਵਿੱਚ ਭਟਕ ਕੇ ਆਏ ਨੋਟ
ਉਸਦੇ ਹੱਥਾਂ ਵਿੱਚ ਕੀਮਤੀ ਬਲੌਰਾਂ ਦੀ ਤਰਾਂ
ਅਟਕ ਜਾਂਦੇ ਹਨ

ਜਦ ਮਹੀਨੇ ਦੇ ਪਹਿਲੇ ਹਫਤੇ
ਤਨਖਾਹ ਆਉਂਦੀ ਹੈ ਤਾਂ
ਉਹ ਉਸ ਨੂੰ
ਅਲੱਗ ਅਲੱਗ ਥੱਦੀਆਂ ਵਿੱਚ ਵੰਡ ਦਿੰਦੀ ਹੈ-

ਇਹ ਕਿਰਾਏ ਦੇ
ਇਹ ਦੁਧ ਵਾਸਤੇ
ਇਹ ਮਹੀਨੇ ਦਾ ਸਮਾਨ ਖਰੀਦਣ ਵਾਸਤੇ
ਇਹ ਕਾਰ ਦੇ ਤੇਲ ਵਾਸਤੇ
ਇਹ ਬਿਜਲੀ ਦਾ ਕਿਰਾਇਆ
ਇਹ ਟੈਲੀਫੋਨ ਦਾ
ਇਹ ਫੁਟਕਲ, ਹੋਰ ਖਰਚਿਆਂ ਵਾਸਤੇ

ਇਹ ਥੱਦੀਆਂ ਅਲੱਗ ਵਜੂਦ ਬਣ ਜਾਂਦੀਆਂ ਹਨ
ਕਿਰਾਏ ਦੀ ਥੱਦੀ ਚੋਂ
ਤੇਲ ਨਹੀਂ ਪੁਆਇਆ ਜਾ ਸਕਦਾ
ਟੈਲੀਫੋਨ ਬਿਲ ਵਾਲੀ ਥੱਦੀ ਵਿੱਚੋਂ
ਦੁਧ ਨਹੀਂ ਲਿਆ ਜਾ ਸਕਦਾ
ਕਿਸੇ ਇੱਕ ਥੱਦੀ ਵਿੱਚੋਂ ਨੋਟ ਕਢਕੇ

ਕਿਸੇ ਹੋਰ ਕੰਮ ਤੇ ਖਰਚਣਾ
ਉਸ ਨੂੰ ਇਨ੍ਹਾਂ ਨੋਟਾਂ ਦੀ ਬੇਅਦਬੀ ਲੱਗਦੀ ਹੈ

ਭਟਕਦੇ ਨੋਟ ਉਸਦੇ ਹੱਥਾਂ ਵਿੱਚ ਪਹੁੰਚ
ਸ਼ਾਂਤ ਹੋ ਜਾਂਦੇ ਹਨ
ਮੇਰੇ ਹੱਥਾਂ ਵਿੱਚ ਆ
ਨਹੀਂ ਟਿਕਦੇ, ਛੋਟੇ ਬੱਚਿਆਂ ਦੀ ਤਰਾਂ

ਨੋਟ ਵੀ ਬੱਚਿਆਂ ਦੀ ਤਰਾਂ
ਹੱਥਾਂ ਤੇ ਬੁਕਲਾਂ ਦੀ ਛੋਹ ਨੂੰ
ਮਹਿਸੂਸ ਕਰਦੇ ਹਨ
ਨੋਟ ਵੀ ਮੋਹ ਦੇ ਭੁੱਖੇ ਹਨ
ਉਹ ਖਿੱਚੇ ਚਲੇ ਆਉਂਦੇ ਹਨ
ਉਨਾਂ ਹੱਥਾਂ ਵੱਲ
ਜਿਹੜੇ ਉਨਾਂ ਨੂੰ ਮੋਹ ਕਰਦੇ ਹਨ
ਸ਼ਾਇਦ ਇਸੇ ਲਈ ਕਹਿੰਦੇ ਹਨ
ਮਾਇਆ ਨੂੰ ਮਾਇਆ ਖਿਚਦੀ ਹੈ
ਨੋਟ ਵੀ ਬੰਦਿਆਂ ਵਰਗੇ ਹਨ
ਜਿਊਂਦੇ ਜਾਗਦੇ

ਨੋਟਾਂ ਦੀਆਂ ਵੀ ਕਿਸਮਾਂ ਹਨ
ਨੇਕੀ ਦੇ ਨੋਟ
ਬੁਰਾਈ ਦੇ ਨੋਟ
ਮਿਹਨਤ ਦੇ ਨੋਟ
ਬੇਈਮਾਨੀ ਦੇ ਨੋਟ

ਅਲੱਗ ਅਲੱਗ ਕਿਸਮਾਂ ਦੇ ਨੋਟ
ਅਲੱਗ ਅਲੱਗ ਥਾਵਾਂ ਵੱਲ ਦੌੜਦੇ ਹਨ

ਮੇਰੀ ਬੀਵੀ ਕੋਲ ਨੋਟ ਇੰਝ ਆਉਂਦੇ ਹਨ
ਜਿਵੇਂ ਛੋਟੀ ਜਿਹੀ ਸ਼ੀਸ਼ੀ ਵਿੱਚ
ਗੰਗਾਜਲ ਹੁੰਦਾ ਹੈ

ਜਿਸ ਨੂੰ ਸਾਂਭ ਸਾਂਭ ਰੱਖਿਆ ਜਾਂਦਾ ਹੈ
ਥੋੜ੍ਹਾ ਥੋੜ੍ਹਾ ਵਰਤਿਆ ਜਾਂਦਾ ਹੈ
ਗੰਗਾਜਲ ਥੋੜ੍ਹਾ ਹੀ ਬਹੁਤ ਹੁੰਦਾ ਹੈ

ਮੇਰੇ ਹੱਥਾਂ ਵਿੱਚ ਨੋਟ ਨਹੀਂ ਟਿਕਦੇ
ਜਿਵੇਂ ਕਿਸੇ ਕਿਸੇ ਤੋਂ
ਬੱਚੇ ਨਹੀਂ ਵਿਰਦੇ
ਉਹ ਮੇਰੇ ਕੋਲ
ਭੱਜੇ ਭੱਜੇ ਆਉਂਦੇ ਹਨ
ਜਿਵੇਂ ਕਾਹਲੀ ਕਾਹਲੀ ਖਾਣ ਵਾਲੇ ਦੇ ਮੂੰਹ ਵਿੱਚ
ਬੁਰਕੀ ਆਉਂਦੀ ਹੈ
ਜਿਸ ਦੇ ਸਾਰੇ ਕੋਨਿਆਂ ਨੂੰ
ਛੋਹਿਆ ਵੀ ਨਹੀਂ ਜਾਂਦਾ

ਮਾਇਆ ਵੀ ਕੋਈ ਤੱਤ ਜੂਨ ਹੈ ਸ਼ਾਇਦ
ਜਿਊਂਦੀ, ਸਾਹ ਲੈਂਦੀ
ਭਾਵਾਂ ਦੀ, ਛੁਹਾਂ ਦੀ ਬੋਲੀ ਸਮਝਦੀ

ਮੇਰੇ ਕੋਲ ਮਾਇਆ ਕਿਉਂ ਨਹੀਂ ਟਿਕਦੀ
ਇਹ ਸਬਕ ਮੈਂ ਆਪਣੀ ਬੀਵੀ ਤੋਂ ਸਿਖਿਆ ਹੈ

## ਰਿਸ਼ਤੇ

ਰਿਸ਼ਤੇ ਜੇ ਪਿੰਜਰੇ ਨਾ ਹੁੰਦੇ
ਤਾਂ ਅਸੀਂ ਦੂਰੋਂ ਦੂਰੋਂ
ਉਡਕੇ ਆਉਂਦੇ
ਆਲ੍ਹਣੇ ਫੇਰ ਕਿੰਨੇ ਅੱਛੇ ਲਗਦੇ

ਜੇ ਰਿਸ਼ਤੇ ਟਾਹਣੀਆਂ ਵਰਗੇ ਹੁੰਦੇ
ਅਸੀਂ ਉਨ੍ਹਾਂ ਤੇ ਆਲ੍ਹਣੇ ਪਾ ਸਕਦੇ
ਜੀ ਕਰਦਾ ਉਡ ਜਾਂਦੇ
ਜੀ ਕਰਦਾ ਮੁੜ ਆਉਂਦੇ

ਟਾਹਣੀਆਂ ਦਾ ਸੁਖ ਅਸੀਂ ਜਾਣ ਸਕਦੇ
ਜੇ ਅਸੀਂ ਉਡਕੇ ਆਉਂਦੇ
ਜੇ ਅਸੀਂ ਉਡ ਸਕਦੇ

ਅਸੀਂ ਲੋਟਣੀਆਂ ਲਾਉਂਦੇ
ਦੂਰ ਅਸਮਾਨਾਂ ਵਿੱਚ
ਕਦੇ ਕਦੇ ਗੁੰਮ ਜਾਂਦੇ
ਫੇਰ ਲੱਭਦੇ ਆਪਣੀਆਂ ਟਾਹਣੀਆਂ ਨੂੰ
ਆਲ੍ਹਣਿਆਂ ਨੂੰ
ਅਸੀਂ ਬਹੁਤ ਦੂਰ ਜਾ ਕੇ ਵੀ
ਮੁੜ ਆਉਂਦੇ

ਹੁਣ ਅਸੀਂ ਉਡਦੇ ਨਹੀਂ ਹਾਂ

## ਪੂਰੇ ਖੰਭਾਂ ਨਾਲ

ਖਿਆਲਾਂ ਨਾਲ ਉਡਦੇ ਹਾਂ
ਪਿੰਜਰੇ ਦੀਆਂ ਵਿਰਲਾਂ ਨੂੰ
ਪਿਆਰ ਕਰਦੇ ਹਾਂ

ਵਿਰਲਾਂ ਚੋਂ ਝਾਕਦੇ
ਸਾਡੇ ਤਨ ਤੇ ਮਨ ਪਾਟ ਗਏ ਹਨ
ਅਸੀਂ ਆਪਣੇ ਆਪ ਤੋਂ
ਜੁਦਾ ਹੋ ਗਏ ਹਾਂ

ਰਿਸ਼ਤੇ ਜੇ ਪਿੰਜਰੇ ਨਾ ਹੁੰਦੇ
ਅਸੀਂ ਪੂਰੇ ਖੰਭਾਂ ਨਾਲ ਉਡਦੇ


IN MY MIND IN MY MIND

## ਪੈੜਾਂ

ਤੇਰੇ ਅੰਦਰ ਕਿੰਨੀਆਂ ਪੈੜਾਂ ਹਨ
ਮੈਂ ਆਪਣੀ ਪੈੜ ਵੀ ਪਛਾਣ ਨਹੀਂ ਸਕਦਾ
ਕਿੱਥੇ ਆ ਗਿਆ ਹਾਂ ਮੈਂ

ਜੀਵਨ ਇਹ ਬੜਾ ਰਿਸਕੀ ਹੈ
ਪਤਾ ਨਹੀਂ ਕਿਸ ਮਨ ਵਿੱਚ ਪੈਰ ਪੈ ਜਾਵੇ
ਮਨ ਜੋ ਦਲਦਲੇ ਹਨ
ਤੇਜ਼ਾਬੀ
ਭਾਵਾਂ ਦੀ ਹਵਾੜ ਨਾਲ ਭਰੇ ਹੋਏ
ਚਾਂਦਨੀ ਚੌਂਕ ਦੀਆਂ ਗਲੀਆਂ ਵਾਂਗ
ਭੀੜ ਭਰੇ

ਮੈਂ ਸੋਚਿਆ ਸੀ
ਮਨ ਰੇਗਿਸਤਾਨੀ ਦ੍ਰਿਸ਼ ਹੁੰਦੇ ਹਨ
ਦੂਰ ਤੱਕ
ਮੇਰੀਆਂ ਪੈੜਾਂ ਦੇ ਨਿਸ਼ਾਨ ਦਿਸਣਗੇ
ਖਿਤਿਜ ਤੱਕ ਜਾਂਦੇ ਹੋਏ
ਜਿਨ੍ਹਾਂ ਦੇ ਦੂਜੇ ਪਾਸੇ
ਸੂਰਜ ਛਿਪੇਗਾ

ਪਰ ਇਹ ਕੀ
ਇਹ ਤਾਂ ਪੈੜਾਂ ਦਾ ਝੁਰਮਟ ਹੈ
ਮੈਂ ਕਿੱਥੇ ਆ ਗਿਆ ਹਾਂ

ਪਤਾ ਨਹੀਂ ਲਗਦਾ
ਕਿਸ ਮਨ ਵਿੱਚ ਪੈਰ ਪੈ ਜਾਵੇ

## ਕਰਮ

ਮਨ ਜੇ ਮੇਟ ਸਕਦੇ ਸਲੇਟ ਵਾਂਗ
ਕਿੰਨਾ ਚੰਗਾ ਹੁੰਦਾ
ਦਿਲ ਜੇ ਨਿਚੋੜ ਸਕਦੇ ਮਲਮਲ ਵਾਂਗ
ਕਿੰਨਾ ਚੰਗਾ ਹੁੰਦਾ
ਰਿਸ਼ਤੇ ਜੇ ਤੋੜ ਸਕਦੇ ਤੀਲੀ ਵਾਂਗ
ਕਿੰਨਾ ਚੰਗਾ ਹੁੰਦਾ

ਕੁੱਝ ਵੀ ਸੌਖਾ ਨਹੀਂ
ਕੁੱਝ ਵੀ ਮਿਟਦਾ ਨਹੀਂ ਹੈ
ਦਿਲ ਖਾਲੀ ਨਹੀਂ ਹੁੰਦੇ

ਰੱਬ ਦੀ ਇਹ ਡਿਜੀਟਲ ਸਲੇਟ
ਤੇ ਅਸੀਂ ਗਣਿਤ ਦੇ ਹਿੰਦਸੇ
ਕੋਈ ਵੀ ਹਿੰਦਸਾ ਵਾਪਸ ਨਹੀਂ ਲੈ ਸਕਦੇ
ਜੀਵਨ ਦੀ ਗਣਿਤ ਚੋਂ

ਗਿਣਤੀ ਜੋ ਸ਼ੁਰੂ ਹੋ ਗਈ ਹੈ
ਇਸ ਨੂੰ ਕਿਵੇਂ ਰੋਕੀਏ
ਇਹ ਰੋਕੀ ਨਹੀਂ ਜਾ ਸਕਦੀ
ਕਰਮਾਂ ਦੀ ਇਸ ਖੇਡ ਵਿੱਚ
ਰਿਵਰਸ ਗੇਅਰ ਨਹੀਂ ਹੈ

ਤੂੰ ਭਲਾਂ ਕਿਉਂ ਮਿਲਣਾ ਸੀ
ਹਰ ਮਿਲਣੀ ਅਨੰਤ ਤੱਕ ਜਾਂਦੀ ਹੈ
ਹਰ ਵਿਯੋਗ ਧੁਰ ਨੂੰ ਪਹੁੰਚਦਾ ਹੈ
ਹਰ ਚਿਹਰਾ
ਅਸਮਾਨ ਵਿੱਚ ਛਪ ਜਾਂਦਾ ਹੈ

ਜੇ ਆਪਾਂ ਨਾ ਮਿਲਦੇ
ਕਿੰਨਾ ਚੰਗਾ ਹੁੰਦਾ

## ਪਰਮਜੀਤ

ਉਹ ਸਾਈਕਲਾਂ ਦੇ ਜ਼ਮਾਨਿਆਂ ਤੋਂ ਮੇਰਾ ਦੋਸਤ ਹੈ

ਜਦ ਉਸ ਨੇ ਪਹਿਲੀ ਵਾਰ ਮੋਬਾਇਲ ਫੋਨ ਖਰੀਦਿਆ
ਫੋਨ ਤੇ ਕਹਿੰਦਾ
"ਮੈਂ ਮੋਬਾਇਲ ਫੋਨ ਲੈ ਲਿਆ ਹੈ,
ਮੋਟਰੋਲਾ ਦਾ ਸੈਟ ਹੈ
ਮਦਨਦੀਪ ਨੂੰ ਦੱਸ ਦਈਂ "
ਉਸ ਦਿਨ ਪਹਿਲੀ ਵਾਰ ਮੈਂ ਮਹਿਸੂਸ ਕੀਤਾ
ਇਹ ਬੰਦਾ ਅਜੇ ਪੁਰਾਣਾ ਨਹੀਂ ਹੋਇਆ

ਵਿਆਹ ਹੋਇਆ ਤਾਂ
ਅਸੀਂ ਸੋਚਦੇ
ਵਿਆਹ ਇਸ ਨੂੰ ਪੁਰਾਣਾ ਕਰ ਦਏਗਾ
ਸਿਆਣਾ ਕਰ ਦਏਗਾ
ਇਸ ਦੀ ਤਾਜ਼ੀ ਮੁਸਕਾਨ
ਗੰਭੀਰ ਹੋ ਜਾਏਗੀ
ਕੁੱਝ ਦਿਨ ਲੰਘੇ ਤਾਂ ਮੈਂ ਪੁੱਛਿਆ
ਭਾਬੀ ਕਿਸ ਤਰਾਂ ਹੈ
"ਉਹ ਤਾਂ ਰੱਬ ਵਰਗੀ ਹੈ"
ਜੁਆਬ ਸੁਣਕੇ ਮੈਂ ਹੈਰਾਨ ਹੋ ਗਿਆ–
ਇਹ ਤਾਂ ਹੋਰ ਨਵਾਂ ਹੋ ਗਿਆ ਹੈ

ਪਿਛਲੇ ਦਿਨੀਂ ਮੁੱਦਤ ਬਾਦ

ਫੇਰ ਉਸ ਨਾਲ ਗੱਲ ਹੋਈ
ਕਹਿੰਦਾ " ਮੈਂ ਕਾਰ ਲੈ ਲਈ ਹੈ ਆਲਟੋ
ਮਦਨਦੀਪ ਨੂੰ ਦੱਸ ਦਈਂ
ਚਲਾਉਣੀ ਸਿੱਖ ਰਿਹਾ ਹਾਂ "

ਜ਼ੈਨ ਫਕੀਰਾਂ ਦੀ ਤਰਾਂ
ਉਸਦੇ ਇਨ੍ਹਾਂ ਤਿੰਨ ਫਿਕਰਿਆਂ ਨਾਲ ਹੀ
ਮੈਂ ਮੁਕਤ ਹੋ ਗਿਆ
ਜਿਵੇਂ ਨਿਊਟਨ ਦੇ ਸਿਰ ਵਿੱਚ
ਸੇਬ ਵੱਜਾ ਹੋਵੇ
ਜਿਵੇਂ ਡਾ ਗੁਰਭਗਤ ਸਿੰਘ ਦੇ
ਪੋਤਾ ਹੋ ਗਿਆ ਹੋਵੇ

ਸਾਈਕਲ, ਮੋਬਾਇਲ ਫੋਨ ਤੇ ਆਲਟੋ ਗੱਡੀ
ਉਸ ਨਾਲ ਖਲੋਤੇ ਇਸ ਤਰਾਂ ਲੱਗਦੇ ਹਨ
ਜਿਵੇਂ ਮਾਂ ਕੋਈ
ਆਪਣੇ ਬੱਚਿਆਂ ਨਾਲ ਫੋਟੋ ਖਿਚਵਾਉਂਦੀ ਹੈ

ਨਿੱਕੇ ਨਿੱਕੇ ਚਾਅ
ਉਸ ਦੇ ਮਨ ਤੇ
ਰੋਮਾਂ ਦੀ ਤਰਾਂ ਖੜਦੇ ਹਨ
ਜਿਵੇਂ ਨਵੀਂ ਗੱਡੀ ਤੇ ਕਿਸੇ ਨੇ
ਫੁੱਲਾਂ ਦੀ ਮਾਲਾ ਪਾਈ ਹੋਵੇ
ਜਾਂ ਟਰੱਕ ਵਾਲੇ ਸ਼ੌਕੀਨ ਕਿਸੇ ਨੇ
ਤਰਾਂ ਤਰਾਂ ਦੀਆਂ ਸਤਰਾਂ ਲਿਖੀਆਂ ਹੋਣ

ਉਹ ਇੱਕ ਪਿੰਡ ਹੈ
ਜਿਥੇ ਅਜੇ ਸੜਕ ਨਹੀਂ ਗਈ

ਸੋਚਦਾਂ ਉਸ ਦੀ ਇੱਕ ਫੋਟੋ ਖਿੱਚਾਂ
ਜਿਸ ਵਿੱਚ ਚਾਵਾਂ ਦੇ ਸਾਰੇ ਰੰਗ

ਬਹੁਤ ਗੂੜ੍ਹੇ ਹੋਣ
ਬੱਚਿਆਂ ਦੇ ਕਮਰੇ ਦੀ ਤਰਾਂ
ਹਰ ਕੋਨਾ ਸਜਿਆ ਹੋਵੇ

ਕੋਲ ਬੀਵੀ ਖੜ੍ਹੀ ਹੋਵੇ, ਪਿੱਛੇ ਗੱਡੀ
ਇੱਕ ਕੋਨੇ ਵਿੱਚ ਸਕੂਟਰ
ਬੀਵੀ ਦੀ ਗੋਦ ਵਿੱਚ ਬੱਚਾ
ਹੱਥ ਵਿੱਚ ਮੋਬਾਇਲ ਫੋਨ
'ਸਮਾਈਲ' ਕਹਿਣ ਤੋਂ ਪਹਿਲਾਂ ਉਸ ਨੂੰ ਆਖਾਂ
ਘੜੀ ਵਾਲਾ ਗੁੱਟ ਉਪਰ ਕਰ ਲੈ
ਤੇ ਕਲਿੱਕ

ਇੱਕੋ ਫੋਟੋ ਵਿੱਚ ਉਸ ਦੀ ਪੂਰੀ ਰਚਨਾ
ਸੰਭਾਲ ਲਵਾਂ

ਇਹ ਫੋਟੋ ਮੈਂ ਚਾਹੁੰਦਾਂ
ਆਪਣੀਆਂ ਕਿਤਾਬਾਂ ਵਿੱਚ ਰੱਖ ਦੇਵਾਂ
ਜਿਵੇਂ ਆਲੇ ਵਿੱਚ ਧੂਫ ਲਾਈ ਹੁੰਦੀ ਹੈ

## ਮਿਲਾਵਟ

ਕਵਿਤਾ ਮੇਰੇ ਅੰਦਰ
ਥੋੜ੍ਹੀ ਥੋੜ੍ਹੀ ਉਤਰਦੀ ਹੈ
ਮੁਲ ਦੇ ਦੁਧ ਤੇ
ਜਿੰਨੀ ਕੁ ਮਲਾਈ ਆਉਂਦੀ ਹੈ
ਮਿਲਾਵਟੀ ਜ਼ਿੰਦਗੀ ਜਿਊਂਦਿਆਂ
ਪੇਤਲਾ ਹੋ ਗਿਆ ਹਾਂ
ਪਾਣੀ ਜ਼ਿਆਦਾ
ਦੁੱਧ ਥੋੜ੍ਹਾ ਹੈ

ਰੱਬ ਜਦ ਚਲਾਏਗਾ
ਫੈਟ ਵਾਲੀ ਮਸ਼ੀਨ
ਕੀ ਮੂੰਹ ਦਿਖਾਵਾਂਗਾ

## ਜਵਾਰਭਾਟਾ

ਅਕਾਸ਼ ਡੋਲਦਾ ਹੈ ਸਮੁੰਦਰ ਵਾਂਗ
ਸਮੁੰਦਰ ਚ ਮੇਰਾ ਦਿਲ ਡੋਲਦਾ ਹੈ
ਚੰਨ ਦੇ ਪ੍ਰਛਾਵੇਂ ਵਾਂਗ

ਅਕਾਸ਼ ਤੇਰੀ ਚਾਨਣੀ ਨਾਲ ਭਰਿਆ ਹੈ
ਦਿਲ ਮੇਰਾ ਤੇਰੇ ਨਾਲ

ਅੱਜਕਲ ਜਵਾਰਭਾਟਿਆਂ ਨਾਲ ਰਹਿਣ ਦੀ
ਜਾਚ ਸਿੱਖ ਰਿਹਾ ਹਾਂ

## ਸ਼ਬਦਾਂ ਦੀ ਮੁਕਤੀ

ਅਕਾਸ਼ ਜੇ ਡੋਲਦਾ ਹੈ ਸਮੁੰਦਰ ਵਾਂਗ
ਤਾਂ ਡੋਲਦਾ ਰਹੇ
ਮੈਂ ਨਿਰੰਤਰ ਸੁੱਟਦਾ ਰਹਾਂਗਾ ਇਸ ਵੱਲ
ਸ਼ਬਦਾਂ ਦੇ ਤੀਰ
ਜਦ ਤੱਕ ਇਹ ਆਪਣੇ ਕਿਨਾਰਿਆਂ ਤੇ
ਉਂਝ ਨਾ ਹਿੱਲਣ ਲਗ ਪਏ
ਜਿਵੇਂ ਸਿਖਰ ਤੇ ਪਹੁੰਚੇ
ਦੋ ਜਿਸਮ ਹਿੱਲਦੇ ਹਨ

ਫੇਰ ਇਸ ਵਿੱਚ ਜਵਾਰ ਆ ਜਾਏ
ਮੈਂ ਇਸ ਵਿੱਚ ਭਿੱਜ ਜਾਵਾਂ
ਸ਼ਬਦ ਠੰਡੇ ਹੋ ਜਾਣ

ਸ਼ਬਦ ਇੰਞ ਹੀ
ਨਿਰਵਾਣ ਪ੍ਰਾਪਤ ਕਰਦੇ ਹਨ

**ਖੇਡਾਂ**

ਮੈਂ ਤਣ ਦਿੰਦਾਂ ਸ਼ਬਦਾਂ ਨੂੰ
ਤੇਰੇ ਲਈ
ਕਮਾਨ ਵਾਂਗ
ਵਿੰਨ੍ਹ ਦਿੰਦਾਂ ਅਕਾਸ਼ ਨੂੰ
ਕਿ ਬੱਦਲ ਫੜਫੜਾਉਂਦੇ
ਤੇਰੇ ਸਿਰ ਤੇ ਆ ਬੈਠਣ
ਮੈਂ ਇਨ੍ਹਾਂ ਕਬੂਤਰਾਂ ਨੂੰ ਛੇੜਾਂ
ਹਵਾ ਦੀ ਇਕ ਲਹਿਰ ਛਿੜ ਪਏ
ਤੇ ਤੂੰ
ਵਾਦੀਆਂ ਵਿੱਚ ਉਡਦੀ ਚੁੰਨੀ ਵਾਂਗ
ਮੇਰੇ ਮੂੰਹ ਤੇ ਆ ਪਏਂ
ਤੇ ਮੈਂ ਇੰਝ ਹੀ
ਰੱਬ ਨਾਲ ਖੇਡਦਾ ਹੋਇਆ
ਸੌਂ ਜਾਵਾਂ.......

**ਮਾਂ**

ਬੀਬੀ ਮੈਨੂੰ ਅਕਾਸ਼ ਚੋਂ ਦੇਖਦੀ ਹੈ
ਮੈਨੂੰ ਥਿੜਕਣ ਤੋਂ ਬਚਾਈ ਰੱਖਦੀ ਹੈ

ਮੈਂ ਡੋਲ ਜਾਂਦਾ ਕਦੇ
ਜੀਵਨ ਦੀਆਂ ਬੇਯਕੀਨੀਆਂ ਤੋਂ
ਮਨ ਦੇ ਵੇਗਾਂ ਤੋਂ
ਜੀਅ ਕਰਦਾ ਹੈ ਗਰਕ ਜਾਵਾਂ
ਗਰਕਣ ਲੱਗਦਾਂ
ਤਾਂ ਉਹ ਮੈਨੂੰ ਰੋਕ ਲੈਂਦੀ ਹੈ
ਉਹ ਮੈਨੂੰ ਦੇਖਦੀ ਰਹਿੰਦੀ ਹੈ

ਜਿਉਂਦੀ ਸੀ ਤਾਂ ਚੋਰੀ ਕਰ ਸਕਦਾ ਸਾਂ
ਮਰਕੇ ਤਾਂ ਉਹ ਦੇਖ ਸਕਦੀ ਹੈ
ਅਕਾਸ਼ ਤੋਂ
ਹੁਣ ਮੈਂ ਉਸ ਤੋਂ ਚੋਰੀ ਨਹੀਂ ਕਰ ਸਕਦਾ
ਹਮੇਸ਼ਾ ਦੇਖਦੀ ਰਹਿੰਦੀ ਹੈ

ਦੇਖਦੇ ਤਾਂ ਦੇਵਤੇ ਵੀ ਹਨ
ਰੱਬ ਵੀ
ਪਰ ਉਨਾਂ ਨੂੰ ਮੈਂ ਪਛਾਣਦਾ ਨਹੀਂ
ਉਨਾਂ ਤੋਂ ਮੈਂ ਸੰਗਦਾ ਨਹੀਂ
ਅਸਮਾਨ ਵਿੱਚ
ਮੈਂ ਇਕੱਲੀ ਬੀਬੀ ਨੂੰ ਹੀ ਜਾਣਦਾਂ

ਪੂਰਾ ਅਸਮਾਨ ਮਾਵਾਂ ਨਾਲ ਭਰਿਆ ਹੈ
ਮਾਂ
ਮਾਂ ਦੀ ਮਾਂ
ਫੇਰ ਉਸ ਦੀ ਮਾਂ
ਅਨੰਤ ਤੱਕ ਮਾਵਾਂ ਹੀ ਮਾਵਾਂ ਹਨ
ਬੱਚਿਆਂ ਨੂੰ ਦੇਖ ਰਹੀਆਂ ਹਨ

ਪੁੱਤਰ ਗੁਨਾਹ ਕਰਦੇ ਹਨ
ਤਾਂ ਤੜਫਦੀਆਂ ਹਨ
ਦੁਖੀ ਹੁੰਦੀਆਂ ਹਨ
ਪੂਰਾ ਅਸਮਾਨ ਤੜਫਦਾ ਹੈ
ਅਨੰਤ ਤੱਕ

ਪੁੱਤਰ ਦੁਖੀ ਹੁੰਦੇ ਹਨ
ਤਾਂ ਦੁਖੀ ਹੁੰਦੀਆਂ ਹਨ
ਪੂਰਾ ਅਸਮਾਨ ਦੁਖ ਨਾਲ ਭਰ ਜਾਂਦਾ ਹੈ

ਦੁਖ ਉਹ ਸਾਰੇ ਨਾਲ ਲੈ ਗਈਆਂ
ਸਬਰ ਵਿੱਚ ਬੰਨ੍ਹ ਕੇ
ਤੰਗੀਆਂ ਦੇ
ਪਿਓਆਂ ਦੇ
ਘਰਾਂ ਦੇ
ਬੱਚਿਆਂ ਦੇ

ਪਿੱਛੇ ਅਰਦਾਸਾਂ ਛੱਡ ਗਈਆਂ
ਸੁਖਾਂ ਬਹੁਤ ਸਾਰੀਆਂ
ਜੋਤ ਵਾਲੇ ਆਲੇ
ਪਾਠ ਦੀਆਂ ਧੁਨਾਂ
ਧੂਫ, ਜੋ ਹਵਾ ਵਿੱਚ ਘੁਲ ਗਈ

ਮਾਵਾਂ ਵੀ ਅਜੀਬ ਦੇਵੀਆਂ ਨੇ
ਮੈਂ ਹੁਣ ਕੋਈ
ਹੇਰਾਫੇਰੀ ਨਹੀਂ ਕਰ ਸਕਦਾ
ਆਪਣੇ ਆਪ ਨਾਲ ਵੀ ਨਹੀਂ
ਸਭ ਦੇਖਦੀਆਂ ਹਨ

ਮੁੜ ਆਉਂਦਾ ਗੁਨਾਹਾਂ ਤੋਂ
ਗਲਤੀਆਂ ਠੀਕ ਕਰਦਾਂ
ਡਿਗਣ ਤੋਂ ਬਚਾਕੇ ਰੱਖਦਾਂ ਖ਼ੁਦ ਨੂੰ
ਬੀਬੀ ਮੈਨੂੰ ਦੇਖੀ ਜਾ ਰਹੀ ਹੈ
ਅਕਾਸ਼ ਤੋਂ
ਉਹ ਮੈਨੂੰ ਬਚਾਈ ਰੱਖਦੀ ਹੈ

## ਰੱਬੀ ਨਿਜ਼ਾਮ

ਧਰਤੀ ਦਾ ਵੀ ਅਜੀਬ ਸਫਰ ਹੈ
ਜਿਵੇਂ ਸਰਕਾਰੀ ਬੱਸ ਦੀ ਸੁਆਰੀ ਹੋਏ
ਖੜਕਦਿਆਂ ਦਿਨ ਗੁਜ਼ਰਦੇ ਹਨ
ਟੋਏ ਪਾਰ ਕਰਦਿਆਂ
ਉਮਰ ਲੰਘ ਜਾਂਦੀ ਹੈ

ਇਹ ਵੀ ਕੀ ਸਫਰ ਹੋਇਆ
ਹਰ ਕਦਮ ਨਾਲ
ਦਿਲ ਨੂੰ ਡੋਲ ਪੈਂਦਾ ਹੈ
ਰੂਹ ਦੇ ਟਾਂਕੇ ਦੁਖਦੇ ਹਨ
ਨਾ ਤੁਰਕੇ ਜੀਣਾ ਹੋਇਆ
ਨਾ ਖੜਕੇ

ਰੱਬ ਵੀ ਤਾਂ ਸੱਚੀ ਸਰਕਾਰ ਹੈ
ਉਸਦਾ ਨਿਜ਼ਾਮ ਵੀ ਸਰਕਾਰੀ ਹੈ
ਸਭ ਕੁੱਝ ਖੜਕਦਾ ਹੈ
ਬਹੁਤ ਕੁੱਝ ਰੜਕਦਾ ਹੈ
ਵੀਰਾਨ ਰੂਹਾਂ ਤੇ
ਰਿਸ਼ਤੇ ਭਿਣਕਦੇ ਹਨ

ਕੋਈ ਕਰੇ ਤਾਂ ਕੀ ਕਰੇ
ਬਿਨਾਂ ਦੁਖਿਆਂ
ਇਹ ਯਾਤਰਾ ਪੂਰੀ ਨਹੀਂ ਹੁੰਦੀ

ਸਭ ਪਾਸੇ
ਅਨੋਖੀਆਂ ਬਸਤੀਆਂ ਹਨ

ਇਕ ਬਸਤੀ ਰਿਸ਼ਤਿਆਂ ਦੀ
ਮੱਕੜੀ ਦੇ ਜਾਲੇ ਵਾਂਗ ਲਟਕਦੀ
ਆਪੇ ਸਿਰਜਿਆ
ਖ਼ੁਦਕੁਸ਼ੀ ਦਾ ਸਮਾਨ

ਇੱਕ ਬਸਤੀ ਖਾਹਸ਼ਾਂ ਦੀ
ਜਿਹੜੀ ਚੰਡੋਲ ਵਾਂਗ
ਉਪਰ ਲਿਜਾਂਦੀ ਹੈ
▲▲▲ਪਰ ਵਾਪਸ ਨਹੀਂ ਲਿਆਂਦੀ
ਸਿਧਾ ਥੱਲੇ ਡੇਗ ਦਿੰਦੀ ਹੈ

ਮੁਹੱਬਤ ਦਾ
ਇੱਕ ਰੇਗਿਸਤਾਨ ਹੈ
ਚਮਕਦੀ ਧੁਪ ਵਿੱਚ
ਪਾਣੀ ਦਾ ਭਰਮ ਪੈਂਦਾ ਹੈ
ਪਾਣੀ ਤੱਕ ਹੱਥ ਨਹੀਂ ਪਹੁੰਚਦਾ
ਭਰਮ ਅੱਗੇ ਅੱਗੇ
ਤੁਰਦਾ ਜਾਂਦਾ ਹੈ

ਰੱਬ ਦੀ ਵਿਸ਼ਾਲ ਕਾਇਨਾਤ ਵਿੱਚ
ਧਰਤੀ ਕੋਈ ਜੇਲ੍ਹਖਾਨਾ ਹੈ ਸ਼ਾਇਦ
ਇਨਸਾਨ ਇਸ ਦਾ ਕੈਦੀ ਹੈ
ਇਨ੍ਹਾਂ ਦੀਵਾਰਾਂ ਦੇ ਅੰਦਰ
ਮੁਕਤੀ ਕਿੱਥੋਂ

ਜੀਵਨ ਵਫਾ ਵਰਗਾ ਕੋਈ ਸ਼ਬਦ ਹੈ
ਇਸ ਦੇ ਅਰਥ ਬਦਲ ਜਾਂਦੇ ਹਨ
ਸਚਾਈ ਹਵਾ ਵਾਂਗ ਹੈ
ਇਸ ਨੂੰ ਪਕੜ ਨਹੀਂ ਸਕਦੇ

ਮੁਹੱਬਤ ਕੋਈ ਅਸਮਾਨੀ ਬਿਜਲੀ ਹੈ
ਇੱਕ ਵਾਰ ਪੈਂਦੀ ਹੈ
ਸਾੜ ਜਾਂਦੀ ਹੈ

ਚੱਲ ਮਨਾ, ਵਾਪਸ ਚੱਲੀਏ
ਦੁਨੀਆ ਇਹ ਦੇਖ ਲਈ ਹੈ

### ਕਿਨਾਰੇ ਦੇ ਦੀਪਾਂ ਵੱਲ ਪਰਤਦਿਆਂ

ਤੇਰਾ ਨੰਗਾ ਸਰੂਪ ਨਹੀਂ ਝੱਲ ਸਕਦਾ ਜ਼ਿੰਦਗੀ
ਬਸਤਰਾਂ ਦੀ ਚਮਕ ਵਿੱਚ
ਚੁੰਧਿਆਕੇ ਮਿਲਦਾ ਹਾਂ

ਚੁਫੇਰਿਓਂ ਵਰ੍ਹਦੀ
ਸੱਖਣੇਪਣ ਦੀ ਮਾਰ ਤੋਂ ਬਚਣ ਲਈ
ਮੈਂ ਤਾਣ ਦਿੱਤੇ ਹਨ
ਰੰਗ ਬਰੰਗੇ ਪਰਦੇ
ਬੇਰੰਗ ਤੇਜ ਨੂੰ
ਰੰਗ ਰੰਗ ਕੇ ਦੇਖਣ ਵਿੱਚ ਰੁਝਿਆ ਹਾਂ

ਤੇਰੇ ਮਹਾਂ ਵਿਸਫੋਟ ਤੇ ਮਹਾਂ ਮਿਲਨ ਦੇ
ਆਰ ਪਾਰ ਬਿਖਰੀ
ਅਰਥਹੀਣਤਾ ਦੀ ਤਿੱਖੀ ਧਾਰ ਤੇ ਚੱਲਦੇ ਹੋਏ
ਜੁਗਾਦੀ ਇਕੱਲਤਾ ਦੀ ਘੁਟਣ ਤੋਂ ਬਚਣ ਲਈ
ਮੈਂ ਕਰ ਲਿਆ ਸਭਿਅਤਾ ਦਾ ਜਸ਼ਨ
ਤੇ ਰੱਬ ਦੇ ਖਿਆਲ ਨਾਲ ਪਰਚ ਗਿਆ
ਅਰਥ ਵਿਹੂਣੀ ਇਕੱਲਤਾ ਨੂੰ ਅਰਥ ਦੇਣ ਲਈ
ਮੈਂ ਸਫਰ ਕੀਤੇ
ਅਧਿਆਤਮ ਦੇ ਬੱਦਲਾਂ ਵਿੱਚੋਂ
ਸ਼ਾਇਰੀ ਦੇ ਧੁੰਧੀਲੇ ਪੰਧਾਂ ਰਾਹੀਂ
ਮੁਹੱਬਤ ਦੀਆਂ ਪਹਾੜੀ ਪਗਡੰਡੀਆਂ ਉਤੇ
ਤਰਕ ਦੀਆਂ ਕੜੀਆਂ ਜੋੜਦਾ ਜੋੜਦਾ
ਮੈਂ ਆ ਪਹੁੰਚਾ ਹਾਂ ਜਿਥੇ

ਸਭ ਮਾਰਗਾਂ ਦੇ ਆਖਰੀ ਸਿਰੇ ਤੇ
ਉਥੇ ਬੇਨਾਮ ਦਿਸ਼ਾਵਾਂ ਚੋਂ
ਅਰਥਹੀਣਤਾ ਟਪਕ ਰਹੀ ਹੈ
ਨਿਰਵਾਣ ਤੇ ਕਾਇਨਾਤੀ ਮਿਲਾਪ ਦੀਆਂ
ਨੂਰਾਨੀ ਤਸਵੀਰਾਂ ਦਾ
ਇਹ ਪਿਛਲਾ ਪਾਸਾ ਹੈ
-ਪਾਰ ਨਿਰਵਾਣ ਦੀ ਮਹਾਂ ਸੁਰੰਗ

ਆਖਰੀ ਸਚਾਈ ਦੀ ਭਾਲ ਚ
ਮੈਂ ਨਿਕਲ ਆਇਆ ਹਾਂ ਜਿਥੇ
ਨਾ ਅੱਗੇ ਕੁੱਝ ਹੈ ਨਾ ਪਿੱਛੇ
ਖਲਾਅ ਚ ਲਟਕਦੇ ਵਜੂਦ ਅੰਦਰ
ਭਾਫ ਵਾਂਗ ਫੈਲ ਰਹੀ
ਇਕੱਲਤਾ ਤੋਂ ਸਿਵਾ
ਇੱਕ ਨੁਕਤੇ ਚ ਡਿਗਦੀ ਹੋਈ
ਪੂਰੀ ਕਾਇਨਾਤ
- ਸੂਖਮ ਤੇ ਵਿਰਾਟ
- ਭੂਤ ਤੇ ਭਵਿਖ
- ਪ੍ਰਕਾਸ਼ ਤੇ ਹਨੇਰਾ
-ਚੇਤਨ ਤੇ ਜੜ

ਕੁੱਲ ਵਜੂਦ ਤੇਰਾ ਦਿਸ਼ਾਹੀਣਤਾ ਚ ਡੋਲ ਰਿਹਾ ਹੈ

ਟਿਕਾ ਕੇ ਰੂਹ ਦੀ ਹਥੇਲੀ ਤੇ
ਇਸ ਬਿੰਦੂ ਦੀ ਤਿੱਖੀ ਧਾਰ ਨੂੰ
ਮੈਂ ਚੱਲ ਰਿਹਾ ਹਾਂ..........
ਕਦਮ ਕਦਮ ਤੇ ਧਸ ਰਿਹਾ ਹੈ ਅੰਦਰ
ਤੇਰਾ ਆਖਰੀ ਸੱਚ
ਪੀੜ ਦਾ ਜਸ਼ਨ ਹੋ ਰਿਹਾ ਹੈ

ਮੈਂ ਭੱਜ ਆਇਆ ਹਾਂ
ਤੇਰੇ ਆਖਰੀ ਨੰਗੇਜ ਨੂੰ ਹੱਥ ਲਾ ਕੇ

ਕੁੱਝ ਨਹੀਂ ਹੈ ਤੇਰੇ ਕੋਲ ਜ਼ਿੰਦਗੀ
ਜਨਮ ਦੇ ਬੰਧਨਾਂ ਬਿਨਾਂ

ਅਹੁ ਦੂਰ, ਮਜਬੂਰ ਆਦਮੀ
ਤੇਰੀ ਆਖਰੀ ਸਚਾਈ ਵੱਲ ਪਿੱਠ ਕਰੀਂ
ਸਭਿਅਤਾ ਦੇ ਨਸ਼ੇ ਚ ਗੁਆਚਿਆ ਹੈ
ਤੇਰੀ ਅਰਥਹੀਣਤਾ ਦੇ ਖਿਲਾਫ
ਬੇਅਰਥ ਹੋਂਦ ਨੂੰ ਅਰਥ ਦੇਣ ਲਈ

ਵੇਖ ਆਦਮੀ ਨੇ ਕੀ ਕੀ ਰਚ ਲਿਆ
ਆਪਣੀ ਧਰਤੀ ਦੇ ਟਾਪੂ ਤੇ ਦੇਖ–
ਸਭਿਅਤਾ ਦੇ ਸ਼ਾਮਿਆਨੇ
ਰੂਹਾਨੀਅਤ ਦੇ ਸਤਰੰਗੀ ਦ੍ਰਿਸ਼ਾਂ ਚ
ਸੰਮੋਹਿਤ ਆਦਮੀ
ਰਿਸ਼ਤਿਆਂ ਦੇ ਚਕਰਵਿਊ ਚ
ਉਲਝਿਆ ਬੰਦਾ
ਅਚੇਤ ਦੇ ਥਲਾਂ ਚ ਰਚਾਕੇ
ਅਰਥਹੀਣਤਾ ਦੀ ਪੀੜ
ਸਾਡੇ ਮੱਥਿਆਂ ਤੇ ਉਗਾਈਆਂ ਫਸਲਾਂ ਦੇਖ

ਫੇਰ ਮਾਰਦਾ ਹਾਂ ਨਜ਼ਰ
ਤੇਰੇ ਅਖੀਰਲੇ ਸੱਚ ਤੇ
ਬੇਚੈਨ ਅਨੰਤਤਾ ਚ ......

ਕੁਝ ਨਹੀਂ ਹੈ
ਵਿਸ਼ਵਾਸ਼ ਦੇ ਲਗਾਤਾਰ ਮੱਧਮ ਪੈਂਦੇ ਜਾਣ ਤੋਂ ਸਿਵਾ
ਤੇਰੇ ਆਖਰੀ ਸਿਰੇ ਦੀ ਪੀੜ ਚ
ਹਲਾਲ ਹੁੰਦਿਆਂ
ਮੈਂ ਭੱਜ ਨਿਕਲਿਆ ਹਾਂ
ਕਿਨਾਰੇ ਦੀਆਂ ਰੌਸ਼ਨੀਆਂ ਵੱਲ
ਗਹਿਰਾਈਆਂ ਦੀ ਪੀੜ ਤੋਂ ਡਰਦਿਆਂ
ਮੈਂ ਸਤਹ ਦੇ ਨਸ਼ੇ ਚ ਗੁੰਮ ਹਾਂ



ਕੁੱਝ ਦਿਨ ਇਸ ਤਰਾਂ ਵੀ ਲੰਘਦੇ ਨੇ
ਜਿਵੇਂ ਮੌਤ ਕਿਤੇ ਹੁੰਦੀ ਹੀ ਨਾ ਹੋਵੇ
ਖੁਸ਼ੀ ਤੋਂ ਖੁਸ਼ੀ ਤੱਕ, ਹੋਰ ਖੁਸ਼ੀ ਤੱਕ
ਉਡਾਣ ਤੋਂ ਹੋਰ ਉਚੀ ਉਡਾਣ ਤੱਕ
ਖੇੜੇ ਤੋਂ ਹੋਰ ਖੇੜੇ ਤੱਕ
ਅੱਗੇ ਹੋਰ ਖੇੜੇ ਤੱਕ
ਅਜਿਹੇ ਖੇੜੇ ਤੱਕ
ਜਿਸ ਦੀ ਕਲਪਨਾ ਵੀ ਮੁਸ਼ਕਲ ਹੋਵੇ

**ਲੀ ਯੰਗ ਲੀ**

## ॥ ੩ ॥

ਤੂੰ ਲਹਿਰ ਹੋਕੇ ਮਿਲ ਲੈ ਇੱਕ ਵਾਰ ਇਸ ਨਦੀ ਨੂੰ
ਕਿਉਂ ਵਾਰ ਵਾਰ ਕਰਦਾ ਏਂ ਪਾਰ ਇਸ ਨਦੀ ਨੂੰ

॥ ਪਾਤਰ ॥

## ਮੂਰਤੀ ਪੂਜਕ

ਮੂਰਤੀ ਪੂਜਕ ਨਾ ਕਹਿ
ਤੇਰਾ ਅੱਧਾ ਅਧੂਰਾ ਇਨਸਾਨ ਹਾਂ
ਤੇਰੇ ਬੇਤਸਵੀਰੇ
ਨਿਰਾਕਾਰ ਰੂਪ ਨੂੰ ਮੈਂ ਕਿੰਞ ਪਿਆਰ ਕਰਾਂ

ਮੈਂ ਬਿਨਾਂ ਅੱਖਾਂ ਦੇਖ ਨਹੀਂ ਸਕਦਾ
ਬਿਨਾਂ ਕੰਨਾਂ ਸੁਣ ਨਹੀਂ ਸਕਦਾ

ਮੈਂ ਦੇਖਦਾ ਹਾਂ ਤੈਨੂੰ ਪੰਛੀਆਂ ਚੋ
ਫੁਲਾਂ ਚੋਂ
ਹਵਾਵਾਂ ਚੋਂ ਤੇਰੀ ਖੁਸ਼ਬੂ ਲੱਭਦਾਂ

ਨੀਲੇ ਅਸਮਾਨ ਚੋਂ ਤੇਰਾ ਟਿਕਾਣਾ ਲੱਭਦਾ ਹਾਂ
ਧਰਤੀ ਦੀ ਥਰਥਰਾਹਟ ਚੋਂ
ਤੇਰੀ ਗੂੰਜ ਸੁਣਨ ਦੀ ਕੋਸ਼ਿਸ਼ ਕਰਦਾ ਹਾਂ

ਕੁਦਰਤ ਦੇ ਵੱਖ ਵੱਖ ਅਕਾਰਾਂ ਨੂੰ ਜੋੜਕੇ
ਤੇਰੀ ਤਸਵੀਰ ਬਣਾਉਣ ਦੀ ਕੋਸ਼ਿਸ਼ ਕਰਦਾਂ
ਪਰ ਤਸਵੀਰ ਹੈ ਕਿ ਬਣਦੀ ਨਹੀਂ

ਇਸ ਬਿੰਦੂ ਤੇ ਮੇਰੀ ਸਾਧਨਾ ਅਟਕ ਜਾਂਦੀ ਹੈ

ਫੇਰ ਲੈ ਜਾਵੀਂ ਮੈਨੂੰ

ਤਸਵੀਰਾਂ ਅਕਾਰਾਂ ਤੋਂ ਪਾਰ
ਨਿਰਾਕਾਰਤਾ ਦੇ ਮੰਡਲ ਵਿਚ
ਪਹਿਲਾਂ ਤੂੰ ਮੇਰੇ ਸਾਹਮਣੇ ਆ
ਮੈਨੂੰ ਆਪਣੀ ਤਸਵੀਰ ਦੇਹ

ਤੇਰਾ ਅੱਧਾ ਅਧੂਰਾ ਇਨਸਾਨ ਹਾਂ
ਮੂਰਤੀ ਪੂਜਕ ਨਾ ਕਹੀਂ

## ਪਹਿਲਾ ਮੀਂਹ

ਮੁਹੱਬਤ ਸੁੱਤੀ ਰਹੀ ਮੇਰੇ ਅੰਦਰ ਸਦੀਆਂ ਤਕ
ਕਿਸੇ ਨੇ ਇਸ ਨੂੰ ਜਗਾਇਆ ਨਹੀਂ

ਸ਼ਾਇਦ ਇਹ ਘੂਕ ਸੁੱਤੀ ਸੀ
ਜਿਵੇਂ ਧਰਤੀ ਹੇਠਾਂ ਬੀਜ ਹੁੰਦੇ ਹਨ
ਜਿਵੇਂ ਬੀਜਾਂ ਅੰਦਰ ਫੁਲ
ਜਿਵੇਂ ਮਾਵਾਂ ਅੰਦਰ ਸੌਂ ਰਹੇ ਹੁੰਦੇ ਹਨ ਅਣਜੰਮੇ ਬਾਲ

ਬੜੀ ਦੇਰ ਮੈਂ ਇਸ ਨੂੰ ਫੂਕਾਂ ਮਾਰੀਆਂ
ਪਾਥੀਆਂ ਵਿਚ ਛੁਪੀ ਅੱਗ ਨੂੰ
ਸੁਲਘਾਉਣ ਲਈ ਸਾਹੋ ਸਾਹੀ ਹੋਇਆ
ਇਹ ਨਹੀਂ ਜਾਗੀ

ਰੌਸ਼ਨੀ ਵਾਲਿਆਂ ਕੋਲ ਗਿਆ
ਲੋਅ ਲੈਣ
ਜਿਵੇਂ ਬਾਂਝ ਕੁਖਾਂ ਫਕੀਰਾਂ ਕੋਲ ਜਾਂਦੀਆਂ ਹਨ
ਜਿਵੇਂ ਪਿਆਸੀਆਂ ਰੂਹਾਂ ਨੀਰਾਂ ਕੋਲ ਜਾਂਦੀਆਂ ਹਨ
ਪਰ ਇਕ ਘੁਟਣ
ਮੈਨੂੰ ਜਕੜਕੇ ਬੈਠੀ ਰਹੀ

ਘੁਟਣ
ਜਿਵੇਂ ਅਕਾਸ਼ ਨੂੰ ਕਿਸੇ ਨੇ ਬੰਨ ਲਿਆ ਹੋਵੇ
ਹਵਾ ਦੇ ਜਿਵੇਂ ਪੈਰ ਨੂੜੇ ਹੋਣ

ਇਕ ਲਹਿਰ ਉਠਦੀ ਤੇ
ਰੋਗੀ ਦੀ ਨਬਜ਼ ਵਾਂਗ ਬੈਠ ਜਾਂਦੀ

ਛੱਡ ਦਿੱਤਾ ਮੈਂ ਸੁੱਤੇ ਅਕਾਸ਼ ਨੂੰ ਜਗਾਉਣਾ
ਮੌਸਮਾਂ ਵਿਚ ਲੁਪਤ ਬਰਸਾਤ ਨੂੰ ਬੁਲਾਉਣਾ

ਤਕਦੀਰਾਂ ਨਾਲ ਲੜਦਾ ਮੈਂ ਹਾਰ ਗਿਆ ਸਾਂ

ਫੇਰ
ਅਚਾਨਕ ਆਈ
ਇਕ ਬਦਲੋਟੀ ਜਿਹੀ
ਬਿਨਾਂ ਵਰਿਆਂ
ਮੇਰੇ ਅਸਮਾਨ ਤੋਂ ਢੱਕਣ ਚੁੱਕ ਗਈ
ਬਿਨਾਂ ਪਾਣੀ ਦੇ ਮੇਰੀ ਧਰਤੀ ਭਿਉਂ ਗਈ

ਮੈਂ ਅਭੜਵਾਹਾ ਜਿਹਾ
ਬਰਸਾਤੇ ਵਜੂਦ ਨਾਲ
ਧੋਤੇ ਅਸਮਾਨ ਨੂੰ ਦੇਖ ਰਿਹਾ ਹਾਂ
ਰਗਾਂ ਵਿਚ ਸੁੱਤੇ ਫੁਲ ਰਾਤੋ ਰਾਤ ਪੁੰਗਰ ਪਏ ਹਨ

ਮੇਰੇ ਮੌਲਾ, ਤੇਰੇ ਇਹ ਕੀ ਰੰਗ ਨੇ

## ਅਕਾਸ਼ ਦਾ ਦਿਲ

ਤੂੰ ਮੇਰਾ ਹਾਲ ਨਾ ਪੁੱਛ
ਬੱਸ ਆਪੇ ਜਾਣ ਲੈ
ਕੀ ਹੈ ਮੇਰੇ ਦਿਲ ਵਿੱਚ

ਜੋ ਵੀ ਤੈਨੂੰ ਦੱਸਾਂਗਾ
ਤੈਨੂੰ ਪਤਾ ਹੋਵੇਗਾ
ਬੋਲਾਂ ਵਿੱਚ ਆਉਣ ਤੋਂ ਪਹਿਲਾਂ
ਤੇਰੇ ਕੋਲ ਪਹੁੰਚ ਗਿਆ ਹੋਵੇਗਾ

ਕੁੱਝ ਵੀ ਕਹਿਣ ਲਈ ਨਾ ਕਹਿ
ਆਪੇ ਜਾਣ ਲੈ

ਕਹਿੰਦੇ ਹਨ ਕਿ ਦਿਲਾਂ ਵਾਲੇ
ਜਾਣੀ ਜਾਣ ਹੁੰਦੇ ਹਨ
ਚੁੱਪ ਨਾਲ ਬੋਲਦੇ ਹਨ

ਜਾਂ ਸ਼ਾਇਦ ਜਾਣੀ ਜਾਣ ਵੀ ਨਹੀਂ ਹੁੰਦੇ
ਸਿਰਫ ਅਕਾਸ਼ ਨਾਲ
ਗੱਲਾਂ ਕਰਨੀਆਂ ਜਾਣਦੇ ਹਨ
ਅਕਾਸ਼
ਜਿਹੜਾ ਕਿ ਸਭ ਦੀਆਂ ਜਾਣਦਾ ਹੈ
ਜਿਸ ਦੇ ਦਿਲ ਵਿੱਚ
ਸਾਰਿਆਂ ਦਾ ਦਿਲ ਹੈ

## ਅੱਖਾਂ

ਬਰਫ ਜੰਮੀ ਹੈ ਅਨੰਤ ਸਾਗਰ ਤੇ
ਅੱਖਾਂ ਤੇਰੀਆਂ
ਇਸ ਬਰਫ ਵਿੱਚ ਹੋਏ ਦੋ ਸੁਰਾਖ
ਇਨਾਂ ਸੁਰਾਖਾਂ ਚੋਂ
ਅਨੰਤ ਸਾਗਰ ਦਿਸਦਾ ਹੈ
ਇਨ੍ਹਾਂ ਅੱਖਾਂ ਨੂੰ ਬੰਦ ਨਾ ਕਰੀਂ

ਇਹ ਜੋ ਨਮੀ ਹੈ ਇਨਾਂ ਚ
ਇਹ ਸਾਗਰ ਹੀ ਤਾਂ ਹੈ
ਅਨੰਤ
ਅਸਗਾਹ
ਅਥਾਹ
ਮੇਰੇ ਕੋਲ ਇਹੀ ਦੁਆਰ ਹੈ
ਅਗੰਮ ਨੂੰ ਛੁਹਣ ਦਾ

ਆਤਮਾ ਮੇਰੀ
ਜ਼ਿੰਦਗੀ ਵਿੱਚ ਕੈਦ ਹੈ
ਕੈਦੀ ਆਤਮਾ ਕੋਲ
ਇਹ ਦੋ ਰੌਸ਼ਨਦਾਨ ਹਨ
ਰੱਬ ਵੱਲ ਖੁਲ੍ਹਦੇ ਹੋਏ
ਇਨ੍ਹਾਂ ਰੌਸ਼ਨਦਾਨਾਂ ਚੋਂ
ਮੈਂ ਰੱਬ ਦੇਖ ਰਿਹਾਂ
ਅਨੰਤ ਵਿੱਚ ਲੀਨ ਹੋ ਰਿਹਾਂ

## ਗੰਗਾ

ਤੂੰ ਮੇਰੇ ਕਰਮ ਧੋਤੇ ਹਨ
ਹੇ ਸਦਾ ਕੁਆਰੀ
ਤੇਰੀ ਛੂਹ ਨਾਲ
ਮੈਂ ਅਮਰ ਹੋ ਗਿਆ ਹਾਂ

ਕਿ ਮੈਂ ਪਹਿਲਾ ਯਾਤਰੀ ਹਾਂ
ਤੇ ਆਖਰੀ ਵੀ
ਜੋ ਤੇਰੇ ਪਵਿੱਤਰ ਜਲਾਂ ਵਿੱਚ
ਟੁੱਭੀ ਲਾ ਰਿਹਾ ਹੈ
ਮੈਨੂੰ ਇਹ ਅਦਭੁਤ ਅਹਿਸਾਸ
ਕਿਉਂ ਹੋ ਰਿਹਾ ਹੈ
ਹੇ ਦੇਵੀ

ਤੂੰ ਜੁਗਾਂ ਤੋਂ ਵਹਿ ਰਹੀ ਹੈਂ
ਮੈਂ ਤੇਰੇ ਘਾਟ ਤੇ ਬੈਠਾ ਹਾਂ
ਉਦੋਂ ਤੋਂ ਹੀ

ਯੁਗ, ਸਾਲ, ਮਹੀਨੇ, ਘੰਟੇ
ਹਰ ਪਲ ਤੇਰੇ ਵਿੱਚ ਡਿੱਗ ਰਹੇ ਹਨ
ਹਰ ਪਲ ਹੀ
ਤੂੰ ਨਵੀਂ ਹੋ ਰਹੀ ਹੈਂ
ਤੂੰ ਕਦੇ ਪਲੀਤ ਨਹੀਂ ਹੁੰਦੀ

ਅਸਲ ਵਿੱਚ
ਸਿਰਫ ਮੈਂ ਤੇਰੇ ਵਿੱਚ ਨਹੀਂ ਨਹਾਉਂਦਾ
ਤੂੰ ਵੀ ਮੇਰੇ ਵਿੱਚ ਨਹਾਉਂਦੀ ਹੈਂ
ਮੇਰੀ ਹਰ ਟੁੱਭੀ
ਤੈਨੂੰ ਵੀ ਨਹਾਉਂਦੀ ਹੈ
ਮੇਰੀ ਹਰ ਤੀਰਥ ਯਾਤਰਾ
ਤੈਨੂੰ ਵੀ ਧੋ ਦਿੰਦੀ ਹੈ

ਦੁਨੀਆ ਵਿੱਚ ਬੇਅੰਤ
ਸਮੁੰਦਰ, ਨਦੀਆਂ, ਟੋਭੇ, ਖੂਹ ਤੇ ਟੂਟੀਆਂ ਹਨ
ਪਰ ਗੰਗਾ ਇੱਕ ਹੈ
ਮੈਂ ਤੇਰਾ ਇਕੋ ਇੱਕ ਤੀਰਥ ਯਾਤਰੀ

ਮੈਨੂੰ ਵਰ ਦੇ
ਹੇ ਮਹਾਨਦੀ
ਕਿ ਗੰਗੋਤਰੀ ਤੋਂ ਸਾਗਰ ਤੱਕ
ਤੇਰੇ ਘਾਟਾਂ ਤੇ ਪਸਰ ਜਾਵਾਂ

## ਸ਼ਬਦ

ਸ਼ਬਦ ਆਪਣੇ
ਮੈਂ ਭਿਉਂ ਰੱਖੇ ਹਨ ਤੇਰੇ ਵਿਯੋਗ ਵਿਚ
ਇਨ੍ਹਾਂ ਨਾਲ ਕੁਝ ਵੀ ਲਿਖਾਂ
ਕਵਿਤਾ ਬਣ ਜਾਏਗਾ

ਵਿਯੋਗ ਤੇਰੇ ਨਾਲ
ਮੇਰਾ ਦਿਲ ਗਰਭਿਆ ਹੈ
ਇਕ ਟੀਸ
ਰਗਾਂ ਵਿਚ ਰੁਕ ਰੁਕ ਕੇ ਚਲਦੀ ਹੈ

ਇਨ੍ਹਾਂ ਸ਼ਬਦਾਂ ਨਾਲ
ਤੂੰ ਬਹਿਸ ਨਾ ਕਰੀਂ
ਦਰਦ ਆਪਣੇ ਵਿਚ
ਪਿਘਲ ਪਿਘਲ ਜਾਂਦੇ ਨੇ
ਬਲ ਰਹੇ ਨੇ ਵਿਚਾਰੇ

ਇਨ੍ਹਾਂ ਵਿਚ ਹੇਕ ਨਹੀ
ਸੇਕ ਹੈ
ਤੂੰ ਇਨ੍ਹਾਂ ਦੀ ਤਪਸ਼ ਦੇਖੀਂ
ਜੀਵਨ ਦੀਆਂ ਸਰਦ ਰਾਤਾਂ ਨੂੰ
ਇਨ੍ਹਾਂ ਦੇ ਨਿੱਘ ਹੇਠ ਲੁਕਾ ਦੇਵੀਂ

ਵੈਸੇ ਮੈਂ ਕੀ ਕਰਾਂਗਾ ਕਵਿਤਾ ਲਿਖਕੇ
ਆਤਮਾ ਦਾ ਬੇਮੰਜ਼ਲਾ ਯਾਤਰੂ
ਗਰਮ ਸ਼ਬਦਾਂ ਨਾਲ
ਤੇਰੇ ਵਿਯੋਗ ਨੂੰ ਸਹਿਲਾਉਂਦਾ ਹਾਂ
ਮੈਂ ਕਵਿਤਾ ਨਹੀਂ ਲਿਖਦਾ

ਸ਼ਾਇਦ ਇਹ ਸ਼ਬਦ ਸਾਨੂੰ ਓਟ ਦੇਣ
ਦਿਲਾਂ ਦੀਆਂ ਸੁੰਨੀਆਂ ਵਾਦੀਆਂ ਵਿਚ
ਅਸ਼ਾਂਤ ਰਾਤਾਂ ਅੰਦਰ

ਮੈਂ ਇਹ ਭਿਉਂ ਰੱਖੇ ਹਨ
ਤੇਰੇ ਵਿਯੋਗ ਵਿਚ
ਇਨ੍ਹਾਂ ਚੂਚਿਆਂ ਦਾ ਤੂੰ ਖਿਆਲ ਰੱਖੀਂ

## ਛੁਪਾ ਲੈ

ਪਿਆਰ ਮੇਰਾ ਤੂੰ ਛੁਪਾ ਲੈ ਦਿਲ ਵਿਚ, ਹੌਲੀ ਜਿਹੇ
ਬਾਹਰ ਬਹੁਤ ਤੇਜ਼ ਹਵਾ ਹੈ

ਇਹ ਐਵੇਂ ਦੀਵਾ ਜਿਹਾ
ਇਸ ਦੀ ਨਿੰਮੀ ਨਿੰਮੀ ਲੋਅ ਹੈ
ਤੇ ਮੱਠਾ ਮੱਠਾ ਸੇਕ

ਇਹ ਖੁਸ਼ਬੂ ਦੀ ਲਹਿਰ ਹੈ
ਇਹ ਮਸ਼ਾਲ ਨਹੀਂ ਬਣ ਸਕੇਗਾ
ਬਸ ਤੇਰੀਆਂ ਅੱਖਾਂ ਵਿਚ ਟਿਮਟਿਮਾਏਗਾ

ਤੂੰ ਇਸ ਨੂੰ ਘੁਟ ਕੇ ਪਕੜ  ਲੈ
ਜਿਵੇਂ ਮਾਂ ਕੋਈ ਡਰੇ ਹੋਏ ਬੱਚੇ ਨੂੰ ਪਕੜਦੀ ਹੈ
ਲੁਕਾ ਲੈ

ਦਿਲ ਦੀਆਂ ਸਿਆਹ ਰਾਤਾਂ ਵਿਚ
ਇਹ ਦੀਵੇ ਵਾਂਗ ਬਲਦਾ ਰਹੇਗਾ ਖਾਮੋਸ਼
ਤੜਕੇ ਦੇ ਤਾਰੇ ਦੀ ਤਰਾਂ ਤੈਨੂੰ ਰਾਹ ਦਰਸਾਏਗਾ

ਤੂੰ ਇਸ ਨੂੰ ਦਿਲ ਵਿਚ ਛੁਪਾ ਲੈ
ਬਾਹਰ ਬਹੁਤ ਤੇਜ਼ ਹਵਾ ਹੈ

## ਧੂਫ

ਹੋਰ ਕੁੱਝ ਵੀ ਨਹੀਂ ਹੈ ਉਸ ਕੋਲ
ਸਿਰਫ ਦੁਆਵਾਂ ਦੀ ਇਕ ਮਾਲਾ ਹੈ
ਜੋ ਤੇਰੇ ਗਲ ਵਿਚ ਪਾ ਦਿੱਤੀ

ਉਹ ਕੋਈ ਰਾਜਕੁਮਾਰ ਨਹੀਂ
ਫਕੀਰਾਂ ਦਾ ਦੂਤ ਹੈ ਸ਼ਾਇਦ
ਉਸ ਕੋਲ ਸਾਦੇ ਜਿਹੇ
ਗੇਂਦੇ ਦੇ ਫੁੱਲ ਹਨ
ਤੇਰੀ ਝੋਲੀ ਵਿਚ ਪਾਉਣ ਲਈ

ਸਿਰਫ ਫੁੱਲ ਹਨ ਸਾਦੇ ਜਿਹੇ

ਉਹ ਅਸਲ ਵਿਚ ਕੁਝ ਨਹੀਂ ਹੈ
ਇਕ ਅਖੰਡ ਅਰਦਾਸ ਤੋਂ ਸਿਵਾ
ਇਕ ਸਾਲਮ ਦੁਆ
ਫਕੀਰਾਂ ਦੇ ਦਰ ਤੇ ਖੜ੍ਹਾ ਤੇਰੇ ਲਈ
ਹੌਲੀ ਹੌਲੀ ਜਲ ਰਿਹਾ ਹੈ
ਇਕ ਧੂਫ ਦੀ ਤਰਾਂ
ਤੇਰੇ ਚੌਗਿਰਦੇ ਨੂੰ ਮਹਿਕਾਉਣ ਲਈ

ਤੂੰ ਕਿਤੇ ਵੀ ਜਾਈਂ
ਇਹ ਮਹਿਕ ਤੇਰੇ ਨਾਲ ਰਹੇਗੀ

## ਅਵਾਜ

ਜੀਅ ਕਰਦਾ ਹੈ ਤੈਨੂੰ
ਜ਼ੋਰ ਦੀ ਅਵਾਜ ਮਾਰਾਂ, ਚੁਪ ਚਾਪ
ਕਿ ਦੇਵਤਿਆਂ ਦਾ ਸਿੰਘਾਸਣ ਕੰਬ ਜਾਏ
ਕਿ ਅਸਮਾਨ ਵਿਚ ਤਰੇੜ ਪੈ ਜਾਵੇ

ਅਵਾਜ ਮੇਰੀ ਰਾਕਟ ਦੀ ਤਰਾਂ
ਦੂਰੀਆਂ ਨੂੰ ਚੀਰ ਜਾਵੇ
ਤੇ ਤੇਰੇ ਦਿਲ ਤੇ ਜਾ ਟਿਕੇ
ਪਾਣੀ ਤੇ ਤੈਰਦੀ
ਕਾਗਜ਼ ਦੀ ਕਿਸ਼ਤੀ ਵਾਂਗ

ਮੈਂ ਤੈਨੂੰ ਬੁਲਾ ਰਿਹਾਂ
ਤਾਂ ਕਿ ਤੂੰ ਦੇਖ ਸਕੇਂ
ਕਿ ਖੜਕੇ ਤੋਂ ਬਗੈਰ
ਵਿਸਫੋਟ ਕਿਵੇਂ ਹੁੰਦੇ ਨੇ
ਕਿ ਦਿਲਾਂ ਦਾ ਹੁੰਮਸ
ਕਿੰਨਾ ਜਾਨਲੇਵਾ ਹੁੰਦਾ ਹੈ

ਬਿਨਾਂ ਬੋਲਿਆਂ
ਤੈਨੂੰ ਅਵਾਜ਼ ਮਾਰੀ ਹੈ
ਬਿਨਾਂ ਕੰਨਾਂ ਦੇ ਇਸ ਨੂੰ ਸੁਣ
ਬਿਨਾਂ ਅੱਖਾਂ ਦੇ
ਆਪਣੇ ਦਿਲ ਵਿਚ ਦੇਖ

ਇਸ ਝੀਲ ਵਿਚ ਚੰਦਰਮਾਂ ਦੀ ਤਰਾਂ
ਕੁਝ ਡੋਲਦਾ ਹੈ ਕਿ ਨਹੀਂ ?

ਇਸ ਤੋਂ ਵੱਧ ਖਾਮੋਸ਼ੀ ਨਾਲ
ਮੈਂ ਐਨੀ ਉਚੀ ਅਵਾਜ ਨਹੀਂ ਮਾਰ ਸਕਦਾ
ਸੁੱਤੀ ਕਾਇਨਾਤ ਜਾਗ ਜਾਵੇਗੀ

## ਪਿਘਲੇ ਸ਼ਬਦ

ਮੈਂ ਸੁੱਕਾ ਮੋਮ ਸਾਂ
ਤੈਨੂੰ ਮਿਲਣ ਤੋਂ ਪਹਿਲਾਂ
ਤੈਨੂੰ ਮਿਲਕੇ
ਹੰਝੂ ਵਾਂਗ ਵਹਿਣ ਲੱਗਿਆ ਹਾਂ

ਸ਼ਬਦਾਂ ਦੇ ਬੇਜਾਨ ਸੰਚਿਆਂ ਨੂੰ
ਇੱਟਾਂ ਵਾਂਗ ਚਿਣਕੇ
ਕਵਿਤਾ ਬਣਾ ਲੈਂਦਾ ਸਾਂ
ਪਲਾਸਟਿਕ ਦੇ ਫੁਲਾਂ ਵਾਂਗ
ਸਜਾ ਲੈਂਦਾ ਸਾਂ
ਤੇਰੇ ਆਉਣ ਤੋਂ ਪਹਿਲਾਂ

ਸ਼ਬਦ ਮੇਰੇ ਜਗ ਪਏ ਰੌਸ਼ਨੀਆਂ ਵਾਂਗ
ਤੇਰੀ ਆਮਦ ਤੇ
ਤੇਰੇ ਸਨਮਾਨ ਵਿਚ
ਛੋਹ ਤੇਰੀ ਨਾਲ ਪੁੰਗਰ ਪਏ ਹਨ

ਇਸ ਪਿਘਲੇ ਮਨ ਨਾਲ
ਦੁਨੀਆ ਨੂੰ ਮੈਂ ਇੰਝ ਦੇਖਦਾ ਹਾਂ
ਜਿਵੇਂ ਕੋਈ ਪ੍ਰੇਮੀ
ਖ਼ੂਨ ਨਾਲ ਚਿੱਠੀਆਂ ਲਿਖਦਾ ਹੈ

ਬੇਜਾਨ ਸ਼ਬਦ ਪੁੰਗਰ ਪਏ ਹਨ ਤੇਰੀ ਛੋਹ ਨਾਲ
ਤੇਰੇ ਸਨਮਾਨ ਵਿਚ ਲੋਟ ਪੋਟ ਹੋ ਰਹੇ ਹਨ

## ਲੱਭ ਜਾਇਆ ਕਰ

ਤੈਥੋਂ ਬਿਨਾਂ ਧਰਤੀ ਤੇ ਬਿਜਲੀ ਚਲੀ ਜਾਂਦੀ ਹੈ
ਤੈਥੋਂ ਬਿਨਾਂ ਮੇਰੇ ਨਾਲ ਕੋਈ ਨਹੀਂ ਬੋਲਦਾ

ਭਰਿਆ ਮੇਲਾ ਵੀ ਸੁੰਨਾ ਹੋ ਸਕਦਾ ਹੈ
ਇਹ ਮੈਨੂੰ ਪਹਿਲੀ ਵਾਰ ਪਤਾ ਲੱਗਿਆ ਹੈ
ਐਨੀ ਰੌਣਕ ਵੀ ਸੁੰਨੀ ਹੈ ਤੈਥੋਂ ਬਿਨਾਂ

ਮੈਨੂੰ ਸਮਝਾ ਨਾ ਕਿ
ਹਰ ਵੇਲੇ ਮੇਰੇ ਨਾਲ ਹੈ ਤੂੰ
ਫੇਰ ਮੈਂ ਅਕਸਰ ਤੈਨੂੰ ਕਿਉਂ ਲੱਭਦਾਂ

ਮੇਰਾ ਇਹ ਪਲ ਪਲ ਦਾ ਸੰਸਾਰ ਹੈ
ਹਰ ਰੋਜ਼ ਮੈਂ ਤੈਨੂੰ ਨਵੇਂ ਸਿਰਿਓਂ ਲੱਭਦਾਂ
ਜਿਵੇਂ ਕੋਲੰਬਸ ਨੇ ਅਮਰੀਕਾ ਲੱਭਿਆ ਹੋਵੇ
ਜਿਵੇਂ ਕੋਈ ਚੰਦਰਮਾ ਤੇ ਉਤਰਿਆ ਹੋਵੇ

ਭਲਾਂ ਤੂੰ ਰੋਜ਼ ਗੁੰਮ
ਪਰ ਲੱਭ ਜਾਇਆ ਕਰ
ਜ਼ਰੂਰ
ਤੇਰੇ ਬਿਨਾਂ ਧਰਤੀ ਤੇ ਬਿਜਲੀ ਚਲੀ ਜਾਂਦੀ ਹੈ
ਤੈਥੋਂ ਬਿਨਾਂ ਮੇਰੇ ਨਾਲ ਕੋਈ ਨਹੀਂ ਬੋਲਦਾ

## ਤੇਰਾ ਖਿਆਲ

ਦਿਲ ਤੇਰੇ ਖਿਆਲ ਨਾਲ ਭਰਿਆ ਹੈ
ਜਿਵੇਂ ਰਸ ਨਾਲ ਅੰਬੀ
ਨਮੀ ਨਾਲ ਅੱਖ ਕੋਈ
ਜਿਵੇਂ ਮੀਂਹ ਨਾਲ ਬੱਦਲ ਭਰਿਆ ਹੁੰਦਾ ਹੈ

ਮੈਂ ਖਿਆਲ ਤੇਰਾ
ਸਾਂਭ ਸਾਂਭ ਰੱਖ ਰਿਹਾਂ
ਜਿਵੇਂ ਅੱਖਾਂ ਵਿੱਚ ਹੰਝੂ ਸਾਂਭੀਦੇ ਨੇ
ਜਿਵੇਂ ਅੰਬੀ ਰਸ ਸਾਂਭਦੀ ਹੈ
ਜਿਵੇਂ ਬੱਦਲਾਂ ਨੇ ਮੀਂਹ ਸਾਂਭਿਆ ਹੋਵੇ

ਪਰ ਦਿਲ ਕਿੰਨੀ ਕੁ ਦੇਰ ਸੰਭਲਦਾ ਹੈ ਭਲਾ
ਹੰਝੂ ਕਿੰਨੀ ਕੁ ਦੇਰ ਅਟਕਦੇ ਨੇ
ਬੱਦਲ ਕਿੰਨੀ ਕੁ ਦੇਰ
ਰੋਕ ਸਕਦਾ ਹੈ ਮੀਂਹ

ਤੇਰੇ ਖਿਆਲਾਂ ਨਾਲ ਨਮ ਹੋ ਜਾਵਾਂਗਾ
ਭਿੱਜ ਜਾਵੇਗਾ ਤਨ ਮਨ

ਫੇਰ ਤੂੰ ਆਵੀਂ
ਮੀਂਹ ਤੋਂ ਬਾਅਦ ਚਲਦੀ
ਹਵਾ ਦੀ ਤਰਾਂ

## ਤੇਰੇ ਗ੍ਰਹਿ ਤੇ

ਤੇਰੀ ਦੁਨੀਆ ਵਿਚ
ਸੂਰਜ ਪੱਛਮ ਤੋਂ ਚੜ੍ਹਦਾ ਹੈ
ਤੇਰੀ ਦੁਨੀਆ ਦੀ ਸ਼ਾਮ
ਪੂਰਬ ਵਿਚ ਉਤਰਦੀ ਹੈ

ਤੇਰੀ ਦੁਨੀਆ ਵਿਚ
ਉਡੀਕਾਂ ਲੰਬੀਆਂ ਨੇ
ਤੇ ਮਿਲਨ ਛੋਟੇ

ਤੇਰਾ ਘੰਟਾ ਗੁਜ਼ਰਦਾ ਹੈ
ਤੇ ਮੇਰਾ ਸਾਲ ਮੁੱਕਦਾ ਹੈ
ਤੇਰੀ ਹਰ ਸ਼ਾਮ
ਮੇਰੀ ਸਦੀ ਬਾਅਦ ਆਉਂਦੀ ਹੈ

ਸਾਲਾਂ ਬਾਅਦ ਮਿਲਣਾ
ਤੇ ਅੱਖ ਫਰਕਣ ਤੋਂ ਪਹਿਲਾਂ ਗਾਇਬ ਹੋ ਜਾਣਾ
ਕਿਸੇ ਹੋਰ ਗ੍ਰਹਿ ਦੇ ਵਾਸੀ
ਤੈਂ ਮੇਰੀਆਂ ਘੜੀਆਂ ਪਾਗਲ ਕਰ ਦਿਤੀਆਂ ਨੇ

ਤੇਰਾ ਪਲ ਤੇ ਮੇਰਾ ਸਾਲ
ਮੈਂ ਤੈਨੂੰ ਕਿਵੇਂ ਉਡੀਕਾਂ

ਚਲ ਆਪਣੀਆਂ ਘੜੀਆਂ ਵਟਾ ਲਈਏ

ਤੂੰ ਸਦੀਆਂ ਬਾਅਦ ਜਾਇਆ ਕਰ
ਪਲ ਛਿਣ ਲਈ
ਅੱਖ ਫਰਕਦਿਆਂ ਫਿਰ ਮੁੜ ਆਇਆ ਕਰ

## ਪਾਥੀ ਦੀ ਅੱਗ

ਸ਼ਾਮ ਪੈਂਦਿਆਂ ਹੀ
ਪਾਥੀ ਤੇ ਫੂਕ ਮਾਰਦਾਂ
ਤੇ ਉਸ ਦਰਦ ਨੂੰ ਸੁਲਘਾ ਲੈਂਦਾਂ
ਜੋ ਦਬਿਆ ਰਹਿੰਦਾ ਹੈ ਦਿਨ ਭਰ

ਤੂੰ ਮੇਰੇ ਅੰਦਰ ਮੌਜੂਦ ਹੈਂ ਹਰ ਪਲ
ਜਿਵੇਂ ਪਾਥੀਆਂ ਵਿੱਚ ਅੱਗ ਹੁੰਦੀ ਹੈ
ਜਿਵੇਂ ਅੰਗਾਂ ਵਿੱਚ ਪੀੜ
ਜਿਵੇਂ ਮਨ ਵਿੱਚ ਰੋਣਾ ਹੁੰਦਾ ਹੈ
ਜਿਵੇਂ ਦਿਨ ਵਿੱਚ ਸ਼ਾਮ ਛੁਪੀ ਹੁੰਦੀ ਹੈ

ਦਿਨ ਢਲਦਾ ਹੈ ਤਾਂ
ਕੁੱਝ ਅਸਮਾਨ ਤੋਂ ਉਤਰਕੇ
ਪਾਥੀਆਂ ਚ ਸੁਲਘਦਾ
ਜਿਸਮ ਵਿੱਚ ਜਾਗ ਪੈਂਦਾ ਹੈ
ਮਨ ਤੇ ਛਾ ਜਾਂਦਾ ਹੈ

ਤੂੰ ਆਪਣੀ ਹੋਂਦ ਜਾਂ ਅਣਹੋਂਦ
ਦੋਵੇਂ ਰੂਪਾਂ ਵਿੱਚ
ਮੇਰੇ ਨਾਲ ਰਹਿ
ਕਦੇ ਸਕਾਰ, ਕਦੇ ਨਿਰਾਕਾਰ

## ਧੂਣੀ ਦਾ ਸੇਕ

ਰੱਬ ਨੇ ਲਾਇਆ ਹੈ ਅਸਮਾਨ ਦਾ ਸ਼ਾਮਿਆਨਾ
ਦੁਨੀਆ ਵਿਆਹ ਵਿਆਹ ਖੇਡ ਰਹੀ ਹੈ

ਮੈਂ ਤੈਥੋਂ ਬਿਨਾ ਬੈਠਾ ਹਾਂ
ਬਰਾਤ ਤੋਂ ਰਹਿ ਗਏ ਸਾਕ ਵਾਂਗ
ਧੂਫ ਦੀ ਤਰਾਂ ਸੁਲਘ ਰਿਹਾਂ
ਤੇਰੀ ਮਹਿਕ ਨਾਲ ਘਿਰਿਆ ਹਾਂ
ਤੇਰਾ ਖਿਆਲ ਟਕ ਟਕ ਚਲਦਾ ਹੈ
ਟਿਕੀ ਰਾਤ ਵਿੱਚ
ਟੂਟੀ ਚੋਂ ਸਿੰਮਦੇ ਤੁਪਕਿਆਂ ਦੀ ਤਰਾਂ
ਵੱਜਦਾ ਹੈ ਲਗਾਤਾਰ

ਤੁਪਕੇ ਵੀ ਤਾਂ ਨਿਸ਼ਾਨ ਪਾ ਦਿੰਦੇ ਨੇ
ਵਿਯੋਗ
ਯਾਦ ਦੇ ਨਿਸ਼ਾਨਾਂ ਨੂੰ
ਸਹਿਲਾਉਣ ਦਾ ਹੁਨਰ ਹੈ ਸ਼ਾਇਦ
ਕਿਸੇ ਦੀ ਗੈਰ ਮੌਜੂਦਗੀ ਨੂੰ
ਧੂਣੀ ਵਾਂਗ ਧੁਖਾਉਣ ਦੀ ਕਲਾ

ਦੁਨੀਆ ਆਪਣੇ ਕੰਮੀਂ ਰੁੱਝੀ ਹੈ
ਮੈਂ ਕੱਲਾ
ਧੂਣੀ ਵਾਂਗ ਤੈਨੂੰ ਸੇਕ ਰਿਹਾਂ

## ਤਾਰ ਦਾ ਸਫਰ

ਇਹ ਜੋ ਅਦਿਸਦੀ ਤਾਰ ਹੈ
ਤੇਰੇ ਤੇ ਮੇਰੇ ਵਿਚਕਾਰ
ਇਹ ਬਹੁਤ ਜ਼ਾਲਮ ਹੈ

ਦਿਲ ਚ ਜਿਵੇਂ ਕੋਈ ਧਾਗਾ ਪਰੋਇਆ ਹੈ
ਤੂੰ ਇਸ ਨੂੰ ਤੁਣਕੇ ਨਾ ਮਾਰ

ਤਾਰ ਇਹ ਖਿਚਦੀ ਹੈ
ਕਿਸੇ ਅਜਾਣੀ ਦਿਸ਼ਾ ਵਲ
ਧੂਹ ਪਾਉਂਦੀ ਹੈ
ਮੇਰੇ ਵਜੂਦ ਦੇ ਧੁਰ ਅੰਦਰੋਂ
ਕੋਈ ਰੁਗ ਭਰ ਲੈਂਦੀ ਹੈ

ਨਾ ਇਸ ਨੂੰ ਤੁਣਕਾ ਨਾ ਮਾਰ

ਇਹ ਜੋ ਪੀੜ ਹਲਕੀ ਹਲਕੀ
ਨਬਜ਼ ਦੀ ਤਰਾਂ ਟਕ ਟਕ ਚਲਦੀ ਹੈ
ਇਸ ਤਾਰ ਦੀ ਖਿਚ ਹੈ

ਦਰਦ ਇਹ
ਅੱਛਾ ਲਗਦਾ ਹੈ
ਜਿਵੇਂ ਇਸ ਚ ਬੱਸ ਬੈਠ ਜਾਈਏ
ਬਹੁਤ ਹਲਕੇ ਹਲਕੇ

ਕੋਈ ਖਿਚਦਾ ਰਹੇ ਦੂਰ ਦਿਸ਼ਾ ਤੋਂ

ਇਹ ਪੀੜ ਰੱਬ ਦੀ ਉਂਗਲ ਹੈ
ਕਿਸੇ ਦੂਸਰੇ ਸੰਸਾਰ ਵਿਚ ਜਾਣ ਲਈ
ਤੂੰ ਇਸ ਨੂੰ ਪਕੜ ਰੱਖੀਂ

ਹਰ ਸ਼ਾਮ ਉਤਰਦੀ ਹੈ
ਇਹ ਜੋ ਪੀੜ ਜ਼ਾਲਮ
ਤੇਰੇ ਤੇ ਮੇਰੇ ਵਿਚਕਾਰ ਤਣੀ
ਕੋਈ ਅਦਿਖ ਤਾਰ ਹੈ

## ਤੇਰਾ ਹੋਣਾ

ਤੂੰ ਕਿਤੇ ਹੈਂ
ਬਸ ਐਨਾ ਹੀ ਬਹੁਤ ਹੈ
ਇਸੇ ਨਾਲ ਮੇਰੀ ਧਰਤੀ ਤੇ ਰੌਣਕ ਹੈ

ਮੈਂ ਤੈਨੂੰ ਅਜੇ ਦੇਖਿਆ ਨਹੀਂ
ਇਸ ਕਰਕੇ ਤੈਨੂੰ ਲੱਭਦਾ ਰਹਿੰਦਾ
ਸਾਰੇ ਅਕਾਰਾਂ ਚੋਂ
ਦ੍ਰਿਸ਼ਾਂ ਚੋਂ
ਅਵਾਜ਼ਾਂ ਚੋਂ
ਸਾਰੇ ਚਿਹਰਿਆਂ ਤੇ ਤੇਰੀ ਹੀ ਆਭਾ ਦਿਸਦੀ ਹੈ

ਤੈਨੂੰ ਮੈਂ ਕਿਵੇਂ ਮਿਲਾਂਗਾ ਪ੍ਰਭੂ ਮੇਰੇ
ਮਿਲਣ ਤੋਂ ਪਹਿਲਾਂ ਹੀ ਐਨਾ ਪਿਘਲ ਗਿਆ ਹਾਂ
ਹੋਰ ਕਿੰਝ ਪਿਘਲਾਂਗਾ
ਮੇਰੇ ਸਾਰੇ ਕੋਨੇ
ਸਾਰੇ ਸਿਰੇ ਵਹਿ ਗਏ ਨੇ

ਜੇ ਚਾਹਾਂ ਵੀ ਤਾਂ ਕਿੰਝ ਆਵਾਂ
ਬਹੁਤ ਦੂਰ ਹੈ ਤੇਰਾ ਟਿਕਾਣਾ
ਜਿਸਮ ਦੀ ਇਹ ਕੈਦ
ਇਹ ਕੈਦ ਕਿੰਝ ਪਾਰ ਕਰਾਂ
ਕੀ ਜਿਸਮ ਨੂੰ ਖੋਲ੍ਹ ਆਵਾਂ ਬਾਹਰ
ਜਿਵੇਂ ਗੁਰੂਘਰ ਦੇ ਬਾਹਰ

ਜੋੜੇ ਉਤਾਰੀਦੇ ਹਨ

ਅਜੇ ਮੇਰੀ ਇਸੇ ਤੇ ਟੇਕ ਹੈ
ਕਿ ਤੂੰ ਹੈਂ ਕਿਤੇ ਰਾਜ਼ੀ ਖ਼ੁਸ਼ੀ
ਬਸ ਐਨਾ ਹੀ ਬਹੁਤ ਹੈ
ਇਸੇ ਨਾਲ ਮੇਰੀ ਧਰਤੀ ਤੇ ਰੌਣਕ ਹੈ

## ਦੀਵਾਲੀ

ਬਲਦੀਆਂ ਬੁਝਦੀਆਂ ਇਨ੍ਹਾਂ ਰੌਸ਼ਨੀਆਂ ਵਿੱਚ
ਇਹ ਜੋ ਦੀਵੇ ਨੇ ਚੁਪ ਜਿਹੇ
ਇਹੀ ਮੇਰੀ ਚੁਪ ਦੇ ਸਾਥੀ ਨੇ
ਸ਼ੋਰ ਦੇ ਇਸ ਤੁਫਾਨ ਵਿੱਚ
ਜੋ ਚੁਪ
ਮੈਂ ਤੇਰੇ ਲਈ ਸਾਂਭ ਰੱਖੀ ਹੈ
ਇਹ ਉਸ ਨਾਲ ਬਲ ਰਹੇ ਨੇ

ਇਹ ਦੀਵੇ ਚੁਪ ਚੁਪ
ਸ਼ਾਇਦ ਇਹੀ ਮੇਰਾ ਕਹਿਣਾ ਮੰਨਣਗੇ
ਜੀ ਕਰਦਾ ਹੈ ਇਨ੍ਹਾਂ ਨੂੰ ਕਹਾਂ
ਕਿ ਡਾਰ ਬਣਕੇ
ਉਡ ਜਾਣ ਕੂੰਜਾਂ ਵਾਂਗ ਤੇਰੇ ਦੇਸ
ਤੇਰੀ ਚੁਪ ਨੂੰ
ਮੇਰੀ ਚੁਪ ਦੀ ਖਬਰ ਦੇਣ

ਤੁਫਾਨੀ ਸ਼ੋਰ ਵਿੱਚ
ਮੈਂ ਇਸ ਚੁਪ ਨੂੰ ਲੁਕਾ ਰਿਹਾਂ
ਦੀਵੇ ਦੀ ਤਰਾਂ
ਬਚਾ ਰਿਹਾ ਹਾਂ

## ਸਮਰਪਣ

ਮੈਂ ਤੈਨੂੰ ਕੀ ਕਹਾਂ
ਮੇਰੇ ਸਾਰੇ ਹਥਿਆਰ ਤਾਂ ਤੂੰ ਗਿਰਾ ਦਿੱਤੇ ਨੇ
ਮੈਂ ਨਿਸ਼ਬਦਾ ਸਿਪਾਹੀ ਹਾਂ
ਆਤਮ ਸਮਰਪਣ ਲਈ ਵੀ ਮੇਰੇ ਕੋਲ ਕੁਝ ਨਹੀਂ

ਇਹ ਕੈਸਾ ਯੁੱਧ ਹੈ
ਜੋ ਮੇਰੇ ਹਾਰਨ ਨਾਲ ਸ਼ੁਰੂ ਹੋਇਆ
ਮੇਰੇ ਹਾਰਨ ਤੋਂ ਬਿਨਾਂ ਸ਼ਾਇਦ ਇਹ ਯੁੱਧ
ਸ਼ੁਰੂ ਨਾ ਹੁੰਦਾ

ਨਾ ਕੋਈ ਫੌਜ ਨਾ ਸਿਪਾਹੀ
ਹਥਿਆਰ ਵੀ ਕੋਈ ਨਹੀਂ
ਮੈਂ ਆਪਣੇ ਮਨ ਦਾ ਸਿਕੰਦਰ
ਪਤਾ ਨਹੀਂ ਕਿਸ ਫੌਜ ਤੋਂ ਹਾਰ ਗਿਆ ਹਾਂ

## ਖੋਜ ਤੋਂ ਪਰੇ

ਜਦ ਮੈਂ ਭਾਲ ਆਪਣੀ ਤੋਂ ਹੰਭ ਗਿਆ ਸਾਂ
ਤੂੰ ਮੈਨੂੰ ਉਦੋਂ ਮਿਲਣਾ ਸੀ
ਜਦ ਮੈਂ ਮੁੜਨ ਲੱਗਿਆ ਸਾਂ ਵਾਪਿਸ ਪੱਤਣਾਂ ਵੱਲ
ਤੂੰ ਮੈਨੂੰ ਉਦੋਂ ਮਿਲਣਾ ਸੀ

ਸਾਰੇ ਪੰਛੀ ਪਰਿੰਦੇ, ਬੱਦਲ ਤੇ ਤਾਰੇ
ਜੋ ਮੇਰੇ ਨਾਲ ਸਨ ਇਸ ਖੋਜ ਮੁਹਿੰਮ ਵਿਚ
ਮੈਂ ਹਾਰ ਕੇ ਉਹ ਸਭ ਵਾਪਿਸ ਮੋੜ ਦਿੱਤੇ ਸਨ
ਫੁੱਲਾਂ ਦੇ ਬਾਗ ਸਭ
ਘਰਾਂ ਨੂੰ ਤੋਰ ਦਿੱਤੇ ਸਨ

ਸੋਚਦਾ ਸਾਂ ਮੇਰੀ ਭਾਲ ਇਹ
ਸਭ ਵਿਅਰਥ ਹੈ
ਇਸ ਅਨੰਤ ਸਾਗਰ ਦਾ
ਕੋਈ ਸਿਰਾ ਨਹੀਂ ਹੈ ਸ਼ਾਇਦ
ਜਿਸ ਨੂੰ ਮੈਂ ਪਕੜਨ ਤੁਰਿਆ ਹਾਂ
ਸਭ ਡਰਾਉਣੀ ਅਨੰਤਤਾ ਸੀ
ਤੇ ਛੱਲਾਂ ਚੋਂ ਉਠਦੀ ਧੁੰਦ

ਮੈ ਆਤਮਾ ਦਾ ਕੋਲੰਬਸ
ਹਾਰ ਗਿਆ ਸਾਂ
ਇਸ ਅਮੁੱਕ ਖੋਜ ਵਿਚ
ਖੋਜ ਤੋਂ ਅੱਗੇ ਨਿਕਲ ਗਿਆ ਸਾਂ

ਕੁੱਝ ਚਮਕਿਆ ਬਿਜਲੀ ਵਾਂਗ
ਉਸ ਪਾਸੇ
ਜਿਥੋਂ ਮੈਂ ਨਿਕਲ ਆਇਆ ਸਾਂ
ਮੈ ਘੁੰਮ ਗਿਆ
ਜਿਵੇਂ ਕਿਸੇ ਬੱਚੇ ਦੇ ਹੱਥ ਤੇ
ਲਾਟੂ ਘੁੰਮਦਾ ਹੈ

ਰਿੜਕਿਆ ਗਿਆ
ਆਪਣੇ ਸਾਰੇ ਤਰਕਾਂ ਸਮੇਤ

ਪੰਛੀਆਂ, ਤਾਰਿਆਂ ਤੇ ਬੱਦਲਾਂ ਨੂੰ
ਮੈਂ ਹੁਣ ਅਵਾਜ਼ਾਂ ਮਾਰ ਰਿਹਾ ਹਾਂ
ਜੋ ਮੈਂ ਵਾਪਿਸ ਮੋੜ ਦਿੱਤੇ ਸਨ

ਅਸਮਾਨ ਨੂੰ ਤੇਰੇ ਸਵਾਗਤ ਲਈ ਉਤਾਰ ਰਿਹਾ ਹਾਂ

ਤੂੰ ਮੈਨੂੰ ਉਦੋਂ ਕਿਉਂ ਮਿਲਣਾ ਸੀ
ਜਦ ਮੈਂ ਤਲਾਸ਼ ਤੋਂ ਵੀ ਅੱਗੇ ਨਿਕਲ ਗਿਆ ਸਾਂ
ਹੁਣ ਦੱਸ ਮੈਂ ਕੀ ਕਰਾਂ
ਤੇਰੇ ਸਵਾਗਤ ਲਈ ਮੇਰੇ ਕੋਲ
ਬਹੁਤ ਥੋੜ੍ਹੀਆਂ ਚੀਜ਼ਾਂ ਬਚੀਆਂ ਹਨ

## ਮੁਲਾਕਾਤ ਦੀ ਰਾਤ

ਇਸੇ ਜਨਮ ਵਿੱਚ ਮੁਕਾ ਲੈ ਇਹ ਮੁਲਾਕਾਤ
ਅਗਲੇ ਦਾ ਲਾਲਚ ਨਾ ਦੇਹ

ਤੂੰ ਪਹਿਲਾਂ ਹੀ ਬਹੁਤ ਦੇਰ ਕਰ ਦਿੱਤੀ
ਆਉਂਦਿਆਂ ਆਉਂਦਿਆਂ
ਮੈਂ ਤਾਂ ਸਭ ਉਮੀਦਾਂ ਬੁਝਾ ਦਿੱਤੀਆਂ ਸਨ
ਚਮਕੀਲੇ ਲਫਜ਼ਾਂ ਦੀਆਂ ਲੜੀਆਂ
ਉਠਵਾ ਦਿੱਤੀਆਂ ਸਨ
ਜਾਣ ਲੱਗਿਆਂ ਸਾਂ ਬਸ
ਜੇ ਮਿਲੇ ਹਾਂ ਤਾਂ ਹੁਣ ਬਲਣ ਦੇਹ
ਉਮਰ ਦਾ ਕਤਰਾ ਕਤਰਾ
ਦੀਵੇ ਵਿੱਚ ਢਲਣ ਦੇ

ਇੱਕੋ ਮੁਲਾਕਾਤ ਵਿੱਚ ਮੁਕਾ ਦੇ
ਸਾਹਾਂ ਦੀ ਇਹ ਲੜੀ
ਅਗਲੇ ਜਨਮ ਦੀ ਉਡੀਕ ਨਾ ਕਰ

ਜਨਮ ਇਹ ਇਸੇ ਮੁਲਾਕਾਤ ਲਈ ਸੀ
ਤੈਨੂੰ ਹੀ ਮਿਲਣ ਲਈ ਇੱਕ ਪੜਾਅ ਸੀ
ਤੂੰ ਮੈਨੂੰ ਫੇਰ ਨਾ ਬੁਲਾਈਂ

ਇਸੇ ਜਨਮ ਵਿੱਚ ਮਿਲ ਲੈ ਜੀਅ ਭਰ ਕੇ
ਅਗਲੇ ਚ ਮੈਂ ਨਹੀਂ ਹੋਣਾ

## ਅੰਦਰ ਥਾਣੀਂ

ਮੇਰੇ ਕੋਲ ਲਗਨ ਹੀ ਤਾਂ ਹੈ ਇਕੱਲੀ
ਤੈਨੂੰ ਮੇਰੀ ਲਗਨ ਤੇ ਵੀ ਗਿਲਾ ਹੈ

ਜੇ ਮੇਰੇ ਕੋਲ ਲਗਨ ਨਾ ਹੁੰਦੀ
ਤਾਂ ਮੈਂ ਇਥੇ ਨਹੀਂ ਸੀ ਹੋਣਾ
ਇਸ ਪਲ
ਤੇਰੇ ਇਸ ਸੁਆਲ ਦਾ ਜੁਆਬ ਦੇਣ ਲਈ
ਮੈਂ ਮਨ ਦੇ ਖੂਹ ਵਿੱਚ
ਨਹੀਂ ਸੀ ਉਤਰਨਾ
ਨਾ ਹੀ ਨਿਕਲ ਸਕਣਾ ਸੀ
ਰਿਸ਼ਤਿਆਂ ਦੇ ਚੱਕਰਵਿਊ ਚੋਂ

ਮੈਂ ਜਿਥੋਂ ਤੁਰਿਆ ਸਾਂ
ਉਥੇ ਸੜਕ ਨਹੀਂ ਸੀ ਕੋਈ
ਚਾਰੇ ਤਰਫ ਅਦਿੱਖ ਕੰਧਾਂ ਸਨ
ਕੰਧਾਂ ਦੇ ਉਤੋਂ
ਕੋਈ ਕੋਈ ਅਵਾਜ਼ ਸੁਣਦੀ ਸੀ
ਕਦੇ ਕੋਈ ਪੰਛੀ ਸੁਟ ਜਾਂਦਾ ਸੀ
ਕੋਈ ਦ੍ਰਿਸ਼, ਕੋਈ ਅਕਾਰ

ਬਾਹਰ ਦੇ ਸਭ ਰਸਤੇ ਬੰਦ ਸਨ
ਮੈਂ ਆਪਣੇ ਮਨ ਵਿੱਚ ਸੁਰੰਗ ਕਰ ਲਈ
ਕੁਰੇਦਦਾ ਕੁਰੇਦਦਾ

ਮੈਂ ਬਾਹਰ ਨਿਕਲ ਆਇਆ
ਧਰਤੀ ਦੇ ਦੂਸਰੇ ਪਾਸੇ

ਬਾਹਰੋਂ ਰਾਹ ਨਾ ਮਿਲਿਆ
ਅੰਦਰੋਂ ਘੁੰਮ ਆਇਆ

ਮੇਰੇ ਨਹੁੰਆਂ ਵਿੱਚ ਲਗਨ ਫਸੀ ਹੈ
ਤੇ ਤੈਨੂੰ ਮੇਰੀ ਲਗਨ ਤੇ ਇਤਰਾਜ਼ ਹੈ

ਮੈਂ ਆਪਣੇ ਹੀ ਅੰਦਰ
ਡੁੱਬਕੇ ਆਇਆ ਹਾਂ

## ਸ਼ਾਮ

ਐ ਸ਼ਾਮ ਆ, ਮੇਰੇ ਕੋਲ ਬੈਠ
ਚੱਲ ਉਦਾਸੀ ਮਨਾਈਏ

ਕੋਈ ਗਿਆ ਹੈ ਕਿਤੇ
ਉਦਾਸੀ ਤੋਂ ਮੁੱਖ ਮੋੜਨ ਲਈ
ਜਾਂ ਉਦਾਸ ਹੋਣ ਲਈ

ਉਸ ਦੀ ਗੈਰ ਹਾਜ਼ਰੀ ਵਿੱਚ
ਸਿਰਫ ਤੂੰ ਹੀ ਹੈਂ
ਜੋ ਮੇਰੇ ਕੋਲ ਹੁੰਦੀ ਹੈਂ
ਜੋ ਮੇਰੀ ਚੁੱਪ ਨਾਲ ਗੱਲਾਂ ਕਰਦੀ ਹੈ

ਸ਼ਾਮ ਸ਼ਾਇਦ ਉਸੇ ਦਾ ਰੂਪ ਹੈ
ਜਿਵੇਂ ਧੂਣਾ ਬਲਦਾ ਹੈ ਫਕੀਰਾਂ ਦਾ
ਧੂੰਆਂ ਉੱਠਦਾ ਹੈ
ਡੁੱਬ ਰਹੇ ਸੂਰਜ ਕੋਲੋਂ
ਇਸ ਤਰਾਂ ਗੁਜ਼ਰਦਾ ਹੈ
ਜਿਵੇ ਕੋਈ ਹੂਕ ਚੁੱਪ ਚਾਪ
ਉਡੀ ਜਾ ਰਹੀ ਹੋਵੇ
ਬਿਨਾਂ ਕੋਈ ਅਵਾਜ਼ ਕੀਤਿਆਂ

ਉਸਦੀ ਗੈਰ ਹਾਜ਼ਰੀ ਵਿੱਚ
ਸਾਰੀ ਰੰਗੀਨ ਦੁਨੀਆ

ਬਲੈਕ ਐਂਡ ਵਾਈਟ ਦਿਸਦੀ ਹੈ
ਭੰਬੀਰੀਆਂ ਦੀ ਤਰਾਂ
ਉਦਾਸ ਧੁਨਾਂ ਹਵਾ ਵਿੱਚ ਉਡਦੀਆਂ ਹਨ
ਸ਼ਾਮ ਉਤਰ ਆਉਂਦੀ ਹੈ

ਸ਼ਾਮ ਮੇਰਾ ਦਰਦ ਬੁੱਝਦੀ ਹੈ
ਉਸਦੀ ਗੈਰ ਹਾਜ਼ਰੀ ਵਿੱਚ
ਉਸ ਨੂੰ ਮੇਰੇ ਕੋਲ ਬਿਠਾ ਰੱਖਦੀ ਹੈ
ਅੱਖਾਂ ਦੀ ਤਪਸ਼ ਨੂੰ
ਟਕੋਰਾਂ ਕਰਦੀ ਹੈ
ਉਦਾਸ ਧੁਨਾਂ ਵਜਾਉਂਦੀ ਹੈ

ਐ ਸ਼ਾਮ ਅੱਜ ਮੇਰੇ ਕੋਲ ਬੈਠ ਜਾ

## ਅਨੰਦ ਤੋਂ ਅੱਗੇ

ਤੂੰ ਫੇਰ ਆ ਗਈ ਏਂ,  ਹੌਲ ਦੀ ਤਰਾਂ

ਇੱਕ ਹੌਲ ਪੂਰੇ ਅਕਾਸ਼ ਤੇ ਤਣਿਆ ਹੈ
ਹੌਲ, ਜਿਵੇਂ ਰੱਬ ਨੂੰ ਮਿਲ ਰਹੇ ਹੋਈਏ
ਸੁੰਨ ਦੀ ਝਰਨਾਹਟ ਜਿਵੇਂ ਰਗਾਂ ਚੋਂ ਗੁਜ਼ਰਦੀ ਹੈ

ਸਭ ਸਿਮਟ ਗਿਆ ਹੈ ਤੇਰੇ ਤੇ
ਸੁੰਨੇ ਅਕਾਸ਼ ਵਿੱਚ ਜਿਵੇਂ
ਕੱਲਾ ਚੰਨ ਲਟਕਦਾ ਹੋਵੇ
ਤੇ ਧਰਤੀ ਸੌਂ ਜਾਵੇ

ਕਾਇਨਾਤ ਨੂੰ ਐਨੀ ਇਕਾਗਰ
ਮੈਂ ਕਦੇ ਨਹੀਂ ਦੇਖਿਆ

ਹਵਾ ਚਾਹੇ ਗੌਣ ਲੱਗੀ ਹੈ, ਸਾਰੀ ਕਵਿਤਾ
ਰੌਸ਼ਨੀ ਥਿਰਕ ਪਈ ਹੈ ਪੁਰਾਣੀਆਂ ਧੁਨਾਂ ਨਾਲ
ਤੇ ਗਹਿਰੀਆਂ ਸ਼ਾਮਾਂ ਨੂੰ
ਸ਼ਾਇਰ ਬੋਲਣ ਲੱਗਦੇ ਹਨ ਬੀਂਡਿਆਂ ਵਾਂਗ

ਪਰ ਇੱਕ ਹੌਲ ਹੈ
ਸਾਰੇ ਇਸ ਹੌਲ ਨੂੰ ਨਹੀਂ ਜਾਣਦੇ

ਅਨੰਦ ਤੇ ਦਰਦ ਬਹੁਤ ਰਲਗਡ ਹੋਏ ਹਨ

ਇੱਕ ਟਿਕਟਿਕੀ ਹੈ
ਅਨੰਤ ਨੂੰ ਮੇਧ ਰਹੀਆਂ ਕਿਰਨਾਂ ਵਰਗੀ
ਦੂਰ ਖਲਾਅ ਵਿੱਚ
ਧਰਤੀ ਜਿਵੇਂ ਇੱਕ ਤੁਪਕੇ ਵਾਂਗ ਡਿਗ ਪਏ
ਧਿਆਨ ਦੀ ਐਸੀ ਨੋਕ ਚੋਂ
ਇਕ ਹੌਲ ਨਿਕਲਦਾ ਹੈ
ਕਿਰਨਾਂ ਦੀ ਤਰਾਂ

ਮੈਂ ਸ਼ਬਦਾਂ ਵਿੱਚ ਰਿੱਝ ਰਿਹਾ ਹਾਂ
ਤੇ ਭਾਸ਼ਾ ਦੀਆਂ
ਉਨ੍ਹਾਂ ਸਭ ਤਰਤੀਬਾਂ ਨਾਲ ਲੜਦਾ ਹਾਂ
ਜਿਹੜੀਆਂ ਬੰਦੇ ਨੂੰ ਪਾਗਲ ਨਹੀਂ ਹੋਣ ਦਿੰਦੀਆਂ

## ਦਰਦ

ਇਹ ਜੋ ਦਰਦ ਤੂੰ ਦਿੱਤਾ ਹੈ ਮਿੱਠਾ ਮਿੱਠਾ
ਇਸ ਨੂੰ ਚਲਣ ਦੇ
ਸਿਤਾਰ ਤੇ ਚਲਦੀ ਉਂਗਲ ਦੀ ਤਰਾਂ
ਹੌਲੀ ਹੌਲੀ ਵੱਜਣ ਦੇ
ਇਹ ਮੇਰੇ ਜੀਵਨ ਦਾ
ਬੈਕਗਰਾਊਂਡ ਮਿਊਜ਼ਕ ਹੈ
ਬਸ ਇਸ ਦੀ ਧੁਨ ਸੁਣ
ਧੀਮੀ ਜਿਹੀ

ਤੂੰ ਖੁਸ਼ ਰਹਿ
ਨਿੱਖਰੇ ਅਸਮਾਨ ਵਿਚ
ਉਡਦੇ ਪੰਛੀਆਂ ਦੀ ਤਰਾਂ
ਉਡਾਣਾਂ ਭਰ
ਇਹ ਸਭ ਅਸਮਾਨ
ਤੇਰੇ ਲਈ ਖਾਲੀ ਪਏ ਨੇ

ਇਹ ਜੋ ਪਿੰਜਰੇ ਨੇ
ਇਹ ਤੇਰੇ ਲਈ ਨਹੀਂ

ਇਹ ਜੋ ਤਾਰ ਹੈ ਸੁਨਹਿਰੀ ਜਿਹੀ
ਜੋ ਤੇਰੇ ਅਤੇ ਮੇਰੇ ਵਿਚਕਾਰ
ਲਟਕ ਰਹੀ ਹੈ
ਇਹ ਹੋਰ ਉਚਾ ਉਡਾਉਣ ਲਈ ਹੈ

ਇਹ ਰੱਸੀ ਨਹੀਂ ਹੈ

ਇਨਾਂ ਅਸਮਾਨਾਂ ਵਿਚ ਉਡਾਣਾਂ ਭਰ
ਮੈਂ ਇਹ ਸਿਤਾਰ ਵਜਾ ਰਿਹਾ ਹਾਂ
ਧੀਮੇ ਧੀਮੇ

## ਸੰਨਾਟਾ

ਜੀਵਨ ਦੇ ਸਭ ਉਦਾਸ ਅਤੇ ਹਸੀਨ ਪਲਾਂ ਵਿਚ
ਤੂੰ ਮੇਰੇ ਨਾਲ ਰਹੀਂ
ਸੰਨਾਟੇ ਦਾ ਇਹ ਸਫਰ ਮੁਕ ਹੀ ਜਾਵੇਗਾ

ਇਨ੍ਹਾਂ ਪ੍ਰਸ਼ਨਾਂ ਚ ਨਾ ਉਲਝ
ਇਨਾਂ ਦਾ ਕੋਈ ਸਿਰਾ ਨਹੀਂ
ਸਵਾਲਾਂ ਦਾ ਇਹ ਚੱਕਰਵਿਊ
ਭਰਮੀਲੀਆਂ ਰੌਸ਼ਨੀਆਂ ਦਾ ਅੰਤਹੀਣ ਚੱਕਰ ਹੈ
ਇਨਾਂ ਨੂੰ ਛੱਡ
ਬੱਸ ਮੇਰੇ ਕੋਲ ਬੈਠ
ਮੈਂ ਇਕੱਲਾ
ਇਸ ਸੰਨਾਟੇ ਨਾਲ ਕਿਵੇਂ ਨਿਪਟਾਂਗਾ

ਜੀਵਨ ਦੀਆਂ ਸਭ ਗੁੰਝਲਾਂ
ਹੱਥਾਂ ਨਾਲ ਨਹੀਂ ਖੁਲ੍ਹਣਗੀਆਂ
ਇਨਾਂ ਨੂੰ ਖੋਲ੍ਹਣ ਦੀ ਕੋਸ਼ਿਸ਼ ਨਾ ਕਰ
ਰਹਿਣ ਦੇ ਇਸੇ ਤਰਾਂ

ਬੱਸ ਮੇਰੇ ਵੱਲ ਦੇਖ
ਸਾਰੇ ਦਾ ਸਾਰਾ
ਆਪਣੀਆਂ ਹੀ ਅੱਖਾਂ ਦੀ
ਨਮੀ ਵਿਚ ਡੁੱਬਿਆ ਹਾਂ

ਤੂੰ ਪ੍ਰਸ਼ਨਾਂ ਵੱਲ ਨਾ ਜਾਹ
ਮੇਰੀ ਇਸ ਨਮੀ ਦਾ ਜਵਾਬ ਦੇਹ
ਆ, ਮੇਰੇ ਕੋਲ ਬੈਠ
ਇਕੱਲਾ
ਇਸ ਸੰਨਾਟੇ ਵਿਚ ਕੀ ਕਰਾਂਗਾ

## ਸੇਕ

ਜੋਰ ਲਾ ਲੈਣ ਦੇ ਇਸ ਨੂੰ
ਇਸ ਸੇਕ ਤੋਂ ਨਾ ਡਰ
ਤੜਫ ਇੰਝ ਹੀ ਰਿੱਝਦੀ ਹੈ

ਜੁਦਾਈ ਦੇ ਸੇਕ ਨਾਲ
ਬਹੁਤ ਕੁੱਝ ਪਿਘਲਦਾ ਹੈ
ਮਨ ਦੇ ਕਿੰਨੇ ਹੀ ਗਲੇਸ਼ੀਅਰ
ਅਹੁੰ ਦੀਆਂ ਨੋਕੀਲੀਆਂ ਚੋਟੀਆਂ
ਰੂਹ ਦੇ ਗੋਲੇ
ਸਭ ਕੁੱਝ ਵਹਿਣ ਲੱਗਦਾ ਹੈ

ਮੈਂ ਵੀ ਹੰਢਾ ਰਿਹਾ ਹਾਂ ਇਹ ਹੁੰਮਸ
ਤੇਰੀ ਬਾਰਿਸ਼ ਦੀ ਉਡੀਕ ਵਿੱਚ
ਤਨ ਦੇ ਹਾਰੇ ਵਿੱਚ
ਮੱਠਾ ਮੱਠਾ ਸੁਲਘ ਰਿਹਾ ਹਾਂ

ਇੱਕ ਦਿਨ ਵਰ੍ਹੇਗਾ
ਤੂੰ ਇਸ ਸੇਕ ਤੋਂ ਨਾ ਡਰ
ਕਹਿੰਦੇ ਨੇ ਇਹ ਤਪਸ਼
ਬੰਦੇ ਨੂੰ ਪਾਰਦਰਸ਼ੀ ਬਣਾ ਦਿੰਦੀ ਹੈ
ਪਾਣੀ ਵਾਂਗ ਜਾਂ ਸ਼ਾਇਦ ਹਵਾ ਵਾਂਗ
ਆਸ਼ਕ ਤੇ ਫਕੀਰ
ਇਸ ਅਗਨ ਵਿੱਚ ਰਿੱਝਦੇ ਹਨ

ਦੋਵੇਂ ਪਾਰਦਰਸ਼ੀ ਹੁੰਦੇ ਹਨ

ਮੈਂ ਦੇਖ ਰਿਹਾਂ ਤੈਨੂੰ
ਜਿਵੇਂ ਨ੍ਹੇਰੀ ਰਾਤ ਵਿੱਚ ਕੋਈ
ਦੀਵੇ ਦੀ ਲਾਟ ਨੂੰ ਦੇਖਦਾ ਹੈ

## ਰਾਤ ਤੂੰ ਉਮਰ ਹੋ ਜਾ

ਥਲਾਂ ਚੋਂ ਸੇਕ ਉਠਿਆ ਤੈਨੂੰ ਮਿਲਣ ਲਈ
ਜਲਾਂ ਚੋਂ ਭਾਫ ਉਠੀ
ਮੈਂ ਤੇਰੀ ਤਾਂਘ ਦਾ ਬਣਿਆ ਵਰੋਲਾ ਸਾਂ
ਮਹਾਂ-ਆਤਮਾ ਚੋਂ ਉਖੜੀ ਕਾਤਰ
ਪੌਣ ਦਾ ਝੌਂਕਾ ਜਿਹਾ
ਹਵਾ ਦੇ ਸਹਿਜ ਸਮੁੰਦਰ ਚ
ਬੇਤਰਤੀਬਾ ਭਟਕਦਾ ਸਾਂ

ਤੇਰੀ ਭਾਲ ਲਈ
ਦੁਪਹਿਰੀ ਰੇਤਿਆਂ ਚੋਂ ਗੁਜ਼ਰਿਆ
ਸੁੰਨੇ ਚੇਤਿਆਂ ਚੋਂ ਗੁਜ਼ਰਿਆ
ਹਵਾ ਜਿਵੇਂ ਖਲਾਅ ਨੂੰ ਤਾਂਘਦੀ ਹੈ
ਪਰਿੰਦੇ ਜਿਵੇਂ ਸ਼ਾਮ ਲਈ ਭਟਕਦੇ ਹਨ

ਮਹਾਂ-ਤਰਤੀਬ ਚ
ਰੁਖ ਸਿਰ ਹੋਣ ਲਈ ਭਟਕਦੀ
ਚੱਪਾ ਕੁ ਰੂਹ ਸਾਂ ਸ਼ਾਇਦ

ਤੇਰੇ ਲਈ ਮੈਂ ਹੁਸਨ ਦੇ ਕਲਸਾਂ ਨੂੰ ਸਜਦੇ ਕੀਤੇ
ਅਕਲ ਦੁਆਰਿਆਂ ਦੀਆਂ ਪੌੜੀਆਂ ਚੜ੍ਹਿਆ
ਤੈਨੂੰ ਹੀ ਮਿਲਣ ਲਈ
ਮੇਰੀ ਧਰਤੀ ਚੋਂ ਰੁੱਖ ਉੱਗੇ
ਰੁੱਖਾਂ ਦੀ ਬੇਬਸੀ ਸਣੇ ਮੈਂ ਭਟਕਿਆ

ਅੰਤਹੀਣ ਗ੍ਰਹਿ ਪੰਧ
ਬੇਨਾਮ ਨਛੱਤਰਾਂ ਦੀ ਗੁਰੂਤਾ ਚੋਂ ਲੰਘਿਆ

ਕਈ ਵਾਰ ਤੂੰ ਦੁਮੇਲ ਦੇ ਮੱਥੇ ਤੇ ਚਮਕਦੀ
ਤਾਰਾ ਜਿਹੀ
ਅਸਮਾਨੀ ਤਾਂਘ ਚ ਮੈਂ ਅਹੁਲਦਾ
ਤੇਰੀ ਚਾਨਣੀ ਦੀ ਚੂਲੀ ਲਈ
ਅਚਾਨਕ ਤੂੰ ਔਝਲ ਹੋ ਜਾਂਦੀ
ਤਾਰਿਆਂ ਦੀ ਭੀੜ ਚ ਘਿਰਿਆ ਮੈਂ
ਫੇਰ ਤੇਰੀ ਪਛਾਣ ਗੁਆ ਬਹਿੰਦਾ

ਗੁਰੂਤਾ ਦੀ ਪੀੜ ਵਿਚ ਤਣਿਆ ਇਹ
ਇਕ ਅਨੰਤ ਸਫਰ ਸੀ

ਤੇ ਫੇਰ ਇਕ ਪਲ
ਤੂੰ ਮੈਥੋਂ ਵਿਥ ਤੇ ਖਲੋਤੀ ਸੈਂ
– ਇੱਕ ਚਾਨਣੀ ਦਾ ਜਿਸਮ
ਤੇਰੇ ਸੇਕ ਚ ਮੈਂ ਪਿਘਲਣ ਲੱਗਿਆ
ਕਿ ਤੈਨੂੰ ਮਿਲ ਸਕਾਂ ਜਿਸਮ ਦੇ ਬਸਤਰਾਂ ਬਿਨਾਂ
ਆਪਣੀ ਪੂਰੀ ਨਿਹ ਹੋਂਦ ਚ
ਹਵਾ ਦੀ ਤਾਂਘ ਵਾਂਗ ਤੈਨੂੰ ਮਿਲਣ ਲਈ
ਦਰਿਆਈ ਛੱਲ ਵਾਂਗ ਧਾਉਣ ਲਈ
ਬੋਧ ਦੇ ਸਭ ਕਿਨਾਰੇ ਤੋੜ ਦਿੱਤੇ
ਕਿ ਅਚਾਨਕ ਮੈਂ ਫੇਰ ਕੱਲਾ ਸਾਂ
ਰਾਤ ਦੀ ਚਾਨਣੀ ਹੇਠ
ਤੇਰਾ ਵਜੂਦ ਕਿਤੇ ਨਹੀਂ ਸੀ
ਮੈਥੋਂ ਹੁਣੇ ਕੁ ਜਿੰਨੀ ਵਿਥ ਤੇ
ਭਰਮ ਦਾ ਝੌਂਕਾ ਜਿਹਾ ਸੀ

ਸਾਹਾਂ ਦੀ ਮੱਠੀ ਰੁਮਕ ਤੇ
ਮੈਂ ਅੰਦਰ ਦੇਖਿਆ–
ਸ਼ਾਮ ਚ ਉਤਰ ਰਹੇ ਚਾਅ ਦੇ ਪੰਛੀ

ਨਿਰ ਆਸ ਫੜਫੜਾਹਟਾਂ ਨਾਲ
ਅਸਮਾਨ ਚ ਨੀਂਦ ਉਤਰ ਰਹੀ ਸੀ
ਕਿ ਬਹੁਤ ਸਹਿਜ ਨਾਲ
ਤੂੰ ਆ ਬੈਠੀ ਮੇਰੇ ਸਾਹਮਣੇ
-ਇੱਕ ਨੂਰੀ ਝਲਕ
-ਮੇਰੀ ਤਾਂਘ ਦੀ ਪੂਰਨਮਾਸ਼ੀ
ਜਿਵੇਂ ਧਰਤੀ ਸਾਹਮਣੇ ਚੰਨ ਆਉਂਦਾ ਹੈ
ਤਾਰੇ ਚੱਲ ਪਏ ਸਨ ਫੁਲਝੜੀਆਂ ਵਾਂਗ
ਰੌਸ਼ਨੀ ਨਾਲ ਕਿਣ ਮਿਣ ਹੁੰਦਾ
ਮੈਂ ਅਹੁਲ ਪਿਆ ਸਾਂ ਤੇਰੇ ਵੱਲ
ਆਪਣੇ ਸਮੁੰਦਰਾਂ ਸਣੇ
ਇਹ ਇਕ ਦੁਮੇਲੀ ਅਵਸਥਾ ਸੀ

ਨਿਰਵਾਣੀ ਝਲਕ ਚੋਂ ਤੇਰੀ ਤਰੇਲ ਚੁੰਮ ਪਰਤੇ
ਮੇਰੇ ਪੱਤੇ ਚਮਕਦੇ ਸਨ
ਸੰਜੋਗ ਦੀ ਪਹਿਲੀ ਸਵੇਰ ਚ
ਸ਼ਾਤ ਚਲਦੀ ਹਵਾ ਚ ਮੈਂ ਜਿਉਂ ਰਿਹਾ ਸਾਂ
ਤੇਰਾ ਨੂਰੀ ਮਿਲਨ
ਤੂੰ ਕਿਤੇ ਨਹੀਂ ਸੀ ਮੈਥੋਂ ਦੂਰ
ਅਨੰਤ ਗ੍ਰਹਿਆਂ ਓਹਲੇ
ਤੂੰ ਮੇਰੇ ਕੋਲ ਮੌਜੂਦ ਸੀ
ਸਾਹ ਦੀ ਹਵਾ ਚ

ਤੂੰ ਮੇਰੀ ਹੀ ਨਵੀਂ ਤਰਤੀਬ ਹੈਂ ਕੋਈ
ਮੇਰੇ ਹੀ ਸਾਹਾਂ ਚ ਗੁੰਮਿਆ ਸੁਰ ਸੀ
ਤੂੰ ਮੇਰੀ ਹੋਂਦ ਦਾ ਪ੍ਰਕਾਸ਼ ਹੈਂ

ਦੁਪਹਿਰੀ ਭਟਕਣਾਂ ਦਾ ਅੰਤ ਕਰਦਿਆਂ
ਮੈਂ ਖਿੱਚ ਦਿੰਦਾਂ ਦਿਨ ਦਾ ਪਰਦਾ
ਓੜ੍ਹਦਾ ਹਾਂ ਤੈਨੂੰ ਤਾਰਿਆਂ ਭਰੀ ਨੂੰ
ਦਰਿਆਵਾਂ ਤੇ ਪੈਂਦੀ ਚਾਨਣੀ ਕੰਢੇ
ਮੈਂ ਅਨੰਤ ਚ ਵਹਿ ਰਿਹਾ ਹਾਂ

## ਨਵੇਂ ਸਿਰਿਓਂ

ਜੇ ਮੇਰੇ ਕੋਲ ਕਵਿਤਾ ਨਾ ਹੁੰਦੀ
ਤਾਂ ਮੈਂ ਹਾਰ ਜਾਂਦਾ
ਮੁੜ ਜਾਂਦਾ ਬਿਨਾ ਬੋਲਿਆਂ ਹੀ

ਕੋਈ ਵੀ ਕਾਰਡ, ਕੋਈ ਤਸਵੀਰ
ਤੈਨੂੰ ਛੂਹ ਨਹੀਂ ਰਹੀ
ਹਰ ਕਾਰਡ ਵਿਚ ਕੋਈ ਕਮੀ ਹੈ
ਹਰ ਸਤਰ ਅਪੂਰਨ ਹੈ
ਕੋਈ ਵੀ ਰੰਗ ਤੇਰੀ ਥਾਹ ਨਹੀਂ ਪਾ ਸਕਦਾ

ਮੈਂ ਤੈਨੂੰ ਕੀ ਆਖਾਂ
ਹਰ ਸ਼ਬਦ ਵਰਤਿਆ ਜਾ ਚੁੱਕਾ ਹੈ
ਹਰ ਸਤਰ ਕਹੀ ਜਾ ਚੁੱਕੀ ਹੈ

ਕੋਈ ਐਸਾ ਸ਼ਬਦ ਲੱਭ ਰਿਹਾਂ
ਜੋ ਕਾਇਨਾਤ ਵਿਚ ਪਹਿਲੀ ਵਾਰ
ਮੈਂ ਹੀ ਉਚਾਰਾਂ ਤੇਰੇ ਲਈ
ਐਸੀ ਤਸਵੀਰ ਲੱਭ ਰਿਹਾਂ
ਜੋ ਸਿਰਫ ਤੇਰੇ ਲਈ ਬਣੀ ਹੋਵੇ
ਕੋਈ ਰੰਗ ਜੋ ਸਿਰਫ ਤੂੰ ਹੀ ਦੇਖ ਸਕੇਂ

ਪਰ ਇਹ ਦੁਨੀਆ
ਬਹੁਤ ਪੁਰਾਣੀ ਹੋ ਗਈ ਹੈ

ਕੁਝ ਵੀ ਅਣਵਰਤਿਆ ਨਹੀਂ

ਜਾਂ ਸ਼ਾਇਦ ਮੈਂ ਹੀ ਪੁਰਾਣਾ ਹੋ ਗਿਆ ਹਾਂ

ਸੋਚਦਾਂ
ਨਵੇਂ ਸਿਰਿਓਂ ਜਨਮ ਲਵਾਂ
ਇਕ ਬੱਚੇ ਦੀ ਤਰਾਂ
ਜ਼ਿੰਦਗੀ ਫੇਰ ਤੋਂ ਜਿਊਣੀ ਸਿੱਖਾਂ
ਕਦਮ- ਕਦਮ
ਸ਼ਬਦ- ਸ਼ਬਦ

## ਧਰਤੀ ਤੇ ਬੰਦਾ

ਬਹੁਤ ਲੰਘੇ ਹਨ ਇਨ੍ਹਾਂ ਰਾਹਾਂ ਤੋਂ
ਇਸ ਤੈਹ ਥੱਲੇ
ਅਨੇਕਾਂ ਪੈੜਾਂ ਦੇ ਨਿਸ਼ਾਨ ਗੁੰਮ ਹਨ
ਫੇਰ ਵੀ ਮੈਂ ਸੋਚਦਾ ਰਿਹਾ-
ਇਸ ਗ੍ਰਹਿ ਦਾ
ਮੈਂ ਪਹਿਲਾ ਯਾਤਰੀ ਹਾਂ

ਮੈਂ ਕਿੰਨਾ ਮਾਸੂਮ ਸਾਂ ਯਾਰੋ

ਜੋ ਲੰਘ ਗਏ ਨੇ
ਜਿਨ੍ਹਾਂ ਨੇ ਲੰਘਣਾ ਹੈ ਹਾਲੇ
ਮੈਂ ਉਨ੍ਹਾਂ ਚੋਂ ਕੌਣ ਹਾਂ ?
ਇਨਾਂ ਰਾਹਾਂ ਨਾਲ
ਮੇਰਾ ਕੀ ਰਿਸ਼ਤਾ ਹੈ ?
ਮੈਂ ਇਨ੍ਹਾਂ ਸਵਾਲਾਂ ਨਾਲ ਜੂਝ ਰਿਹਾ ਹਾਂ

ਮੇਰੇ ਕੋਲ ਜੋ ਮਾਸੂਮੀਅਤ ਸੀ
ਥੋੜ੍ਹੀ ਜਿਹੀ
ਉਹ ਮੈਂ ਸਾਰੀ ਓੜ ਲਈ
ਸਿਰ ਢਕਣ ਲਈ
ਪਰਿਕਰਮਾ ਕਰਨ ਲਈ
ਤੇਰੀ ਆਰਤੀ ਕਰਦਿਆਂ

ਹੋਰਾਂ ਦੀ ਤਰਾਂ
ਮੇਰੀਆਂ ਪੈੜਾਂ ਵੀ ਗੁਆਚ ਜਾਣਗੀਆਂ
ਤੈਨੂੰ ਕੀ ਫਰਕ ਪਵੇਗਾ
ਕਿ ਮੈਂ ਕੌਣ ਹਾਂ ਜਾਂ ਕੌਣ ਨਹੀਂ ਹਾਂ
ਧਰਤੀਆਂ
ਪੈੜਾਂ ਦੇ ਨਿਸ਼ਾਨ ਨਹੀਂ ਸਾਂਭਦੀਆਂ

ਤੂੰ ਧਰਤੀ ਹੋਵੇਂਗੀ
ਪਰ ਮੈਂ ਤਾਂ ਬੰਦਾ ਹਾਂ
ਮੈਂ ਆਪਣੀਆਂ ਪੈੜਾਂ ਦੇ ਮੋਹ ਨਾਲ ਗ੍ਰਸਿਆ ਹਾਂ

ਮੈਂ ਬਿਹਬਲ ਹਾਂ ਇਹ ਜਾਣਨ ਲਈ
ਕਿ ਮੈਂ ਤੇਰਾ
ਕੌਣ ਯਾਤਰੀ ਹਾਂ

## ਕਹਾਣੀ

ਕਿਉਂ ਛੇੜਨੀ ਹੈ ਫੇਰ
ਉਹੀ ਪੁਰਾਣੀ ਕਥਾ
ਇਸ ਦੇ ਸਭ ਮੋੜ
ਸਭ ਸਿਖਰ
ਮੈਂ ਦੇਖ ਚੁੱਕਾ ਹਾਂ

ਵਾਰ ਵਾਰ ਉਹੀ ਦਰਦ
ਉਹੀ ਚੀਸ
ਉਡੀਕ
ਵਿਯੋਗ
ਇਨਾਂ ਸਭ ਮੋੜਾਂ ਤੋਂ
ਹੁਣ ਡਰ ਲਗਦਾ ਹੈ

ਕੁਝ ਹੋਰ ਕਹਿ

ਸਭ ਕਹਾਣੀਆਂ ਦਾ ਇਕ ਹੀ ਵਿਸ਼ਾ ਹੈ
ਜ਼ਿੰਦਗੀ

ਜ਼ਿੰਦਗੀ ਦੀ ਇੱਕੋ ਭਟਕਣ ਹੈ
ਤਲਾਸ਼

ਤਲਾਸ਼ ਦਾ ਇੱਕੋ ਰਾਹ ਹੈ
ਦਰਦ

ਦਰਦ ਦੀ ਇੱਕੋ ਮੰਜ਼ਲ ਹੈ
ਵੈਰਾਗ

ਵੈਰਾਗ ਦਾ ਇੱਕੋ ਅੰਤ ਹੈ
ਰਾਕਟ ਦੀ ਤਰਾਂ ਸੜ ਜਾਣਾ

ਮੇਰੇ ਕੋਲ ਬਥੇਰਾ ਵੈਰਾਗ ਹੈ ਪਹਿਲਾਂ ਹੀ
ਗੁਰੂਤਾ ਦੇ ਘੇਰੇ ਨੂੰ
ਤੋੜਨ ਲਈ

ਉਹੀ ਕਹਾਣੀ ਹੁਣ ਫੇਰ ਨਾ ਛੇੜ

## ਫੇਰ ਮਿਲੀਂ

ਕਾਗਜ਼ ਤੇ ਰੱਖੇ ਸ਼ਬਦ
ਤਿਲਕ ਜਾਂਦੇ ਹਨ
ਹਵਾ ਵਿੱਚ ਕਹੇ ਬੋਲ
ਬਿਖਰ ਜਾਂਦੇ ਹਨ
ਧਰਤੀ ਤੇ ਮਿਲਦੇ ਲੋਕ
ਵਿਛੜ ਜਾਂਦੇ ਹਨ
ਤੂੰ ਮੈਨੂੰ ਕਿਸੇ ਹੋਰ ਸਤਹ ਤੇ ਮਿਲ

ਬੜੀ ਵਾਰ ਮੈਂ ਤੈਨੂੰ
ਪਕੜਨ ਦੀ ਕੋਸ਼ਿਸ਼ ਕੀਤੀ
ਮੈਂ ਤੇਰੇ ਵਜੂਦ ਨੂੰ
ਆਪਣੀ ਹੋਂਦ ਦੁਆਲੇ
ਵਲ੍ਹੇਟ ਲਿਆ ਲੋਈ ਦੀ ਤਰਾਂ
ਮੈਂ ਆਪਣੀ ਰੂਹ ਨੂੰ
ਤੇਰੇ ਰੰਗ ਵਿੱਚ
ਡੋਬ ਦਿੱਤਾ
ਪਰ ਮੈਂ ਹਾਂ ਕਿ ਰੰਗ ਕੋਈ
ਚੜ੍ਹਦਾ ਨਹੀਂ ਹੈ
ਤੇਰਾ ਹਰ ਅਕਾਰ
ਹੱਥਾਂ ਚੋਂ ਕਿਰ ਜਾਂਦਾ ਹੈ

ਤੂੰ ਮੈਨੂੰ ਇੰਝ ਨਹੀਂ ਸੀ ਮਿਲਣਾ
ਜਿਵੇਂ ਜਿਸਮ ਮਿਲਦੇ ਹਨ

ਜਿਵੇਂ ਦੋ ਪ੍ਰੇਮੀ ਮਿਲਦੇ ਹਨ
ਯੁਗਾਂ ਪਿਛੋਂ

ਮੁਹੱਬਤ ਇਹ ਬੜੀ ਚੀਕਣੀ ਹੈ
ਪਕੜੀ ਨਹੀਂ ਜਾਂਦੀ

ਧਰਤੀ ਬਹੁਤ ਤਿਲਕਵੀਂ ਹੈ
ਤੇ ਰਿਸ਼ਤੇ ਰਬੜ ਦੀਆਂ ਤਾਰਾਂ
ਜਿੰਨਾ ਮਰਜ਼ੀ ਕਸੋ
ਸਰਕ ਸਰਕ ਕੇ ਖੁਲ੍ਹ ਜਾਂਦੇ ਹਨ

ਮੈਂ ਤੈਨੂੰ ਹੁਣ ਹੱਥਾਂ ਨਾਲ
ਨਹੀਂ ਪਕੜਾਂਗਾ
ਰਿਸ਼ਤਿਆਂ ਦੀਆਂ ਰਸੀਆਂ ਨਾਲ
ਨਹੀਂ ਬੰਨ੍ਹਾਂਗਾ
ਮੈਂ ਗਲ ਤੇਰੇ ਵਿੱਚ ਹਾਰ ਨਹੀਂ ਪਾਵਾਂਗਾ
ਵਚਨਾਂ ਦੇ, ਸ਼ਬਦਾਂ ਦੇ
ਜ਼ਿੰਦਗੀ ਬਹੁਤ ਤਰਲ ਹੈ
ਤੇ ਸਾਡੇ ਕੋਲ ਸਿਰਫ ਸਥੂਲ ਜਿਸਮ ਹਨ

ਤੂੰ ਮੈਨੂੰ ਹੁਣ ਬੰਦਿਆਂ ਦੀ ਤਰਾਂ ਨਾ ਮਿਲੀਂ
ਸ਼ਬਦਾਂ, ਵਚਨਾਂ ਵਿੱਚ ਨਾ ਮਿਲੀਂ
ਜਿਸਮਾਂ ਵਿੱਚ ਨਾ ਮਿਲੀਂ

ਤੂੰ ਮੈਨੂੰ ਹੁਣ ਕਿਸੇ ਹੋਰ ਸਤਹ ਤੇ ਮਿਲ

# ॥ ਵਾਪਸੀ ॥

ਖੰਡਹਰ ਬਤਾ ਰਹੇ ਹੈਂ ਇਮਾਰਤ ਅਜ਼ੀਮ ਥੀ

"ਸਬਜੈਕਟਿਵ ਆਰਟ ਦਾ ਮਤਲਬ ਹੈ ਕਿ ਤੁਸੀਂ ਆਪਣੇ ਨਿਜੀ ਭਾਵ, ਖਿਆਲ, ਆਪਣੇ ਸੁਪਨੇ, ਕਲਪਨਾ, ਮਨਮੌਜਾਂ ਕੈਨਵਸ ਤੇ ਉਤਾਰੀ ਜਾ ਰਹੇ ਹੋ। ਇਹ ਤੁਹਾਡੇ ਮਨ ਦੀ ਚਿਤਰਕਾਰੀ ਹੈ। ਇਹੀ ਕੁੱਝ ਕਵਿਤਾ, ਸੰਗੀਤ ਅਤੇ ਰਚਨਾਕਾਰੀ ਦੇ ਹੋਰ ਖੇਤਰਾਂ ਵਿੱਚ ਵਾਪਰਦਾ ਹੈ। ਤੁਹਾਨੂੰ ਇਸ ਗੱਲ ਦੀ ਕੋਈ ਪਰਵਾਹ ਨਹੀਂ ਕਿ ਜਿਹੜਾ ਵਿਅਕਤੀ ਤੁਹਾਡੀਆਂ ਪੇਂਟਿੰਗਜ਼ ਦੇਖੇਗਾ, ਉਸ ਵਿਚਾਰੇ ਦਾ ਕੀ ਬਣੇਗਾ। ਤੁਹਾਡਾ ਆਰਟ ਮਹਿਜ਼ ਇੱਕ ਕੈਅ ਹੈ। ਇਸ ਨਾਲ ਤੁਹਾਨੂੰ ਰਾਹਤ ਮਿਲਦੀ ਹੈ, ਜਿਵੇਂ ਉਲਟੀ ਕਰਕੇ ਮਿਲਦੀ ਹੈ। ਤੁਹਾਡੇ ਅੰਦਰ ਦੀ ਕਚਿਆਣ ਇਸ ਨਾਲ ਬਾਹਰ ਆ ਜਾਂਦੀ ਹੈ, ਤੁਸੀਂ ਆਪਣਾ ਅੰਦਰ ਇਸ ਨਾਲ ਸਾਫ ਕਰ ਲੈਂਦੇ ਹੋ, ਹਲਕਾ ਕਰ ਲੈਂਦੇ ਹੋ। ਪਰ ਤੁਸੀਂ ਇਸ ਗੱਲ ਦਾ ਖਿਆਲ ਨਹੀਂ ਰੱਖਿਆ ਕਿ ਉਸ ਬੰਦੇ ਦਾ ਕੀ ਬਣੇਗਾ, ਜਿਹੜਾ ਤੁਹਾਡੀ ਉਲਟੀ ਦੇਖੇਗਾ। ਉਸ ਦੇ ਆਪਣੇ ਅੰਦਰ ਕਚਿਆਣ ਭਰ ਜਾਵੇਗੀ। ਉਹ ਬਿਮਾਰ ਹੋ ਸਕਦਾ ਹੈ। ਪਿਕਾਸੋ ਦੀਆਂ ਪੇਂਟਿੰਗਜ਼ ਵੱਲ ਹੀ ਦੇਖ ਲਓ। ਉਹ ਮਹਾਨ ਪੇਂਟਰ ਹੈ, ਪਰ ਸਿਰਫ ਇੱਕ ਸਬਜੈਕਟਿਵ ਆਰਟਿਸਟ। ਉਸਦੀਆਂ ਪੇਂਟਿੰਗਜ਼ ਦੇਖਕੇ ਤੁਸੀਂ ਮਾਨਸਿਕ ਤੌਰ ਤੇ ਬਿਮਾਰ ਮਹਿਸੂਸ ਕਰਨਾ ਸ਼ੁਰੂ ਕਰ ਦਿੰਦੇ ਹੋ। ਤੁਹਾਡਾ ਸਿਰ ਚਕਰਾ ਸਕਦਾ ਹੈ। ਜ਼ਿਆਦਾ ਦੇਰ ਤੁਸੀਂ ਪਿਕਾਸੋ ਦੀਆਂ ਪੇਂਟਿੰਗਜ਼ ਨਹੀਂ ਦੇਖ ਸਕਦੇ। ਤੁਸੀਂ ਇਨਾਂ ਤੋਂ ਦੂਰ ਜਾਣਾ ਚਾਹੋਗੇ, ਕਿਉਂਕਿ ਇਹ ਚਿੱਤਰ ਕਿਸੇ ਮੌਨ ਵਿਅਕਤੀ ਦੀ ਉਪਜ ਨਹੀਂ ਹੈ। ਇਹ ਰੋਲ ਘਚੋਲੇ ਵਿੱਚੋਂ ਨਿਕਲੇ ਹਨ। ਇਹ ਕਿਸੇ ਡਰਾਉਣੇ ਸੁਪਨੇ ਦੀ ਉਪਜ ਹਨ। ਪਰ ਵਾਸਤਵਿਕਤਾ ਇਹ ਹੈ ਕਿ ਨੜਿਨਵੇਂ ਪ੍ਰਤੀਸ਼ਤ ਆਧੁਨਿਕ ਆਰਟ ਇਸੇ ਤਰਾਂ ਦਾ ਹੈ।"

**ਓਸ਼ੋ**

# ਆਦਿ ਕਲਾ ਦੀ ਤਲਾਸ਼

ਕਵਿਤਾ ਦੀ ਮੇਰੀ ਪਹਿਲੀ ਕਿਤਾਬ 'ਇੱਕ ਛਿਣ ਦੀ ਵਾਰਤਾ' 1989-90 ਵਿੱਚ ਛਪੀ ਸੀ। ਤਕਰੀਬਨ ਪੂਰੇ ਦੋ ਦਹਾਕਿਆਂ ਬਾਅਦ ਇਹ ਦੂਸਰੀ ਕਿਤਾਬ ਛਪੀ ਹੈ। ਦੋ ਦਹਾਕੇ ਦਾ ਇਹ ਸਮਾਂ ਇੱਕ ਲਿਹਾਜ਼ ਨਾਲ ਮੇਰੇ ਆਂਤਰਿਕ ਭ੍ਰਮਣ ਦਾ ਦੌਰ ਸੀ। ਇਸ ਸਾਰੇ ਸਮੇਂ ਦੌਰਾਨ ਨਾਮਾਤਰ ਕਵਿਤਾ ਲਿਖੀ। ਪਹਿਲੀ ਕਿਤਾਬ ਛਪਣ ਤੋਂ ਤੁਰੰਤ ਬਾਅਦ ਹੀ ਮੈਂ ਕਵਿਤਾ ਦੀ ਸਮਾਜਕ ਜਾਂ ਮਾਨਵੀ ਪ੍ਰਸੰਗਿਕਤਾ ਨੂੰ ਲੈ ਕੇ ਕਈ ਤਰਾਂ ਦੇ ਸੁਆਲਾਂ ਵਿੱਚ ਉਲਝ ਗਿਆ। ਕਵਿਤਾ ਕੀ ਹੈ ? ਕਵਿਤਾ ਲਿਖਣ ਦਾ ਕੀ ਮਕਸਦ ਹੈ ? ਸਮਾਜ ਜਾਂ ਜ਼ਿੰਦਗੀ ਵਿੱਚ ਕਵਿਤਾ ਦਾ ਕੀ ਸਥਾਨ ਜਾਂ ਮਹੱਤਵ ਹੈ ? ਕੀ ਕਵਿਤਾ ਦਾ ਕੋਈ ਭਵਿਖ ਹੈ ਜਾਂ ਇਹ ਪੁਰਾਤਨ ਦੌਰ ਦੀ ਖਤਮ ਹੋ ਰਹੀ ਸਾਹਿਤਕ ਵਿਧਾ ਹੈ ? ਆਦਿ। ਪਰ ਹੁਣ ਇਹ ਮਹਿਸੂਸ ਕਰ ਰਿਹਾ ਹਾਂ ਕਿ ਲਿਖਦੇ ਰਹਿਣਾ ਚਾਹੀਦਾ ਸੀ। ਸਵਾਲਾਂ ਦਾ ਕੋਈ ਵੀ ਅੰਤਮ ਸਿਰਾ ਨਹੀਂ ਹੈ। 1994 ਤੋਂ ਲਗਾਤਾਰ ਪੱਤਰਕਾਰਤਾ ਦੇ ਖੇਤਰ ਵਿੱਚ ਸਰਗਰਮ ਰਿਹਾ ਹਾਂ, ਇਸ ਕਰਕੇ ਮੇਰੇ ਦੋਸਤਾਂ ਦੇ ਸਰਕਲ ਵਿੱਚ ਇਹ ਸਮਝਿਆ ਗਿਆ ਕਿ ਪੱਤਰਕਾਰੀ ਵਿੱਚ ਰੁਝ ਜਾਣ ਕਾਰਨ ਮੈਂ ਕਵਿਤਾ ਲਿਖਣੀ ਛੱਡ ਦਿੱਤੀ ਹੈ। ਇਹ ਆਮ ਕਿਹਾ ਜਾਂਦਾ ਹੈ ਕਿ ਪੱਤਰਕਾਰੀ ਕਵਿਤਾ ਨੂੰ ਖਾ ਜਾਂਦੀ ਹੈ। ਮੈਂ ਅਕਸਰ ਅਜਿਹੀਆਂ ਗੱਲਾਂ ਨੂੰ ਟਾਲਦਾ ਰਿਹਾ। ਕਿਉਂਕਿ ਖੁਦ ਸਪਸ਼ਟ ਨਹੀਂ ਸਾਂ, ਇਸ ਕਰਕੇ ਕੁੱਝ ਕਹਿਣ ਦੀ ਵੀ ਕੋਈ ਤੁਕ ਨਹੀਂ ਸੀ। ਆਪਣੇ ਅੰਦਰ ਕਈ ਤਰਾਂ ਦੇ ਸੁਆਲਾਂ ਵਿੱਚ ਘਿਰਿਆ ਹੋਇਆ ਸਾਂ।

•••

ਸਕੂਲ ਵਿੱਚ ਪੜਨ ਦੇ ਦਿਨਾਂ ਦੌਰਾਨ ਜਦੋਂ ਮੈਂ ਲਿਖਣਾ ਸ਼ੁਰੂ ਕੀਤਾ ਤਾਂ ਮੇਰੀ ਲਿਖਣ ਪ੍ਰਕਿਰਿਆ ਹੁਣ ਨਾਲੋਂ ਬਿਲਕੁਲ ਵੱਖਰੀ ਸੀ। ਮੈਂ ਹਰ ਰੋਜ਼ ਇੱਕ ਕਵਿਤਾ ਲਿਖਦਾ ਸਾਂ। ਰੋਜ਼ ਕੋਈ ਨਵਾਂ ਵਿਸ਼ਾ ਲੱਭਦਾ ਤੇ ਫੇਰ ਉਸ ਤੇ ਲਿਖਣ ਬੈਠ ਜਾਂਦਾ। ਕਈ ਵਾਰ ਟੇਬਲ ਤੇ ਬੈਠਣ ਤੋਂ ਬਾਅਦ ਹੀ ਕੋਈ ਵਿਸ਼ਾ ਸੁਝਦਾ। ਲਿਖਣ ਦੀ ਸ਼ਾਇਦ ਇਹ ਮੁਢਲੀ ਰਿਹਰਸਲ ਸੀ। ਇਹ ਸਿਲਸਿਲਾ ਕੁੱਝ ਦੇਰ ਚੱਲਿਆ ਤੇ ਕਾਲਜ ਪਹੁੰਚਣ ਤੋਂ ਬਾਅਦ ਕਵਿਤਾਵਾਂ ਦਾ ਰੰਗ ਜ਼ਰਾ ਕੁ ਗਹਿਰਾ ਹੋਇਆ। 1987-88 ਵਿੱਚ ਜੋ ਕਵਿਤਾਵਾਂ ਲਿਖੀਆਂ, ਉਹ ਸਾਰੀਆਂ ਕਵਿਤਾਵਾਂ ਹੀ ਇਸ ਤਰਾਂ ਲਿਖੀਆਂ ਗਈਆਂ। ਇੱਕ ਇੱਕ ਕਵਿਤਾ ਕਈ ਕਈ ਦਿਨ ਵਿੱਚ ਪੂਰੀ ਕੀਤੀ ਅਤੇ ਫੇਰ ਕਈ ਵਾਰ ਸੋਧੀ ਗਈ। ਕਹਿਣ ਨੂੰ ਇਹ ਖੁਲੀ ਕਵਿਤਾ ਸੀ, ਪਰ ਮੈਂ ਇਸ ਦੇ ਫਿਕਰਿਆਂ ਦਾ ਵਜ਼ਨ ਪੂਰਾ ਕਰਨ ਲਈ ਗਜ਼ਲਕਾਰਾਂ ਦੀ ਤਰਾਂ ਮਿਹਨਤ ਕਰਦਾ ਸਾਂ। ਇਸ ਦੌਰ ਦੀਆਂ ਇਹ ਕਵਿਤਾਵਾਂ ਹੀ ਪਹਿਲੇ ਸੰਗ੍ਰਹਿ ਵਿੱਚ ਸ਼ਾਮਲ ਹਨ। ਮੇਰੀ ਰਚਨਾ ਪ੍ਰਕਿਰਿਆ ਚਿੱਤਰਕਾਰਾਂ ਵਰਗੀ ਸੀ। ਕਵਿਤਾ ਵੀ ਚਿਤਰ ਬਣਾਉਣ ਵਾਂਗ ਲਿਖਦਾ ਸਾਂ। ਇਹ ਮਹਿਸੂਸ ਕਰਦਾ ਸਾਂ ਕਿ ਕਵਿਤਾ ਖਿਆਲਾਂ, ਅਕਾਰਾਂ ਤੇ ਧੁਨਾਂ ਨਾਲ ਕੀਤੀ ਜਾਣ ਵਾਲੀ ਇੱਕ ਵੱਖਰੀ ਤਰਾਂ ਦੀ ਚਿਤਰਕਾਰੀ ਹੈ। ਜਾਂ ਇਹ ਲੱਗਦਾ ਸੀ ਕਿ ਕਵਿਤਾ ਅਜਿਹੀ ਵਿਧੀ ਹੈ, ਜਿਸ ਵਿੱਚ ਧੁਨਾਂ ਰਾਹੀਂ ਅਰਥ ਪੈਦਾ ਕੀਤੇ ਜਾਂਦੇ ਹਨ। ਕਿਸੇ ਕਵਿਤਾ ਵਿੱਚ ਸ਼ਬਦ ਦੀ ਥਾਂ ਬਦਲਣ ਨਾਲ ਉਸ ਦੀ ਧੁਨ ਵੀ ਬਦਲ ਜਾਂਦੀ ਹੈ ਅਤੇ ਅਰਥ ਵੀ। ਇਸ ਕਰਕੇ ਚੁਣ ਚੁਣਕੇ ਸ਼ਬਦਾਂ ਨੂੰ ਅੱਗੇ ਪਿੱਛੇ ਕਰਦਾ ਸਾਂ। ਮੇਰੇ ਲਈ ਕਵਿਤਾ ਇੱਕ ਸੁਚੇਤ ਰਚਨਾ ਸੀ। ਕਵਿਤਾ ਦੀ ਮੇਰੀ ਇਹ ਰਚਨਾ ਪ੍ਰਕਿਰਿਆ ਜਾਂ ਰਚਨਾ ਪ੍ਰਕਿਰਿਆ ਬਾਰੇ ਮੇਰੀ ਇਹ ਸਮਝ ਉਸ ਨਾਲੋਂ ਬਿਲਕੁਲ ਵੱਖਰੀ ਸੀ, ਜਿਸ ਤਰਾਂ ਦੀ ਆਪਣੇ ਆਲੇ ਦੁਆਲੇ ਦੇ ਸਾਹਿਤਕ ਹਲਕਿਆਂ ਵਿੱਚ ਸੁਣਦਾ ਸਾਂ ਜਾਂ ਪੜਦਾ ਸਾਂ। ਜੋ ਸੁਣਦਾ ਪੜਦਾ ਸਾਂ,

ਉਹ ਇਹ ਸੀ ਕਿ ਕਵਿਤਾ ਲਿਖੀ ਨਹੀਂ ਜਾਂਦੀ, ਬਲਕਿ ਲਿਖ ਹੋ ਜਾਂਦੀ ਹੈ। ਇਹ ਇਲਹਾਮ ਦੀ ਤਰਾਂ ਉਤਰਦੀ ਹੈ। ਜ਼ਿਆਦਾਤਰ ਕਵੀ ਪਹਿਲਾਂ ਮਨੋ ਮਨੀ ਪੂਰੀ ਕਵਿਤਾ ਸਿਰਜ ਲੈਂਦੇ ਹਨ ਅਤੇ ਫੇਰ ਉਸ ਨੂੰ ਕਾਗਜ਼ ਤੇ ਉਤਾਰਦੇ ਸਨ। ਪਰ ਮੇਰਾ ਅਨੁਭਵ ਬਿਲਕੁਲ ਉਲਟ ਸੀ। ਮੇਰੇ ਕੋਲ ਸਿਰਫ ਕੋਈ ਖਿਆਲ ਹੁੰਦਾ ਸੀ ਤੇ ਉਸ ਖਿਆਲ ਨੂੰ ਕਵਿਤਾ ਦੇ ਰੂਪ ਵਿੱਚ ਸਿਰਜਦਾ ਸਾਂ ਜਾਂ ਪੇਸ਼ ਕਰਦਾ ਸਾਂ। ਇਸੇ ਖਿਆਲ ਨੂੰ ਕਿਸੇ ਹੋਰ ਵਿਧਾ ਰਾਹੀਂ ਵੀ ਪੇਸ਼ ਕੀਤਾ ਜਾ ਸਕਦਾ ਸੀ। ਪਰ ਸੁਣਦਾ ਇਹ ਸਾਂ ਕਿ ਕਵਿਤਾ ਅਜਿਹੀ ਚੀਜ਼ ਹੈ, ਜਿਹੜੀ ਕੋਸ਼ਿਸ ਕਰਕੇ ਨਹੀਂ ਲਿਖੀ ਜਾ ਸਕਦੀ, ਇਹ ਤਾਂ ਬਸ ਲਿਖ ਹੋ ਜਾਂਦੀ ਹੈ। ਇੱਥੋਂ ਹੀ ਮੇਰੇ ਪਹਿਲੇ ਸੁਆਲ ਸ਼ੁਰੂ ਹੋਏ। ਇਹ ਸੁਆਲ ਆਪਣੇ ਬਾਰੇ ਵੀ ਸਨ। ਕਵਿਤਾ ਬਾਰੇ ਵੀ। ਕਵਿਤਾ ਕੀ ਹੈ ? ਕਵਿਤਾ ਦੀ ਰਚਨਾ ਪ੍ਰਕਿਰਿਆ ਕਿਹੋ ਜਿਹੀ ਹੁੰਦੀ ਹੈ ? ਕਵਿਤਾ ਨੂੰ ਕਿਹੜੀ ਚੀਜ਼ ਕਵਿਤਾ ਬਣਾਉਂਦੀ ਹੈ ? ਕਵਿਤਾ ਕਿਵੇਂ ਅਸਰ ਕਰਦੀ ਹੈ ? ਕਵਿਤਾ ਦਾ ਮਕਸਦ ਕੀ ਹੈ ? ਕਵਿਤਾ ਕਿਸ ਵਾਸਤੇ ਲਿਖੀ ਜਾਂਦੀ ਹੈ ? ਆਦਿ। ਹੌਲੀ ਹੌਲੀ ਇਹ ਸੁਆਲ ਵਧਦੇ ਗਏ ਅਤੇ ਮੇਰੇ ਸਾਹਮਣੇ ਸੁਆਲਾਂ ਦਾ ਇੱਕ ਪੂਰਾ ਜੰਗਲ ਉਗ ਆਇਆ। ਮੈਂ ਸਹਿਜ ਸੁਭਾਅ ਹੀ ਇਸ ਜੰਗਲ ਵਿੱਚ ਵੜ ਗਿਆ ਤੇ ਪੰਜਾਬੀ ਦੇ ਸਾਹਿਤਕ ਦ੍ਰਿਸ਼ ਤੋਂ ਲਾਂਭੇ ਹੋ ਗਿਆ।

●●●

ਸ਼ੁਰੂ ਵਿੱਚ ਮੇਰੇ ਸਾਹਮਣੇ ਸੁਆਲ ਕਵਿਤਾ ਬਾਰੇ ਸਨ ਪਰ ਹੌਲੀ ਹੌਲੀ ਇਹ ਸੁਆਲ ਸਿਰਫ ਕਵਿਤਾ ਤੱਕ ਸੀਮਤ ਨਾ ਰਹੇ ਬਲਕਿ ਸਮੁਚੀ ਕਲਾ ਬਾਰੇ ਬਣ ਗਏ। ਮੂਲ ਸੁਆਲ ਇਹ ਬਣ ਗਿਆ ਕਿ ਸਮੁਚੀ ਕਲਾ ਦਾ ਕੀ ਮਾਨਵੀ ਪ੍ਰਯੋਜਨ ਹੈ ? ਸਾਰੀ ਕਲਾ ਦਾ ਕੀ ਮਕਸਦ ਹੈ ? ਇਹ ਕੋਈ ਨਵਾਂ ਸੁਆਲ ਨਹੀਂ ਸੀ। ਹਜ਼ਾਰਾਂ ਹੀ ਲੋਕ ਇਸ ਸੁਆਲ ਤੇ ਵਿਚਾਰ ਕਰ ਚੁੱਕੇ ਹਨ ਅਤੇ ਇਸ ਦੀਆਂ ਕਿੰਨੀਆਂ ਹੀ ਵਿਆਖਿਆਵਾਂ ਹਨ।

ਲੰਬੇ ਚੌੜੇ ਹਵਾਲਿਆਂ ਵਿੱਚ ਪੈਣ ਦੀ ਇਥੇ ਲੋੜ ਨਹੀਂ ਪਰ ਮੋਟੇ ਤੌਰ ਤੇ ਇਸ ਚਰਚਾ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ। ਆਧੁਨਿਕ ਦੌਰ ਵਿੱਚ ਇੱਕ ਪ੍ਰਬਲ ਧਾਰਾ ਇਹ ਸੋਚਦੀ ਹੈ ਕਿ ਸਮੁਚੀ ਕਲਾ ਸਮਾਜਕ ਤਬਦੀਲੀ ਦਾ ਇੱਕ ਹਥਿਆਰ ਹੈ। ਜਾਂ ਜੇ ਜ਼ਿਆਦਾ ਸਲੀਕੇਦਾਰ ਤਰੀਕੇ ਨਾਲ ਗੱਲ ਕਰਨੀ ਹੋਵੇ ਤਾਂ ਕਹਿ ਸਕਦੇ ਹਾਂ ਕਿ ਕਲਾ ਸਮੁਚੇ ਤੌਰ ਤੇ ਕਿਸੇ ਸਮਾਜਕ, ਰਾਜਨੀਤਕ ਵਿਚਾਰਧਾਰਾ ਦੇ ਪ੍ਰਗਟਾਵੇ ਦਾ ਮਾਧਿਅਮ ਹੀ ਹੈ। ਦੂਜੀ ਧਾਰਾ ਦੇ ਲੋਕ ਇਹ ਸੋਚਦੇ ਹਨ ਕਿ ਕਲਾ ਨੂੰ ਸੁਚੇਤ ਤੌਰ ਤੇ ਇਸ ਤਰਾਂ ਕਿਸੇ ਵਿਚਾਰਧਾਰਕ ਜਾਂ ਸਮਾਜਕ ਉਦੇਸ਼ ਨਾਲ ਨਹੀਂ ਜੋੜਿਆ ਜਾ ਸਕਦਾ। ਇਹ ਸਹਿਜ ਰੂਪ ਵਿੱਚ ਵਾਪਰਦੀ ਹੈ। ਵਾਪਰਨ ਤੋਂ ਬਾਅਦ ਇਸ ਦੇ ਜੋ ਵੀ ਅਰਥ ਕੱਢ ਲਏ ਜਾਣ, ਪਰ ਰਚਨਾ ਪ੍ਰਕਿਰਿਆ ਨੂੰ ਇੱਕ ਸੁਚੇਤ ਵਿਚਾਰਧਾਰਕ ਉਦਮ ਦੇ ਰੂਪ ਵਿੱਚ ਦੇਖਣਾ ਕਲਾ ਦੇ ਇਲਹਾਮੀ ਤੱਤ ਨੂੰ ਖਤਮ ਕਰਨ ਵਾਲੀ ਗੱਲ ਹੈ। ਇਸ ਤਰਾਂ ਸੋਚਣ ਵਾਲੇ ਲੋਕ ਇਹ ਧਾਰਨਾ ਪੇਸ਼ ਕਰਦੇ ਹਨ ਕਿ ਹਰ ਕਲਾ ਹੀ ਇਨਸਾਨ ਦੀ ਸੰਵੇਦਨਸ਼ੀਲਤਾ ਨੂੰ ਤਿੱਖਾ ਕਰਦੀ ਹੈ, ਇਸ ਕਰਕੇ ਇਸ ਲਿਹਾਜ਼ ਨਾਲ ਹਰ ਕਲਾ ਦਾ ਹੀ ਇੱਕ ਸਮਾਜਕ ਪ੍ਰਭਾਵ ਹੁੰਦਾ ਹੈ।

ਵੱਖ ਵੱਖ ਮੌਕਿਆਂ ਜਾਂ ਪੜਾਵਾਂ ਤੇ ਮੈਂ ਵੀ ਕਲਾ ਦੇ ਪ੍ਰਯੋਜਨ ਬਾਰੇ ਇਨਾਂ ਵੱਖ ਵੱਖ ਤਰਾਂ ਦੀਆਂ ਧਾਰਨਾਵਾਂ ਵੱਲ ਡੋਲਦਾ ਰਿਹਾ। ਪਰ ਕਿਸੇ ਵੀ ਨੁਕਤੇ ਤੋਂ ਪੂਰੀ ਤਰਾਂ ਕਾਇਲ ਨਹੀਂ ਹੋ ਸਕਿਆ। ਪਰ ਇੱਕ ਬਿੰਦੂ ਤੇ ਆ ਕੇ ਅਟਕ ਗਿਆ ਤੇ ਇੱਕ ਖਾਸ ਦਿਸ਼ਾ ਵੱਲ ਚੱਲਣਾ ਸ਼ੁਰੂ ਕਰ ਦਿੱਤਾ। ਕਲਾ ਦੇ ਪ੍ਰਯੋਜਨ ਬਾਰੇ ਗੁਰਜੀਏਫ ਦੀਆਂ ਵਿਆਖਿਆਵਾਂ ਨੇ ਮੈਨੂੰ ਪੂਰੀ ਤਰਾਂ ਆਪਣੀ ਲਪੇਟ ਵਿੱਚ ਲੈ ਲਿਆ। ਪੰਜਾਬੀ ਅਕਾਦਮਿਕ ਜਾਂ ਬੌਧਿਕ ਹਲਕਿਆਂ

ਵਿੱਚ ਗੁਰਜੀਏਫ ਕੋਈ ਆਮ ਪ੍ਰਚਲਿਤ ਨਾਂ ਨਹੀਂ ਹੈ। ਵੈਸੇ ਵੀ ਬੁਨਿਆਦੀ ਤੌਰ ਤੇ ਉਹ ਕੋਈ ਕਲਾ ਚਿੰਤਕ ਜਾਂ ਸਮੀਖਿਅਕ ਨਹੀਂ ਸੀ। ਰੂਸ ਦੇ ਅਰਮੀਨੀਆ ਖੇਤਰ ਵਿੱਚ ਜਨਮਿਆ ਗੁਰਜੀਏਫ ਬੁਨਿਆਦੀ ਤੌਰ ਤੇ ਇੱਕ ਰੂਹਾਨੀ ਜਗਿਆਸੂ ਸੀ। ਜੀਵਨ ਦੇ ਮੂਲ ਤੱਤ ਦੀ ਤਲਾਸ਼ ਵਿੱਚ ਉਸ ਨੇ ਕਰੀਬ ਵੀਹ ਸਾਲ ਮੱਧ ਏਸ਼ੀਆ, ਦੱਖਣੀ ਏਸ਼ੀਆ ਤੇ ਅਫਰੀਕਾ ਵਿੱਚ ਭ੍ਰਮਣ ਕੀਤਾ। ਆਪਣੇ ਲੰਬੇ ਭ੍ਰਮਣ ਦੌਰਾਨ ਉਹ ਇਸ ਖੇਤਰ ਵਿੱਚ ਗਿਆਨ ਦੇ ਪੁਰਾਣੇ ਸਿਸਟਮਾਂ, ਪੁਰਾਤਨ ਸਕੂਲਾਂ ਵਿੱਚ ਗਿਆ ਅਤੇ ਗਿਆਨ ਦਾ ਕੋਈ ਪਹਿਲੂ ਅਣਛੁਹਿਆ ਨਾ ਛੱਡਿਆ। ਲੰਬੀ ਖੋਜ ਤੋਂ ਬਾਅਦ ਉਸ ਨੇ ਇੱਕ ਸਿਸਟਮ ਵਿਕਸਤ ਕੀਤਾ, ਜਿਸ ਨੂੰ 'ਚੌਥਾ ਰਾਹ' ਕਿਹਾ ਜਾਂਦਾ ਹੈ। ਰੂਸ ਵਿੱਚ ਕ੍ਰਾਂਤੀ ਤੋਂ ਬਾਅਦ ਉਹ ਫਰਾਂਸ ਚਲਾ ਗਿਆ ਅਤੇ ਉਥੇ ਜਾਕੇ ਉਸ ਨੇ 'ਇੰਸਟੀਚਿਊਟ ਫਾਰ ਦੀ ਹਾਰਮੋਨੀਅਸ ਡਿਵੈਲਪਮੈਂਟ ਆਫ ਮੈਨ' ਦੀ ਸਥਾਪਨਾ ਕੀਤੀ। ਗੁਰਜੀਏਫ ਦੀ ਸਮੁਚੀ ਖੋਜ ਦਾ ਮੁਖ ਸਰੋਕਾਰ ਇਹ ਸੀ ਕਿ ਇਨਸਾਨ ਦੀ ਚੇਤਨਾ ਦੇ ਵਿਕਾਸ ਦੀਆਂ ਕੀ ਸੰਭਾਵਨਾਵਾਂ ਹਨ ਅਤੇ ਇਸ ਦੀਆਂ ਵਿਗਿਆਨਕ ਵਿਧੀਆਂ ਕੀ ਹੋ ਸਕਦੀਆਂ ਹਨ। ਉਸ ਦਾ ਇਹ ਮੰਨਣਾ ਸੀ ਕਿ ਇਨਸਾਨ ਆਮ ਤੌਰ ਤੇ ਚੇਤਨਾ ਦੇ ਜਿਸ ਪੱਧਰ ਤੇ ਰਹਿੰਦਾ ਹੈ, ਇਸ ਤੋਂ ਬਹੁਤ ਉਤੇ ਜਾਣ ਦੀ ਸੰਭਾਵਨਾ ਹਰ ਇਨਸਾਨ ਅੰਦਰ ਪਈ ਹੈ। ਪਰ ਇਨਾਂ ਸੰਭਾਵਨਾਵਾਂ ਨੂੰ ਉਜਾਗਰ ਕਰਨਾ ਬਹੁਤ ਔਖਾ ਹੈ। ਉਸ ਨੇ ਆਪਣੀ ਲੰਬੀ ਖੋਜ ਤੋਂ ਬਾਅਦ ਕੁੱਝ ਅਜਿਹੀਆਂ ਵਿਗਿਆਨਕ ਵਿਧੀਆਂ ਵਿਕਸਤ ਕੀਤੀਆਂ, ਜਿਨਾਂ ਰਾਹੀਂ ਇਨਸਾਨ ਆਪਣੀ ਚੇਤਨਾ ਦੀ ਜੜਤਾ ਨੂੰ ਤੋੜ ਸਕਦਾ ਹੈ ਅਤੇ ਇਸ ਤੋਂ ਉਪਰ ਉਠਣ ਦਾ ਰਸਤਾ ਅਖਤਿਆਰ ਕਰ ਸਕਦਾ ਹੈ। ਪੂਰਬ ਅਤੇ ਪੱਛਮ ਦੀਆਂ ਸਭ ਪੁਰਾਤਨ ਰੂਹਾਨੀ ਪਰੰਪਰਾਵਾਂ ਵਿੱਚ ਇਨਸਾਨ ਦੀ ਚੇਤਨਾ ਦੇ ਵਿਕਾਸ ਦੀਆਂ ਸਮੱਸਿਆਵਾਂ ਇਕ ਪੁਰਾਤਨ ਮੁਹਾਵਰੇ ਅਤੇ ਭਾਸ਼ਾ ਵਿੱਚ ਪੇਸ਼ ਕੀਤੀਆਂ ਗਈਆਂ ਹਨ। ਗੁਰਜੀਏਫ ਦੀ ਇਹ ਇਤਿਹਾਸਕ ਦੇਣ ਹੈ ਕਿ ਉਸ ਨੇ ਉਸ ਸਮੁਚੇ ਗਿਆਨ ਨੂੰ ਵਿਗਿਆਨਕ ਭਾਸ਼ਾ ਤੇ ਮੁਹਾਵਰੇ ਵਿੱਚ ਪੇਸ਼ ਕੀਤਾ ਹੈ। ਪੁਰਾਤਨ ਰੂਹਾਨੀ ਪਰੰਪਰਾਵਾਂ ਵਿੱਚ ਇਨਸਾਨ ਦਾ ਆਤਮਿਕ ਵਿਕਾਸ ਇੱਕ ਧਾਰਮਿਕ ਪ੍ਰਕਿਰਿਆ ਹੈ, ਜਿਸ ਨੂੰ ਪੁਰਾਤਨ ਭਾਸ਼ਾ ਵਿੱਚ ਰੱਬ ਦੀ ਪ੍ਰਾਪਤੀ ਜਾਂ ਨਿਰਵਾਣ ਆਦਿ ਕਿਹਾ ਜਾਂਦਾ ਹੈ। ਗੁਰਜੀਏਫ ਨੇ ਇਨਸਾਨ ਦੇ ਆਤਮਿਕ ਵਿਕਾਸ ਦੀ ਪ੍ਰਕਿਰਿਆ ਨੂੰ ਇਕ ਵਿਗਿਆਨਕ ਵਿਧੀ ਬਣਾ ਦਿੱਤਾ ਅਤੇ ਇਸ ਸਮੁਚੇ ਗਿਆਨ ਦੀ ਵਿਗਿਆਨਕ ਵਿਆਖਿਆ ਪੇਸ਼ ਕੀਤੀ। ਗੁਰਜੀਏਫ ਧਰਤੀ ਤੇ ਇਨਸਾਨੀ ਸਭਿਅਤਾ ਦੇ ਇਤਿਹਾਸਕ ਵਿਕਾਸ ਨੂੰ ਵੀ ਜ਼ਰਾ ਕੁ ਵੱਖਰੇ ਤਰੀਕੇ ਨਾਲ ਦੇਖਦਾ ਹੈ। ਅਸੀਂ ਇਹ ਸਮਝਦੇ ਹਾਂ ਕਿ ਪੱਥਰ ਯੁਗ ਤੋਂ ਲੈ ਕੇ ਹੁਣ ਤੱਕ ਲਗਾਤਾਰ ਇਨਸਾਨੀ ਸਭਿਅਤਾ ਵਿਕਾਸ ਕਰ ਰਹੀ ਹੈ ਅਤੇ ਇਤਿਹਾਸਕ ਜਾਂ ਪੂਰਵ ਇਤਿਹਾਸਕ ਦੌਰ ਦੀਆਂ ਜੋ ਸਭਿਆਤਾਵਾਂ ਅਸੀਂ ਜਾਣਦੇ ਹਾਂ, ਉਹ ਇਨਸਾਨੀ ਸਭਿਅਤਾ ਦੇ ਵਿਕਾਸ ਵਿੱਚ ਹੇਠਲੇ ਪੌੜੇ ਹਨ। ਇਸ ਕਰਕੇ ਉਸ ਦੌਰ ਦੇ ਗਿਆਨ ਨੂੰ ਵੀ ਅਸੀਂ ਅਵਿਕਸਤ ਗਿਆਨ ਸਮਝਦੇ ਹਾਂ, ਜਿਹੜਾ ਵਿਗਿਆਨਕ ਚੇਤਨਾ ਦੇ ਵਿਕਸਤ ਹੋਣ ਤੋਂ ਪਹਿਲਾਂ ਪੈਦਾ ਹੋਇਆ। ਜਿੰਨੀਆਂ ਵੀ ਧਾਰਮਿਕ ਪਰੰਪਰਾਵਾਂ ਹਨ, ਉਹ ਵੀ ਸਾਡੀ ਨਜ਼ਰ ਵਿੱਚ ਵਿਗਿਆਨਕ ਚੇਤਨਾ ਦੀ ਅਣਹੋਂਦ ਵਿੱਚ ਪੈਦਾ ਹੋਏ ਗਿਆਨ ਦੇ ਅਵਿਕਸਤ ਢਾਂਚੇ ਹਨ। ਅਸੀਂ ਇਹ ਸਮਝਦੇ ਹਾਂ ਕਿ ਪੁਰਾਤਨ ਦੌਰ ਦਾ ਉਹ ਗਿਆਨ ਪਛੜਿਆ ਹੋਇਆ ਹੈ ਅਤੇ ਅੱਜ ਦੀ ਸਭਿਅਤਾ ਨੇ ਜੋ ਗਿਆਨ ਪੈਦਾ ਕੀਤਾ ਹੈ, ਉਹ ਹੀ ਵਿਕਸਤ ਗਿਆਨ ਹੈ ਅਤੇ ਇਹ ਇਨਸਾਨੀ ਸਭਿਅਤਾ ਦੀ ਤਰੱਕੀ ਦੀ ਨਿਸ਼ਾਨੀ ਹੈ। ਗੁਰਜੀਏਫ ਵਰਗੇ ਲੋਕ ਇਸ ਧਾਰਨਾ ਨੂੰ ਇਸੇ ਰੂਪ ਵਿੱਚ ਨਹੀਂ ਸਵੀਕਾਰਦੇ। ਉਹ ਕਹਿੰਦੇ ਹਨ ਕਿ ਇਨਸਾਨੀ ਸਭਿਅਤਾ ਦਾ ਵਿਕਾਸ ਇਸ ਤਰਾਂ ਇੱਕ ਸਿਧੀ ਲਕੀਰ ਦੇ ਰੂਪ ਵਿੱਚ ਨਹੀਂ ਹੋਇਆ। ਉਨਾਂ ਮੁਤਾਬਕ ਆਧੁਨਿਕ ਇਤਿਹਾਸਕਾਰੀ ਦੀ ਮੁਖਧਾਰਾ ਇਨਸਾਨੀ ਸਭਿਅਤਾ ਦਾ ਜਿੰਨਾ ਕੁ ਇਤਿਹਾਸ ਜਾਣਦੀ ਹੈ ਅਤੇ ਜਿਸ ਰੂਪ ਵਿੱਚ ਇਸ ਦੇ ਵਿਕਾਸ ਦੀ ਵਿਆਖਿਆ ਕਰਦੀ ਹੈ, ਇਹ ਅਧੂਰੀ ਹੈ। ਇਨਾਂ ਲੋਕਾਂ ਦੀ ਨਜ਼ਰ ਵਿੱਚ ਇਨਸਾਨੀ ਸਭਿਅਤਾ ਪਹਿਲਾਂ ਵੀ ਤਰੱਕੀ ਦੀਆਂ

ਵੱਡੀਆਂ ਉਚਾਈਆਂ ਨੂੰ ਛੂਹ ਚੁੱਕੀ ਹੈ ਅਤੇ ਫੇਰ ਕਿਸੇ ਹਾਦਸੇ ਕਾਰਨ ਬਰਬਾਦ ਹੋਣ ਤੋਂ ਬਾਅਦ ਦੁਬਾਰਾ ਖੜੀ ਹੋ ਰਹੀ ਹੈ। ਇਸ ਸਬੰਧ ਵਿੱਚ ਅਟਲਾਂਟਿਸ ਨਾਂ ਦੇ ਇੱਕ ਮਹਾਂਦੀਪ ਦਾ ਹਵਾਲਾ ਵੀ ਦਿੱਤਾ ਜਾਂਦਾ ਹੈ, ਜਿਹੜਾ ਸਮੁੰਦਰ ਵਿੱਚ ਡੁਬਕੇ ਤਬਾਹ ਹੋ ਗਿਆ ਅਤੇ ਜਿਹੜਾ ਕਿਸੇ ਸਮੇਂ ਧਰਤੀ ਤੇ ਇਨਸਾਨੀ ਸਭਿਅਤਾ ਦਾ ਮੁਖ ਕੇਂਦਰ ਸੀ।

ਜਿਵੇਂ ਆਧੁਨਿਕ ਯੁੱਗ ਵਿੱਚ ਵਿਗਿਆਨਕ ਤਰੱਕੀ ਦਾ ਰੁਖ ਬਾਹਰ ਵੱਲ ਹੈ, ਜਿਸ ਵਿੱਚੋਂ ਮੌਜੂਦਾ ਵਿਗਿਆਨਕ ਖੋਜਾਂ, ਤਕਨਾਲੋਜੀ, ਸਪੇਸ ਖੋਜ ਆਦਿ ਵਿਕਸਤ ਹੋਏ ਹਨ। ਉਸੇ ਤਰਾਂ ਪੁਰਾਤਨ ਸਭਿਅਤਾ ਵਿੱਚ ਤਰੱਕੀ ਦਾ ਰੁਖ ਅੰਦਰ ਵੱਲ ਸੀ, ਜਿਸ ਵਿੱਚੋਂ ਰੂਹਾਨੀ ਗਿਆਨ, ਮਨ ਦੀ ਤਕਨਾਲੋਜੀ ਤੇ ਬ੍ਰਹਿਮੰਡੀ ਗਿਆਨ ਪੈਦਾ ਹੋਇਆ। ਪੁਰਾਤਨ ਗਿਆਨ ਤੇ ਮਨ ਦੀ ਤਕਨਾਲੋਜੀ ਵੀ ਉਸ ਸਭਿਅਤਾ ਦੇ ਨਾਲ ਹੀ ਬਰਬਾਦ ਹੋ ਗਈ, ਜਿਹੜੀ ਕਿ ਕੁੱਝ ਵੱਡੇ ਹਾਦਸਿਆਂ ਕਾਰਨ ਤਬਾਹ ਹੋ ਗਈ ਸੀ। ਉਹ ਗਿਆਨ ਸਿਰਫ ਟੁਕੜਿਆਂ ਦੇ ਰੂਪ ਵਿੱਚ ਸਾਡੇ ਕੋਲ ਬਚਿਆ ਹੈ। ਗੁਰਜੀਏਫ ਆਪਣੇ ਭ੍ਰਮਣਾਂ ਦੌਰਾਨ ਗਿਆਨ ਦੇ ਇਨਾਂ ਟੁਕੜਿਆਂ ਨੂੰ ਹੀ ਇਕੱਠਾ ਕਰਦਾ ਰਿਹਾ ਅਤੇ ਉਨਾਂ ਨੂੰ ਜੋੜ ਜੋੜਕੇ ਹੀ ਉਸ ਨੇ ਇੱਕ ਸਿਸਟਮ ਵਿਕਸਤ ਕੀਤਾ।

ਇਸ ਗਿਆਨ ਨੂੰ ਸੰਖੇਪ ਰੂਪ ਵਿੱਚ ਜੇ ਪੇਸ਼ ਕਰਨਾ ਹੋਵੇ ਤਾਂ ਕਹਿ ਸਕਦੇ ਹਾਂ ਕਿ ਸੂਖਮ ਤੇ ਵਿਰਾਟ ਦੋਵੇਂ ਰੂਪਾਂ ਵਿੱਚ ਜੀਵਨ ਤੇ ਬ੍ਰਹਿਮੰਡ ਨੂੰ ਜਾਣਨ ਜਾਂ ਸਮਝਣ ਦੇ ਦੋ ਰਸਤੇ ਹਨ। ਇੱਕ ਰਸਤਾ ਬਾਹਰ ਵਾਲਾ ਹੈ, ਜਿਹੜਾ ਆਧੁਨਿਕ ਸਾਇੰਸ ਨੇ ਅਖਤਿਆਰ ਕੀਤਾ। ਇਸ ਰਾਹੀਂ ਜੀਵਨ, ਧਰਤੀ ਤੇ ਬ੍ਰਹਿਮੰਡ ਬਾਰੇ ਕਿੰਨਾ ਹੀ ਗਿਆਨ ਪੈਦਾ ਕੀਤਾ ਗਿਆ। ਫੇਰ ਇਸ ਗਿਆਨ ਦੇ ਅਧਾਰ ਤੇ ਟੈਕਨਾਲੋਜੀ ਵਿਕਸਤ ਕੀਤੀ ਗਈ। ਇਸ ਗਿਆਨ ਤੇ ਤਕਨਾਲੋਜੀ ਦੇ ਅਧਾਰ ਤੇ ਇਨਸਾਨ ਨੇ ਭੌਤਿਕ ਵਿਗਿਆਨ ਰਾਹੀਂ ਪਦਾਰਥ ਦੇ ਗਹਿਰੇ ਸਰੂਪ ਨੂੰ ਜਾਣਨ ਦੀ ਕੋਸ਼ਿਸ਼ ਕੀਤੀ ਹੈ। ਮੈਡੀਕਲ ਵਿਗਿਆਨ ਨੇ ਇਨਸਾਨੀ ਸਰੀਰ ਦੇ ਢਾਂਚੇ ਦੇ ਅੰਦਰੂਨੀ ਰਹੱਸ ਖੋਲੇ ਹਨ। ਸਪੇਸ ਵਿਗਿਆਨ ਨੇ ਬ੍ਰਹਿਮੰਡ ਦੀ ਬਣਤਰ ਬਾਰੇ ਜਾਣਕਾਰੀ ਇਕੱਤਰ ਕੀਤੀ ਹੈ। ਇਹੀ ਸਾਰੀ ਜਾਣਕਾਰੀ ਅੰਦਰ ਦੇ ਰਸਤੇ ਤੇ ਚੱਲਕੇ ਵੀ ਪ੍ਰਾਪਤ ਕੀਤੀ ਜਾ ਸਕਦੀ ਹੈ। ਮਿਸਾਲ ਵਜੋਂ ਸਪੇਸ ਵਿਗਿਆਨ ਨੇ ਸੂਰਜ ਮੰਡਲ ਦੇ ਸਾਰੇ ਗ੍ਰਹਿਆਂ ਬਾਰੇ ਜਾਣਕਾਰੀ ਸਾਨੂੰ ਦਿੱਤੀ ਹੈ। ਪਰ ਜੋਤਿਸ਼ ਸ਼ਾਸ਼ਤਰ ਵਿੱਚ ਗ੍ਰਹਿਆਂ ਦੀ ਕਾਰਜ ਪ੍ਰਣਾਲੀ ਬਾਰੇ ਬਹੁਤ ਹੀ ਸੂਖਮ ਜਾਣਕਾਰੀ ਹੈ ਅਤੇ ਇਥੋਂ ਤੱਕ ਕਿ ਧਰਤੀ ਤੇ ਇਨਸਾਨੀ ਜੀਵਨ ਨਾਲ ਹਰ ਗ੍ਰਹਿ ਦਾ ਜੋ ਸੂਖਮ ਰਿਸ਼ਤਾ ਹੈ, ਉਸ ਦਾ ਬਹੁਤ ਵਿਸਤ੍ਰਿਤ ਖਾਕਾ ਜੋਤਿਸ਼ ਸ਼ਾਸ਼ਤਰ ਵਿੱਚ ਮਿਲਦਾ ਹੈ। ਜੋਤਿਸ਼ ਸ਼ਾਸ਼ਤਰ ਨੇ ਇਹ ਗਿਆਨ ਕਿਸੇ ਸਪੇਸ ਟੈਕਨਾਲੋਜੀ ਰਾਹੀਂ ਹਾਸਲ ਨਹੀਂ ਕੀਤਾ ਬਲਕਿ ਇਹ ਗਿਆਨ ਪੁਰਾਤਨ ਦੌਰ ਦੀ ਅੰਦਰੂਨੀ ਟੈਕਨਾਲੋਜੀ ਰਾਹੀਂ ਹਾਸਲ ਹੋਇਆ। ਦੂਰ ਦੇ ਦ੍ਰਿਸ਼ ਦੇਖਣ ਲਈ ਜਾਂ ਦੂਰ ਗੱਲ ਕਰਨ ਲਈ ਜਿਵੇਂ ਆਧੁਨਿਕ ਟੈਲੀਕਮਿਊਨੀਕੇਸ਼ਨ ਤਕਨੀਕ ਕੋਲ ਵਾਇਰਲੈਸ ਜੰਤਰ ਹਨ, ਉਵੇਂ ਹੀ ਅੰਦਰ ਦੀ ਸਾਇੰਸ ਕੋਲ ਅਜਿਹੇ ਮਾਨਸਿਕ ਜੰਤਰ ਹਨ, ਜਿਨਾਂ ਰਾਹੀਂ ਇਹ ਸਾਰਾ ਕੁੱਝ ਸੰਭਵ ਹੈ। ਅੰਦਰ ਦੀ ਸਾਇੰਸ ਵੀ ਜੀਵਨ ਅਤੇ ਬ੍ਰਹਿਮੰਡ ਦੇ ਇਹ ਸਾਰੇ ਰਹੱਸ ਖੋਲ ਸਕਦੀ ਹੈ। ਅਸਲੀਅਤ ਤਾਂ ਇਹ ਹੈ ਕਿ ਅੰਦਰ ਦੀ ਸਾਇੰਸ ਜਿਨ੍ਹਾਂ ਗਹਿਰਾਈਆਂ ਨੂੰ ਛੂਹ ਚੁੱਕੀ ਹੈ, ਬਾਹਰ ਦੀ ਸਾਇੰਸ ਨੂੰ ਅਜੇ ਉਸ ਥਾਂ ਤੇ ਪਹੁੰਚਣ ਲਈ ਸਮਾਂ ਲੱਗਣਾ ਹੈ। ਇਹ ਸੰਭਵ ਹੈ ਕਿ ਇੱਕ ਬਿੰਦੂ ਤੇ ਪਹੁੰਚਕੇ ਅੰਦਰ ਅਤੇ ਬਾਹਰ ਦੇ ਇਹ ਦੋਵੇਂ ਰਸਤੇ ਇੱਕ ਦੂਜੇ ਵਿੱਚ ਮਿਲ ਜਾਣ।

ਇਸ ਤਰਾਂ ਦੀ ਸਮਝ ਦੇ ਅਧਾਰ ਤੇ ਹੀ ਇਹ ਕਿਹਾ ਜਾਂਦਾ ਹੈ ਕਿ ਇਨਸਾਨੀ ਮਨ ਦੇ ਵਿਕਾਸ ਦੀਆਂ ਅਨੰਤ ਸੰਭਾਵਨਾਵਾਂ ਹਨ। ਜਿਵੇਂ ਹਰ ਸਰੀਰ ਦੇ ਅੰਦਰ ਇੱਕ ਉਲੰਪੀਅਨ ਲੁਪਤ ਰੂਪ ਵਿੱਚ ਮੌਜੂਦ ਹੁੰਦਾ ਹੈ ਤੇ ਮਿਹਨਤ ਤੇ ਲਗਨ ਨਾਲ ਕੋਈ ਇਸ ਨੂੰ ਪ੍ਰਗਟ ਕਰ ਸਕਦਾ ਹੈ, ਉਵੇਂ ਹੀ ਹਰ ਮਨ ਦੇ ਅੰਦਰ ਇੱਕ ਆਈਨਸਟੀਨ ਮੌਜੂਦ ਹੁੰਦਾ ਹੈ। ਮਨ ਦੀ ਸਾਇੰਸ ਤੇ ਟੈਕਨਾਲੋਜੀ ਉਸ ਆਈਨਸਟੀਨ ਨੂੰ ਜਗਾ ਸਕਦੀ ਹੈ। ਇਸ ਟੈਕਨਾਲੋਜੀ ਵਿੱਚ ਅਸਲ

ਵਿੱਚ ਇਸ ਤੋਂ ਵੀ ਕਿਤੇ ਅਗਾਂਹ ਜਾਣ ਦੀ ਸੰਭਾਵਨਾ ਹੈ। ਰਿਸ਼ੀਤਵ ਦਾ ਦਰਜਾ ਇਸ ਤੋਂ ਕਿਤੇ ਅੱਗੇ ਹੈ। ਸਧਾਰਨ ਇਨਸਾਨੀ ਕਲਪਨਾ ਤੋਂ ਕਿਤੇ ਅੱਗੇ ਤੱਕ ਖਿੜਿਆ ਹੋਇਆ ਇਨਸਾਨੀ ਮਨ ਹੀ ਰਿਸ਼ੀ ਦਾ ਦਰਜਾ ਅਖਤਿਆਰ ਕਰਦਾ ਹੈ। ਇਸ ਨੂੰ ਫਕੀਰੀ ਵੀ ਕਹਿ ਸਕਦੇ ਹੋ ਤੇ ਸੰਤ ਪਦ ਵੀ। ਇਹ ਸਿਰਫ ਸ਼ਬਦਾਂ ਦਾ ਹੀ ਫਰਕ ਹੈ। ਮਨ ਨੂੰ ਉਸ ਬੁਲੰਦੀ ਤੱਕ ਲਿਜਾਣ ਦੀ ਇੱਕ ਤਕਨਾਲੋਜੀ ਹੈ। ਮੈਡੀਟੇਸ਼ਨ ਦੀਆਂ ਵੱਖ ਵੱਖ ਵਿਧੀਆਂ ਮਨ ਦੀ ਇਸ ਸਾਇੰਸ ਦਾ ਪ੍ਰਵੇਸ਼ ਦੁਆਰ ਹਨ।

ਮਨ ਦੀ ਸਾਇੰਸ ਬਾਰੇ ਉਪਰੋਕਤ ਭੂਮਿਕਾ ਇਸ ਕਰਕੇ ਦਿੱਤੀ ਗਈ ਹੈ, ਕਿਉਂਕਿ ਇਸ ਦੇ ਬਗੈਰ ਅਸੀਂ ਔਬਜੈਕਟਿਵ ਆਰਟ ਬਾਰੇ ਗੁਰਜੀਏਫ ਦੀਆਂ ਧਾਰਨਾਵਾਂ ਵਿੱਚ ਦਾਖਲ ਨਹੀਂ ਹੋ ਸਕਦੇ। ਕਲਾ ਬਾਰੇ ਗੁਰਜੀਏਫ ਨੇ ਕੋਈ ਬਹੁਤ ਵਿਸਥਾਰਤ ਅਤੇ ਤਰਤੀਬਬੱਧ ਟਿਪਣੀਆਂ ਨਹੀਂ ਕੀਤੀਆਂ। ਉਸਦੀਆਂ ਇਨਾਂ ਇੱਕਾ ਦੁੱਕਾ ਟਿਪਣੀਆਂ ਦੇ ਅਧਾਰ ਤੇ ਹੀ ਉਸ ਦੇ ਕੁੱਝ ਸ਼ਿਸ਼ਾਂ ਨੇ ਔਬਜੈਕਟਿਵ ਕਲਾ ਦੀ ਧਾਰਨਾ ਵਿਕਸਤ ਕੀਤੀ। ਬਾਅਦ ਵਿੱਚ ਜਾਕੇ ਓਸ਼ੋ ਨੇ ਵੀ ਗੁਰਜੀਏਫ ਦੀ ਇਸੇ ਧਾਰਨਾ ਦੇ ਅਧਾਰ ਤੇ ਔਬਜੈਕਟਿਵ ਕਲਾ ਬਾਰੇ ਵਿਸਥਾਰ ਵਿੱਚ ਗੱਲਬਾਤ ਕੀਤੀ। ਗੁਰਜੀਏਫ ਦੇ ਹੀ ਸ਼ਿਸ਼ ਪੀਡੀ ਔਸਪੈਂਸਕੀ ਨੇ ਔਬਜੈਕਟਿਵ ਕਲਾ ਬਾਰੇ ਗੁਰਜੀਏਫ ਦੇ ਵਿਚਾਰਾਂ ਨੂੰ ਵਿਸਥਾਰ ਦਿੱਤਾ।

ਔਬਜੈਕਟਿਵ ਕਲਾ (ਕਿਸੇ ਭੁਲੇਖੇ ਤੋਂ ਬਚਣ ਲਈ ਅਸੀਂ ਔਬਜੈਕਟਿਵ ਸ਼ਬਦ ਦਾ ਬਾਹਰਮੁਖੀ ਆਦਿ ਕਿਸੇ ਸ਼ਬਦ ਵਿੱਚ ਅਨੁਵਾਦ ਨਹੀਂ ਕਰਾਂਗੇ ) ਬਾਰੇ ਜੇ ਗੁਰਜੀਏਫ ਦੇ ਵਿਚਾਰਾਂ ਨੂੰ ਸਰਲ ਸ਼ਬਦਾਂ ਵਿੱਚ ਪੇਸ਼ ਕਰੀਏ ਤਾਂ ਕਹਿ ਸਕਦੇ ਹਾਂ ਕਿ ਗੁਰਜੀਏਫ ਲਈ ਅਸਲ ਔਬਜੈਕਟਿਵ ਕਲਾ ਉਹ ਕਲਾ ਹੈ, ਜਿਸ ਨੂੰ ਉਹ ਸੇਕਰਡ ਆਰਟ ਜਾਂ ਪਵਿੱਤਰ ਕਲਾ ਕਹਿੰਦਾ ਹੈ। ਇਸ ਕਲਾ ਦਾ ਇੱਕੋ ਇੱਕ ਮਕਸਦ ਇਨਸਾਨ ਦਾ ਆਤਮਿਕ ਜਾਂ ਰੂਹਾਨੀ ਵਿਕਾਸ ਕਰਨਾ ਸੀ। (ਵੈਸੇ ਅਸੀਂ ਅੱਜ ਵੀ ਸਾਰੀ ਹੀ ਕਲਾ ਨੂੰ ਇਨਸਾਨ ਦੇ ਆਤਮਿਕ ਵਿਕਾਸ ਦਾ ਮਾਧਿਅਮ ਕਹਿੰਦੇ ਹਾਂ ਪਰ 'ਆਤਮਿਕ ਵਿਕਾਸ' ਦੀ ਜਿਸ ਅਰਥ ਵਿੱਚ ਵਰਤੋਂ ਗੁਰਜੀਏਫ ਨੇ ਕੀਤੀ, ਉਹ ਸਾਡੇ ਦੁਆਰਾ ਆਮ ਵਰਤੇ ਜਾਂਦੇ ਸ਼ਬਦ ਤੋਂ ਬਿਲਕੁਲ ਵੱਖਰੀ ਹੈ। ਇਸ ਤੇ ਚਰਚਾ ਅੱਗੇ ਚਲਕੇ ਕਰਾਂਗੇ।) ਗੁਰਜੀਏਫ ਦਾ ਕਹਿਣਾ ਸੀ ਕਿ ਆਧੁਨਿਕ ਯੁਗ ਦੇ ਜ਼ਿਆਦਾਤਰ ਲੇਖਕ, ਕਲਾਕਾਰ ਆਪਣੇ ਮਨ ਦੀ ਭੜਾਸ ਕੱਢਣ ਲਈ, ਜਾਂ ਭਾਵਨਾਵਾਂ ਦੇ ਵਹਾਅ ਵਿੱਚ ਕਲਾ ਰਚਦੇ ਹਨ। ਪਰ ਔਬਜੈਕਟਿਵ ਆਰਟ ਦੇ ਰਚੈਤਾ ਬੁਨਿਆਦੀ ਤੌਰ ਤੇ ਗਹਿਰੇ ਬ੍ਰਹਿਮੰਡੀ ਨਿਯਮਾਂ ਦੇ ਜਾਣਕਾਰ ਸਨ ਅਤੇ ਉਨਾਂ ਦੀ ਕਲਾ ਇੱਕ ਕਿਸਮ ਦੀ ਮੈਥੇਮੈਟੀਕਲ ਜਿਹੀ ਰਚਨਾ ਹੁੰਦੀ ਸੀ, ਜਿਸ ਵਿੱਚ ਗਣਿਤ ਵਾਂਗ ਸਭ ਕੁੱਝ ਨਿਸ਼ਚਿਤ ਹੁੰਦਾ ਹੈ। ਪੀਡੀ ਔਸਪੈਂਕਸੀ ਨਾਲ ਆਪਣੀ ਗੱਲਬਾਤ ਦੌਰਾਨ ਉਸਨੇ ਔਬਜੈਕਟਿਵ ਕਲਾ ਦੀ ਆਪਣੀ ਪ੍ਰਭਿਾਸ਼ਾ ਦੇਣ ਦੀ ਕੋਸ਼ਿਸ਼ ਕੀਤੀ:

" ਮੈਂ ਜਿਸ ਨੂੰ ਔਬਜੈਕਟਿਵ ਕਲਾ ਕਹਿੰਦਾ ਹਾਂ, ਉਸ ਨੂੰ ਪ੍ਰਭਿਾਸ਼ਤ ਕਰਨਾ ਕਈ ਗੱਲਾਂ ਕਰਕੇ ਮੁਸ਼ਕਲ ਹੈ। ਪਹਿਲਾ ਕਾਰਨ ਤਾਂ ਇਹ ਹੈ ਕਿ ਤੁਸੀਂ ਭਰਮਵਸ ਔਬਜੈਕਟਿਵ ਕਲਾ ਦੇ ਸਾਰੇ ਲੱਛਣ ਸਬਜੈਕਟਿਵ ਕਲਾ ਨਾਲ ਜੋੜੀ ਜਾਂਦੇ ਹੋ। ਦੂਜਾ ਜਦੋਂ ਤੁਹਾਡੇ ਸਾਹਮਣੇ ਔਬਜੈਕਟਿਵ ਕਲਾ ਦਾ ਕੋਈ ਨਮੂਨਾ ਆ ਜਾਵੇ ਤਾਂ ਉਸ ਨੂੰ ਵੀ ਤੁਸੀਂ ਉਸੇ ਪੱਧਰ ਤੇ ਲੈਂਦੇ ਹੋ, ਜਿਸ ਪੱਧਰ ਤੇ ਸਬਜੈਕਟਿਵ ਕਲਾ ਨੂੰ ਲੈਂਦੇ ਹੋ। ਸਬਜੈਕਟਿਵ ਕਲਾ ਵਿੱਚ ਸਭ ਕੁੱਝ ਅਚਾਨਕ ਵਾਪਰਿਆ ਹੁੰਦਾ ਹੈ। ਇਸ ਤਰਾਂ ਦੀ ਕਲਾ ਵਿੱਚ ਕਲਾਕਾਰ ਕਲਾ ਨਹੀਂ ਰਚਦਾ, ਬਲਕਿ ਉਸ ਤੋਂ ਇਹ ਰਚੀ ਜਾਂਦੀ ਹੈ। ਜਿਸ ਦਾ ਮਤਲਬ ਹੈ ਕਿ ਕੁੱਝ ਖਾਸ ਤਰਾਂ ਦੇ ਵਿਚਾਰ, ਸੋਚਾਂ ਅਤੇ ਮਨ ਦੇ ਵੇਗ ਉਸ ਨੂੰ ਆਪਣੀ ਗ੍ਰਿਫਤ ਵਿੱਚ ਲੈ ਲੈਂਦੇ ਹਨ। ਜਿਨਾਂ ਨੂੰ ਨਾ ਉਹ ਖੁਦ ਸਮਝ ਰਿਹਾ ਹੁੰਦਾ ਹੈ ਅਤੇ ਨਾ ਹੀ ਉਨਾਂ ਤੇ ਉਸਦਾ ਕੰਟਰੋਲ ਹੁੰਦਾ ਹੈ, ਉਸ ਕਲਾਕਾਰ ਤੇ ਰਾਜ ਕਰਦੇ ਹਨ ਅਤੇ ਇੱਕ ਜਾਂ ਦੂਜੇ ਤਰੀਕੇ ਨਾਲ ਆਪਣੇ ਆਪ ਨੂੰ ਸਾਹਮਣੇ ਲੈ ਆਉਂਦੇ ਹਨ। ਇਸੇ ਤਰਾਂ ਜਦੋਂ ਉਹ ਅਚਨਚੇਤੀ ਇੱਕ ਜਾਂ ਦੂਜਾ ਰੂਪ ਅਖਤਿਆਰ ਕਰ ਲੈਂਦੇ ਹਨ ਤਾਂ ਫੇਰ ਇਸੇ ਅਚਨਚੇਤੇ ਤਰੀਕੇ ਨਾਲ

ਕਿਸੇ ਵਿਅਕਤੀ ਤੇ ਉਸ ਦੇ ਮੂਡ, ਸੁਆਦ, ਆਦਤਾਂ ਜਾਂ ਮਨ ਦੀ ਅਵਸਥਾ ਮੁਤਾਬਕ ਇੱਕ ਜਾਂ ਦੂਜਾ ਪ੍ਰਭਾਵ ਪੈਦਾ ਕਰਦੇ ਹਨ। ਇਸ ਕਲਾ ਵਿੱਚ ਕੁੱਝ ਵੀ ਨਿਸ਼ਚਿਤ ਨਹੀਂ ਹੁੰਦਾ, ਪਰ ਔਬਜੈਕਟਿਵ ਕਲਾ ਵਿੱਚ ਕੁੱਝ ਵੀ ਅਨਿਸ਼ਚਿਤ ਨਹੀਂ ਹੁੰਦਾ।"( ਇਨ ਦਾ ਸਰਚ ਔਫ ਮਿਰੈਕੁਲਸ ਵਿਚੋਂ)

ਔਬਜੈਕਟਿਵ ਕਲਾ ਦੀ ਰਚਨਾ ਪ੍ਰਕਿਰਿਆ ਵੀ ਮੈਥੈਮੈਟਿਕਲ ਪੁਖਤਗੀ ਵਾਲੇ ਨਿਯਮਾਂ ਤੇ ਅਧਾਰਤ ਹੁੰਦੀ ਹੈ ਅਤੇ ਇਹ ਪੜਨ, ਸੁਣਨ, ਦੇਖਣ ਵਾਲੇ ਤੇ ਨਿਸ਼ਚਿਤ ਪ੍ਰਭਾਵ ਪੈਦਾ ਕਰਦਾ ਹੈ। ਜਿਵੇਂ ਬੀਨ ਵਜਾਉਣ ਵਾਲੇ ਸਪੇਰੇ ਹੁੰਦੇ ਹਨ। ਇਹ ਔਬਜੈਕਟਿਵ ਕਲਾ ਦਾ ਇੱਕ ਬਹੁਤ ਮੁਢਲਾ ਜਿਹਾ ਰੂਪ ਹੈ। ਬੀਨ ਦਾ ਸੰਗੀਤ ਕੁੱਝ ਅਜਿਹੇ ਨਿਸ਼ਚਿਤ ਨਿਯਮਾਂ ਤੇ ਅਧਾਰਤ ਹੈ ਕਿ ਇਸ ਵੱਲ ਅਚੇਤੇ ਹੀ ਹਰ ਸੱਪ ਖਿੱਚਿਆ ਚਲਿਆ ਆਉਂਦਾ ਹੈ। ਗੁਰਜੀਏਫ ਦਾ ਕਹਿਣਾ ਸੀ ਕਿ ਇਸੇ ਤਰਾਂ ਉਚ ਦਰਜੇ ਦੀ ਔਬਜੈਕਟਿਵ ਕਲਾ ਇਨਸਾਨਾਂ ਤੇ ਨਿਸ਼ਚਿਤ ਤਰਾਂ ਦੇ ਪ੍ਰਭਾਵ ਪੈਦਾ ਕਰਦੀ ਹੈ। ਜਿਵੇਂ ਬੀਨ ਸੱਪ ਤੇ ਅਸਰ ਕਰਦੀ ਹੈ, ਇਸੇ ਤਰਾਂ ਉਚ ਪੱਧਰ ਦਾ ਅਜਿਹਾ ਸੰਗੀਤ ਵੀ ਹੋ ਸਕਦਾ ਹੈ, ਜਿਹੜਾ ਇਸੇ ਤਰੀਕੇ ਨਾਲ ਇਨਸਾਨਾਂ ਤੇ ਅਸਰ ਕਰੇ। ਉਸ ਨੇ ਲਿਖਿਆ ਕਿ ਇਰਾਨ ਤੇ ਤੁਰਕੀ ਵਿੱਚ ਮੈਂ ਆਰਕੀਟੈਕਚਰ ਦੇ ਕੁੱਝ ਅਜਿਹੇ ਨਮੂਨੇ ਦੇਖੇ ਹਨ, ਜਿਹੜੇ ਔਬਜੈਕਟਿਵ ਆਰਟ ਦੇ ਨਿਯਮਾਂ ਤਹਿਤ ਬਣੇ ਸਨ। ਮਿਸਾਲ ਦੇ ਤੌਰ ਤੇ ਉਥੇ ਦੋ ਕਮਰਿਆਂ ਵਾਲੀ ਇੱਕ ਬਿਲਡਿੰਗ ਸੀ, ਪਰ ਜਿਹੜਾ ਵੀ ਇਨਾਂ ਦੋ ਕਮਰਿਆਂ ਵਿੱਚ ਦਾਖਲ ਹੁੰਦਾ, ਉਹ ਰੋ ਪੈਂਦਾ। ਗੁਰਜੀਏਫ ਅਨੁਸਾਰ ਉਨਾਂ ਲਗਾਤਾਰ ਦੋ ਤਿੰਨ ਹਫਤੇ ਤਜ਼ਰਬਾ ਕੀਤਾ। ਇਸ ਦੌਰਾਨ ਜੋ ਵੀ ਵਿਅਕਤੀ ਇਨਾਂ ਅੰਦਰ ਗਿਆ, ਭਾਵੇਂ ਉਹ ਕਿਸੇ ਵੀ ਪਿਛੋਕੜ ਵਾਲਾ ਹੋਵੇ, ਨੌਜਵਾਨ ਹੋਵੇ ਜਾਂ ਬੁੱਢਾ, ਅੰਦਰ ਜਾਣ ਤੋਂ ਬਾਅਦ ਆਪਣੇ ਆਪ ਉਸ ਨੂੰ ਰੋਣਾ ਆ ਜਾਂਦਾ। ਇਹ ਬਿਲਡਿੰਗ ਔਬਜੈਕਟਿਵ ਕਲਾ ਦੇ ਨਿਯਮਾਂ ਤਹਿਤ ਬਣੀ ਸੀ।

ਭਾਰਤ ਵਿੱਚ ਤਾਨਸੈਨ ਦੇ ਸੰਗੀਤ ਬਾਰੇ ਕਈ ਤਰਾਂ ਦੀਆਂ ਕਹਾਣੀਆਂ ਪ੍ਰਚਲਿਤ ਹਨ। ਕਿਹਾ ਜਾਂਦਾ ਹੈ ਕਿ ਉਸ ਦੇ ਸੰਗੀਤ ਨਾਲ ਦੀਵੇ ਜਗ ਪੈਂਦੇ ਸਨ ਜਾਂ ਮੀਂਹ ਪੈਣ ਲੱਗ ਪੈਂਦਾ ਸੀ। ਅਸੀਂ ਆਮ ਕਰਕੇ ਇਹ ਸਮਝਦੇ ਹਾਂ ਕਿ ਤਾਨਸੈਨ ਦੇ ਸੰਗੀਤ ਦੀ ਤਾਕਤ ਦੀ ਵਿਆਖਿਆ ਕਰਨ ਲਈ ਉਸ ਦੇ ਪ੍ਰਸ਼ੰਸਕਾਂ ਨੇ  ਕਾਵਿਕ ਮੁਹਾਵਰੇ ਵਿੱਚ ਗੱਲ ਕੀਤੀ ਹੋਈ ਹੈ। ਪਰ ਗੁਰਜੀਏਫ ਨੇ ਆਪਣੇ ਭ੍ਰਮਣਾਂ ਦੀ ਕਹਾਣੀ ਦਾ ਬਿਆਨ ਕਰਦਿਆਂ ਲਿਖਿਆ ਹੈ ਕਿ ਉਸ ਨੇ ਕੁੱਝ ਥਾਵਾਂ ਤੇ ਅਜਿਹਾ ਸੰਗੀਤ ਆਪਣੇ ਕੰਨਾਂ ਨਾਲ ਸੁਣਿਆ ਅਤੇ ਆਪਣੀਆਂ ਅੱਖਾਂ ਨਾਲ ਉਸਦਾ ਅਸਰ ਦੇਖਿਆ, ਜਿਸ ਦੇ ਅਸਰ ਨਾਲ ਬੰਦ ਡੋਡੀਆਂ ਤੋਂ ਫੁਲ ਖਿਲ ਪੈਂਦੇ ਸਨ। ਤਾਨਸੈਨ ਦਾ ਸੰਗੀਤ ਵੀ ਔਬਜੈਕਟਿਵ ਕਲਾ ਦਾ ਨਮੂਨਾ ਸੀ। ਇਸੇ ਤਰਾਂ ਗਰੀਕ ਕਲਚਰ ਵਿੱਚ ਔਰਫੀਅਸ ਦੀ ਮਿਥ ਤੋਂ ਵੀ ਅਜਿਹੇ ਸੰਕੇਤ ਮਿਲਦੇ ਹਨ। ਤਾਨਸੈਨ ਵਾਂਗ ਉਸ ਬਾਰੇ ਵੀ ਇਹ ਕਿਹਾ ਜਾਂਦਾ ਹੈ ਕਿ ਉਹ ਆਪਣੇ ਸੰਗੀਤ ਨਾਲ ਪੰਛੀਆਂ, ਮੱਛੀਆਂ ਤੇ ਜੰਗਲੀ ਜਾਨਵਰਾਂ ਨੂੰ ਮੋਹਿਤ ਕਰ ਲੈਂਦਾ ਸੀ, ਦਰਖਤ ਝੂਮਣ ਲੱਗੇ ਪੈਂਦੇ ਸਨ। ਇਨਾਂ ਗੱਲਾਂ ਨੂੰ ਸਿਰਫ ਮਿੱਥਾਂ ਕਹਿਕੇ ਰੱਦ ਨਹੀਂ ਕੀਤਾ ਜਾ ਸਕਦਾ।

ਪੀਡੀ ਔਸਪੈਂਸਕੀ ਨੇ ਜਦ ਗੁਰਜੀਏਫ ਨੂੰ ਇਹ ਪੁੱਛਿਆ ਸੀ ਕਿ ਅਜਿਹੀ ਔਬਜੈਕਟਿਵ ਕਲਾ ਦਾ ਕੋਈ ਨਮੂਨਾ ਕੀ ਅੱਜ ਵੀ ਮੌਜੂਦ ਹੈ ਤਾਂ ਗੁਰਜੀਏਫ ਨੇ 'ਗਰੇਟ ਸਫਿੰਕਸ ਆਫ ਗੀਜ਼ਾ' ਦਾ ਜ਼ਿਕਰ ਕੀਤਾ ਸੀ। ਮਿਸਰ ਵਿੱਚ ਕਾਇਰੋ ਸ਼ਹਿਰ ਦੇ ਨੇੜੇ ਖਫਰਾ ਦੇ ਪਿਰਾਮਿਡ ਲਾਗੇ ਸਥਿਤ ਸਫਿੰਕਸ ਔਫ ਗੀਜ਼ਾ ਪੁਰਾਤਨ ਆਰਟ ਦਾ ਅਦਭੁਤ ਨਮੂਨਾ ਹੈ। ਉਸ ਨੇ ਇਸ ਬਾਰੇ ਲਿਖਿਆ ਹੈ:

"ਸਚਾਈ ਇਹ ਹੈ ਕਿ ਇਹ ਸਫਿੰਕਸ ਇਤਿਹਾਸਕ ਮਿਸਰ ਤੋਂ ਪੁਰਾਣੀ ਹੈ, ਮਿਸਰ ਦੇ ਸਭ ਦੇਵਤਿਆਂ ਤੋਂ ਪੁਰਾਣੀ ਹੈ, ਇਸ ਦੇ ਪਿਰਾਮਿਡਾਂ ਤੋਂ ਪੁਰਾਣੀ ਹੈ, ਜਿਹੜੇ ਕਿ ਖੁਦ ਜਿੰਨਾ ਅਸੀਂ ਸਮਝਦੇ ਹਾਂ, ਉਸਤੋਂ ਕਿਤੇ ਜ਼ਿਆਦਾ ਪੁਰਾਣੇ ਹਨ। ਬਿਨਾ ਸ਼ੱਕ ਸਫਿੰਕਸ ਦੁਨੀਆ ਦੀਆਂ ਸਭ ਤੋਂ ਕਮਾਲ ਦੀਆਂ ਕਲਾ ਕਿਰਤਾਂ ਵਿੱਚੋਂ ਇੱਕ ਹੈ। ਮੇਰੇ ਦਿਮਾਗ ਵਿੱਚ ਹੋਰ

ਅਜਿਹਾ ਕੁੱਝ ਨਹੀਂ ਆ ਰਿਹਾ, ਜਿਸ ਨਾਲ ਮੈਂ ਇਸ ਦੀ ਤੁਲਨਾ ਕਰ ਸਕਾਂ। ਅਸੀਂ ਜਿਸ ਆਰਟ ਨੂੰ ਜਾਣਦੇ ਹਾਂ, ਇਹ ਉਸ ਤੋਂ ਬਿਲਕੁਲ ਵੱਖਰੇ ਕਿਸੇ ਆਰਟ ਨਾਲ ਸਬੰਧਤ ਹੈ। ਸਾਡੇ ਵਰਗੇ ਲੋਕ ਸਫਿੰਕਸ ਦੀ ਰਚਨਾ ਨਹੀਂ ਕਰ ਸਕਦੇ। ਨਾ ਹੀ ਸਾਡੇ ਕਲਚਰ ਅਜਿਹੀਆਂ ਚੀਜ਼ਾਂ ਸਿਰਜ ਸਕਦੇ ਹਨ। ਇਹ ਸਫਿੰਕਸ ਸਾਡੇ ਸਭ ਗਿਆਨਾਂ ਤੋਂ ਕਿਤੇ ਵੱਡੇ ਗਿਆਨ ਦਾ ਕੋਈ ਨਮੂਨਾ ਜਾਪਦੀ ਹੈ। ਇੱਕ ਇਹ ਵੀ ਸਿਧਾਂਤ ਜਾਂ ਮਨੌਤ ਹੈ ਕਿ ਸਫਿੰਕਸ ਅਸਲ ਵਿੱਚ ਪੱਥਰ ਵਿੱਚ ਉਕਰੀ ਗਈ ਕੋਈ ਕਿਤਾਬ ਹੈ, ਜਿਸ ਵਿੱਚ ਪੁਰਾਤਨ ਯੁਗ ਦਾ ਸਮੁਚਾ ਗਿਆਨ ਦਰਜ ਹੈ। ਇਸ ਦੇ ਅਕਾਰਾਂ, ਇਸ ਦੇ ਵੱਖ ਵੱਖ ਅੰਗਾਂ ਦੇ ਆਪਸੀ ਸਬੰਧਾਂ ਅਤੇ ਉਨਾਂ ਦੀਆਂ ਦੂਰੀਆਂ ਦੇ ਰੂਪ ਵਿੱਚ ਦਰਜ ਇਸ ਗਿਆਨ ਨੂੰ ਉਹੀ ਜਾਣ ਸਕਦਾ ਹੈ, ਜਿਹੜਾ ਇਸ ਦੀ ਇਸ ਵਿਸ਼ੇਸ਼ ਭਾਸ਼ਾ ਨੂੰ ਜਾਣਦਾ ਹੋਵੇ। ਸਫਿੰਕਸ ਦੀ ਇਸ ਬੁਝਾਰਤ ਨੂੰ ਸਦੀਆਂ ਤੋਂ ਹੀ ਸਿਆਣੇ ਲੋਕ ਸੁਲਝਾਉਣ ਵਿੱਚ ਲੱਗੇ ਹੋਏ ਹਨ।"

ਸੰਗੀਤ ਅਤੇ ਆਰਕੀਟੈਕਚਰ ਤੋਂ ਇਲਾਵਾ ਨ੍ਰਿਤ ਜਾਂ ਬੌਡੀ ਮੂਵਮੈਂਟਸ ਗੁਰਜੀਏਫ ਦੀ ਦਿਲਚਸਪੀ ਦਾ ਵਿਸ਼ੇਸ਼ ਵਿਸ਼ਾ ਰਿਹਾ। 'ਮੀਟਿੰਗਜ਼ ਵਿਦ ਰਿਮਾਰਕੇਬਲ ਮੈੱਨ' ਵਿਚ ਉਸ ਨੇ ਮੱਧ ਏਸ਼ੀਆ ਵਿੱਚ ਕਿਸੇ ਅਜਿਹੇ ਗੁਪਤ ਆਸ਼ਰਮ ਵਿੱਚ ਆਪਣੇ ਦੌਰੇ ਦਾ ਬਿਆਨ ਕੀਤਾ ਹੈ, ਜਿਥੇ ਉਸ ਨੂੰ ਅੱਖਾਂ ਬੰਨਕੇ ਲਿਜਾਇਆ ਗਿਆ ਸੀ। ਉਸ ਦੇ ਦੱਸਿਆ ਕਿ ਇਸ ਆਸ਼ਰਮ ਵਿੱਚ ਸਮੁਚਾ ਗਿਆਨ ਡਾਂਸ ਅਦਾਵਾਂ ਦੇ ਰੂਪ ਵਿੱਚ ਹੀ ਸਾਂਝਾ ਕੀਤਾ ਜਾਂਦਾ ਸੀ। ਜਿਵੇਂ ਸਾਡੀ ਭਾਸ਼ਾ ਸ਼ਬਦਾਂ ਜਾਂ ਧੁਨਾਂ ਤੇ ਅਧਾਰਤ ਹੈ, ਉਵੇਂ ਹੀ ਉਨਾਂ ਦੀ ਭਾਸ਼ਾ ਸਰੀਰ ਦੀਆਂ ਵੱਖ ਵੱਖ ਅਦਾਵਾਂ ਤੇ ਅਧਾਰਤ ਸੀ। ਅਦਾਵਾਂ ਦੀ ਭਾਸ਼ਾ ਦੁਆਰਾ ਉਹ ਸਮੁਚਾ ਬ੍ਰਹਿਮੰਡੀ ਗਿਆਨ ਸਾਂਝਾ ਕਰ ਰਹੇ ਸਨ। ਗੁਰਜੀਏਫ ਨੇ ਲਿਖਿਆ ਕਿ ਉਹ ਇਸ ਡਾਂਸ ਰਾਹੀਂ ਹੀ ਅਜਿਹਾ ਗਹਿਰਾ ਗਿਆਨ ਪ੍ਰਗਟਾ ਰਹੇ ਸਨ ਕਿ ਮੈਥੋਂ ਉਹ ਝੱਲਿਆ ਨਾ ਗਿਆ ਅਤੇ ਮੈਂ ਉਥੋਂ ਭੱਜ ਆਇਆ। ਗੁਰਜੀਏਫ ਨੇ ਜੋ ਆਪਣਾ ਸਿਸਟਮ ਵਿਕਸਤ ਕੀਤਾ, ਉਹ ਬੁਨਿਆਦੀ ਤੌਰ ਤੇ ਸੰਗੀਤ ਅਤੇ ਡਾਂਸ ਮੂਵਮੈਂਟਸ ਤੇ ਹੀ ਅਧਾਰਤ ਸੀ। ਪੁਰਾਤਨ ਅਤੇ ਪਵਿੱਤਰ ਨ੍ਰਿਤ ਦੋ ਪੱਧਰਾਂ ਤੇ ਕੰਮ ਕਰਦੇ ਸਨ। ਇੱਕ ਪਾਸੇ ਉਹ ਬ੍ਰਹਿਮੰਡੀ ਗਿਆਨ ਦੇ ਸੰਚਾਰ ਦਾ ਮਾਧਿਅਮ ਸਨ ਅਤੇ ਦੂਜੇ ਪਾਸੇ ਨ੍ਰਿਤ ਕਰਨ ਵਾਲਿਆਂ ਦੀ ਆਤਮਿਕ ਊਰਜਾ ਦੇ ਵਿਕਾਸ ਤੇ ਚੇਤਨਾ ਦੇ ਪਸਾਰ ਦਾ ਮਾਧਿਅਮ ਸਨ। ਇਹ ਨ੍ਰਿਤ ਉਸ ਤਰਾਂ ਮਨੋਰੰਜਨ ਦਾ ਨ੍ਰਿਤ ਨਹੀਂ ਸੀ, ਜਿਵੇਂ ਅਸੀਂ ਅੱਜ ਸਮਝਦੇ ਹਾਂ। ਉਸ ਕਲਚਰ ਵਿੱਚ ਨ੍ਰਿਤ ਰੂਹਾਨੀ ਗਿਆਨ ਦੀ ਇੱਕ ਭਾਸ਼ਾ ਸੀ।

ਅਗਲਾ ਸੁਆਲ ਉਠਦਾ ਹੈ ਕਿ ਅਜਿਹੀ ਕਲਾ ਦੇਖਣ, ਸੁਣਨ ਵਾਲਿਆਂ ਤੇ ਅਸਰ ਕਿਵੇਂ ਕਰਦੀ ਹੈ? ਸੁਣਨ ਵਾਲਿਆਂ, ਦੇਖਣ ਵਾਲਿਆਂ ਦੇ ਵਜੂਦ ਦੇ ਕਿਹੜੇ ਬਿੰਦੂ ਹਨ, ਜਿਨਾਂ ਤੇ ਇਹ ਚੋਟ ਕਰਦੀ ਹੈ? ਇਸ ਪਾਸੇ ਅੱਗੇ ਵਧਣ ਲਈ ਥੋੜੀ ਜਿਹੀ ਚਰਚਾ ਇਨਸਾਨ ਦੇ ਸਰੀਰ ਜਾਂ ਮਨ ਬਾਰੇ ਵੀ ਕਰਨ ਦੀ ਜ਼ਰੂਰਤ ਹੈ। ਇਸ ਮਾਮਲੇ ਵਿੱਚ ਭਾਰਤ ਦੀ ਯੋਗ ਸਾਇੰਸ ਸਾਡੀ ਮਦਦ ਕਰ ਸਕਦੀ ਹੈ। ਇਨਸਾਨੀ ਸਰੀਰ ਬਾਰੇ ਭਾਰਤ ਦੇ ਯੋਗੀਆਂ ਨੇ ਦੁਨੀਆ ਦਾ ਸਭ ਤੋਂ ਗਹਿਰਾ ਗਿਆਨ ਪੈਦਾ ਕੀਤਾ ਹੈ। ਯੋਗੀਆਂ ਮੁਤਾਬਕ ਇਨਸਾਨ ਦਾ ਸਰੀਰ ਸਿਰਫ ਓਨਾ ਨਹੀਂ ਹੈ, ਜਿੰਨਾ ਕੁ ਅਸੀਂ ਆਪਣੀ ਨੰਗੀ ਅੱਖ ਨਾਲ ਦੇਖਦੇ ਹਾਂ। ਜੋ ਸਥੂਲ ਜਾਂ ਭੌਤਿਕ ਸਰੀਰ ਸਾਨੂੰ ਦਿਸਦਾ ਹੈ, ਇਹ ਉਸ ਤਰਾਂ ਹੈ, ਜਿਵੇਂ ਸਮੁੰਦਰ ਵਿੱਚ ਸਾਨੂੰ ਆਈਸਬਰਗ ਦੇ ਉਪਰਲੇ ਹਿੱਸੇ ਦਿਸਦੇ ਹਨ। ਜੇ ਸਮੁਚੇ ਪਸਾਰੇ ਨੂੰ ਊਰਜਾ ਦੇ ਅਨੰਤ ਸਾਗਰ ਦੇ ਰੂਪ ਵਿੱਚ ਦੇਖੀਏ ਤਾਂ ਸਰੀਰ ਜਾਂ ਭੌਤਿਕ ਵਜੂਦ ਇਸ ਵਿੱਚ ਤੈਰਦੇ ਦਿਸਦੇ ਆਈਸਬਰਗ ਹੀ ਹਨ, ਜਿਹੜੇ ਕਿ ਕਿਸੇ ਵੀ ਜੀਵ ਦੇ ਅਸਲ ਵਜੂਦ ਦਾ ਬਹੁਤ ਥੋੜਾ ਹਿੱਸਾ ਹਨ। ਯੋਗੀਆਂ ਦਾ ਕਹਿਣਾ ਸੀ ਕਿ ਹਰ ਇਨਸਾਨ ਦੀ ਦੇਹ ਦੇ ਆਲੇ ਦੁਆਲੇ ਊਰਜਾ ਦਾ ਇੱਕ ਵੱਡਾ ਘੇਰਾ ਹੈ, ਜਿਸ ਨੂੰ ਔਰਾ ਜਾਂ ਵਿਗਿਆਨ ਦੀ ਭਾਸ਼ਾ ਵਿੱਚ ਜੇ ਗੱਲ ਕਰੀਏ ਤਾਂ ਇਨਸਾਨੀ ਦੇਹ ਦਾ ਇਲੈਕਟ੍ਰੋਮੈਗਨੈਟਿਕ ਫੀਲਡ ਕਹਿ ਸਕਦੇ ਹਾਂ। ਯੋਗ ਸਾਇੰਸ ਵਿੱਚ ਇਸ ਊਰਜਾ ਦੇਹ ਤੇ ਬਹੁਤ ਗਹਿਰੀ ਖੋਜ ਕੀਤੀ ਗਈ ਹੈ ਅਤੇ ਯੋਗੀਆਂ ਨੇ ਇਸ ਵਿੱਚ 72000 ਊਰਜਾ ਨਾੜੀਆਂ ਦੀ ਨਿਸ਼ਾਨਦੇਹੀ

ਕੀਤੀ। ਉਨਾਂ ਨੇ ਇਨਾਂ ਨਾੜੀਆਂ ਦਾ ਪੂਰਾ ਨਕਸ਼ਾ ਵੀ ਤਿਆਰ ਕੀਤਾ ਹੈ ਅਤੇ ਇਨਾਂ ਨਾੜੀਆਂ ਦੇ ਨਾਂ ਅਤੇ ਇਨਾਂ ਦੇ ਕੰਮ ਤੱਕ ਦਾ ਬਿਆਨ ਕੀਤਾ ਹੋਇਆ ਹੈ। ਇਸ ਊਰਜਾ ਦੇਹ ਵਿੱਚ ਤਿੰਨ ਪ੍ਰਮੁਖ ਨਾੜੀਆਂ ਹਨ, ਜਿਨਾਂ ਨੂੰ ਇੜਾ ਪਿੰਗਲਾ ਤੇ ਸੁਖਮਨਾ ਕਿਹਾ ਗਿਆ ਹੈ। ਗੁਰਬਾਣੀ ਵਿੱਚ ਵੀ ਕਈ ਥਾਵਾਂ ਤੇ ਇਸ ਦਾ ਜ਼ਿਕਰ ਆਇਆ ਹੈ:

ਇੜਾ ਪਿੰਗੁਲਾ ਅਉਰ ਸੁਖਮਨਾ ਤੀਨਿ ਬਸਹਿ ਇਕ ਠਾਈ।।

ਇਹ ਤਿੰਨ ਨਾੜੀਆਂ ਰੀੜ ਦੀ ਹੱਡੀ ਤੋਂ ਲੈ ਕੇ ਸਿਰ ਦੀ ਚੋਟੀ ਤੱਕ ਜਾਂਦੀਆਂ ਹਨ। ਇੜਾ ਨੈਗੇਟਿਵ ਚਾਰਜ ਦੀ ਨਾੜੀ ਹੈ ਅਤੇ ਪਿੰਗਲਾ ਪਾਜ਼ਿਟਿਵ ਚਾਰਜ ਦੀ। ਸੁਖਮਨਾ ਨਿਊਟਰਲ ਨਾੜੀ ਹੈ। ਰੀੜ ਦੀ ਹੱਡੀ ਦੇ ਅਧਾਰ ਤੋਂ ਲੈ ਕੇ ਸਿਰ ਦੀ ਚੋਟੀ ਤੱਕ ਇੜਾ ਤੇ ਪਿੰਗਲਾ ਘੁੰਮਦੀਆਂ ਹੋਈਆਂ ਚੱਲਦੀਆਂ ਹਨ ਅਤੇ ਇੱਕ ਦੂਜੀ ਨੂੰ ਸੱਤ ਥਾਵਾਂ ਤੇ ਕੱਟਦੀਆਂ ਹਨ। ਜਿੱਥੇ ਇਹ ਕੱਟਦੀਆਂ ਹਨ, ਉਥੇ ਊਰਜਾ ਦੇ ਘੇਰੇ ਬਣਦੇ ਹਨ, ਜਿਨਾਂ ਨੂੰ ਯੋਗੀਆਂ ਨੇ ਚੱਕਰ ਦਾ ਨਾਂ ਦਿੱਤਾ ਹੈ। ਕਈ ਲੋਕ ਛੇ ਚੱਕਰ ਮੰਨਦੇ ਹਨ ਕਿਉਂਕਿ ਉਹ ਸੱਤਵੇ ਚੱਕਰ ਨੂੰ ਚੱਕਰ ਨਹੀਂ ਕਹਿੰਦੇ। ਇਹ ਸੱਤੇ ਚੱਕਰ ਸਥੂਲ ਸਰੀਰ ਅਤੇ ਸੂਖਮ ਸਰੀਰ ਜਾਂ ਊਰਜਾ ਦੇਹ ਵਿਚਕਾਰ ਇੱਕ ਲਿੰਕ ਹਨ। ਹਰ ਇਨਸਾਨ ਆਪਣੀ ਊਰਜਾ ਦੇਹ ਦੇ ਜ਼ਰੀਏ ਬ੍ਰਹਿਮੰਡ ਨਾਲ ਜੁੜਿਆ ਹੋਇਆ ਹੈ ਅਤੇ ਬ੍ਰਹਿਮੰਡ ਤੋਂ ਤਰਾਂ ਤਰਾਂ ਦੀ ਊਰਜਾ ਲੈ ਰਿਹਾ ਹੈ। ਇਸ ਚਰਚਾ ਦੇ ਵਿਸਥਾਰ ਵਿੱਚ ਜਾਣਾ ਇੱਥੇ ਸੰਭਵ ਨਹੀਂ,ਪਰ ਮੋਟੇ ਜਿਹੇ ਤੌਰ ਤੇ ਚੱਕਰ ਊਰਜਾ ਦੇ ਅਜਿਹੇ ਜੰਕਸ਼ਨ ਹਨ, ਜਿਹੜੇ ਇਨਸਾਨ ਦੇ ਵੱਖ ਵੱਖ ਤਰਾਂ ਤੇ ਸਰੀਰਕ, ਮਾਨਸਿਕ ਜਾਂ ਆਤਮਿਕ ਕਾਰਜਾਂ ਦਾ ਸੰਚਾਲਨ ਕਰਦੇ ਹਨ। ਵੱਖ ਵੱਖ ਚੱਕਰਾਂ ਦੇ ਵੱਖ ਵੱਖ ਕਾਰਜ ਹਨ। ਪਹਿਲਾ ਚੱਕਰ ਜਿਸ ਨੂੰ ਸੰਸਕ੍ਰਿਤ ਵਿੱਚ ਮੂਲਾਧਾਰ ਕਿਹਾ ਜਾਂਦਾ ਹੈ, ਰੀੜ ਦੀ ਹੱਡੀ ਦੀ ਬਿਲਕੁਲ ਜੜ ਵਿੱਚ ਸਥਿਤ ਹੈ। ਦੂਜਾ ਚੱਕਰ, ਸਵਾਧਿਸ਼ਠਾਨ, ਧੁੰਨੀ ਤੋਂ ਜ਼ਰਾ ਕੁ ਹੇਠਾਂ ਸਥਿਤ ਹੈ।। ਧੁੰਨੀ ਦੇ ਐਨ ਉਤੇ ਤੀਜਾ ਚੱਕਰ ਮਣੀਪੂਰ ਹੈ। ਦਿਲ ਦੇ ਉਤੇ ਚੌਥਾ ਚੱਕਰ ਅਨਹਤ ਹੁੰਦਾ ਹੈ। ਪੰਜਵਾਂ ਚੱਕਰ ਵਿਸ਼ੁਧ, ਗਲੇ ਦੇ ਬਰਾਬਰ ਹੁੰਦਾ ਹੈ। ਅੱਖਾਂ ਦੇ ਉਤੇ ਛੇਵਾਂ ਆਗਿਆ ਚੱਕਰ ਹੁੰਦਾ ਹੈ, ਜਿਸਦਾ ਸਬੰਧ ਬੁਧੀ ਨਾਲ ਹੈ, ਜਿਸ ਨੂੰ ਤੀਜਾ ਨੇਤਰ ਵੀ ਕਿਹਾ ਜਾਂਦਾ ਹੈ। ਸੱਤਵੇਂ ਚੱਕਰ ਨੂੰ ਸਹਿਸਰਾਰਾ ਕਿਹਾ ਜਾਂਦਾ ਹੈ ਅਤੇ ਇਸ ਦਾ ਸਬੰਧ ਬ੍ਰਹਿਮੰਡੀ ਚੇਤਨਾ ਨਾਲ ਹੈ। ਵਾਸਤਵ ਵਿੱਚ ਇਨਾਂ ਚੱਕਰਾਂ ਦੀ ਕਾਰਜ ਪ੍ਰਣਾਲੀ ਤੇ ਇਨਾਂ ਦਾ ਕਾਰਜ ਬਹੁਤ ਵਿਆਪਕ ਤੇ ਗੁੰਝਲਦਾਰ ਹੈ। ਜਿਸ ਦੀ ਜ਼ਿਆਦਾ ਵਿਸਥਾਰਤ ਵਿਆਖਿਆ ਦੀ ਇਥੇ ਲੋੜ ਨਹੀਂ। ਯੋਗੀਆਂ ਦਾ ਕਹਿਣਾ ਹੈ ਕਿ ਆਮ ਤੌਰ ਤੇ ਸਾਰੇ ਲੋਕਾਂ ਦੇ ਸਾਰੇ ਚੱਕਰ ਸਹੀ ਰੂਪ ਵਿੱਚ ਨਹੀਂ ਚੱਲਦੇ। ਇਸੇ ਤਰਾਂ ਰੀੜ ਦੀ ਹੱਡੀ ਦੇ ਅਧਾਰ ਤੇ ਇੱਕ ਹੋਰ ਸ਼ਕਤੀ ਸੁੱਤੀ ਰਹਿੰਦੀ ਹੈ, ਜਿਸ ਨੂੰ ਕੁੰਡਲਨੀ ਸ਼ਕਤੀ ਕਿਹਾ ਜਾਂਦਾ ਹੈ। ਯੋਗ ਅਭਿਆਸ ਜਾਂ ਸਾਧਨਾ ਰਾਹੀਂ ਇਹ ਸ਼ਕਤੀ ਸੁਖਮਨਾ ਨਾੜੀ ਰਾਹੀਂ ਉਪਰ ਚੜਨਾ ਸ਼ੁਰੂ ਕਰਦੀ ਹੈ ਅਤੇ ਜਿਉਂ ਜਿਉਂ ਇਹ ਉਪਰ ਚੜਦੀ ਹੈ, ਇਨਸਾਨੀ ਚੇਤਨਾ ਦੀਆਂ ਨਵੀਆਂ ਪਰਤਾਂ ਖੁਲਣੀਆਂ ਸ਼ੁਰੂ ਹੁੰਦੀਆਂ ਹਨ। ਜਦ ਇਹ ਊਰਜਾ ਛੇਵੇਂ ਚੱਕਰ ਨੂੰ ਛੂਹ ਜਾਂਦੀ ਹੈ ਤਾਂ ਇਨਸਾਨ ਦਾ ਤੀਸਰਾ ਨੇਤਰ ਖੁਲ ਜਾਂਦਾ ਹੈ ਅਤੇ ਇਨਸਾਨ ਅੰਦਰ ਸੀਮਤ ਇੰਦਰਿਆਈ ਅਨੁਭਵ ਤੋਂ ਪਰੇ ਦੇਖ ਸਕਣ ਦੀ ਸੋਝੀ ਅਤੇ ਸਮਰੱਥਾ ਪ੍ਰਾਪਤ ਹੋ ਜਾਂਦੀ ਹੈ। ਜਦ ਇਹ ਊਰਜਾ ਸੱਤਵੇਂ ਚੱਕਰ ਨੂੰ ਛੂਹ ਜਾਂਦੀ ਹੈ ਤਾਂ ਇਨਸਾਨ ਬ੍ਰਹਿਮੰਡੀ ਚੇਤਨਾ ਨੂੰ ਪ੍ਰਾਪਤ ਹੁੰਦਾ ਹੈ। ਇਸ ਬ੍ਰਹਿਮੰਡੀ ਚੇਤਨਾ ਨੂੰ ਵੱਖ ਵੱਖ ਸਭਿਆਚਾਰਾਂ ਵਿੱਚ ਵੱਖ ਵੱਖ ਨਾਂ ਦਿੱਤੇ ਗਏ ਹਨ। ਬੁਧ ਧਰਮ ਵਿਚ ਇਸ ਨੂੰ ਨਿਰਵਾਣ ਦੀ ਪ੍ਰਾਪਤੀ ਕਿਹਾ ਗਿਆ ਹੈ। ਕਿਸੇ ਨੇ ਇਸ ਨੂੰ ਗਿਆਨ ਦੀ ਪ੍ਰਾਪਤੀ ਕਿਹਾ ਹੈ। ਕਿਸੇ ਨੇ ਇਸ ਨੂੰ ਰੱਬੀ ਚੇਤਨਾ ਦਾ ਅਨੁਭਵ ਕਿਹਾ ਹੈ। ਨਾਂ ਕੋਈ ਵੀ ਹੋਵੇ ਪਰ ਸਾਰੇ ਰੂਹਾਨੀ ਵਿਕਾਸ ਦੇ ਸਿਸਟਮਾਂ ਦਾ ਟੀਚਾ ਇਸੇ ਚੇਤਨਾ ਨੂੰ ਪ੍ਰਾਪਤ ਕਰਨਾ ਹੈ। ਵਿਗਿਆਨਕ ਭਾਸ਼ਾ ਵਿੱਚ ਇਸ ਅਵਸਥਾ ਦੀ ਪੂਰਨ ਵਿਆਖਿਆ ਤਾਂ ਨਹੀਂ ਹੋ ਸਕਦੀ, ਪਰ ਇੱਕ ਹਵਾਲੇ ਨਾਲ ਉਸ ਅਵਸਥਾ ਬਾਰੇ ਕੋਈ ਇਸ਼ਾਰਾ ਲਿਆ ਜਾ ਸਕਦਾ ਹੈ। ਮਿਸਾਲ ਵਜੋਂ ਆਧੁਨਿਕ ਵਿਗਿਆਨਾਂ ਵਿੱਚ ਜਦੋਂ ਕੋਈ ਕਿਸੇ ਖੇਤਰ ਵਿੱਚ ਪੀਐਚਡੀ ਕਰਨ

ਤੋਂ ਬਾਅਦ ਡਾਕਟਰੇਟ ਦੀ ਉਪਾਧੀ ਨੂੰ ਪ੍ਰਾਪਤ ਕਰਦਾ ਹੈ, ਉਵੇਂ ਹੀ ਅੰਦਰ ਦੀ ਸਾਇੰਸ, ਮਨ ਦੀ ਸਾਇੰਸ ਦੇ ਰਸਤੇ ਤੇ ਚੱਲਦਿਆਂ ਵੀ ਡਾਕਟਰੇਟ ਵਰਗੀ ਕੋਈ ਅਵਸਥਾ ਪ੍ਰਾਪਤ ਹੁੰਦੀ ਹੈ। ਇਸ ਅਵਸਥਾ ਨੂੰ ਨਿਰਵਾਣ ਆਦਿ ਕੋਈ ਵੀ ਨਾਂ ਦਿੱਤਾ ਜਾ ਸਕਦਾ ਹੈ। ਇਸ ਨੂੰ ਪ੍ਰਾਪਤ ਕਰਨ ਦੀਆਂ ਵਿਧੀਆਂ ਅਲੱਗ ਅਲੱਗ ਹਨ। ਯੋਗ ਵਿੱਚ ਇਹ ਯਾਤਰਾ ਸਰੀਰਕ ਪੱਧਰ ਤੋਂ ਸ਼ੁਰੂ ਕੀਤੀ ਜਾਂਦੀ ਹੈ। ਯੋਗ ਵਿੱਚ ਆਤਮਿਕ ਗਿਆਨ ਦੀ ਪ੍ਰਾਪਤੀ ਇੱਕ ਸ਼ੁਧ ਵਿਗਿਆਨਕ ਵਿਧੀ ਹੈ। ਕਿਸੇ ਹੋਰ ਰੂਹਾਨੀ ਸਿਸਟਮ ਵਿੱਚ ਇਸ ਵਿਕਾਸ ਲਈ ਨਿਰੋਲ ਗਿਆਨ ਮਾਰਗ ਹੈ, ਕਿਤੇ ਪ੍ਰੇਮ ਮਾਰਗ ਅਤੇ ਕਿਤੇ ਭਗਤੀ ਮਾਰਗ, ਪਰ ਸਭ ਦਾ ਟੀਚਾ ਇਹੀ ਹੈ। ਯੋਗਾਨੰਦ ਪਰਮਾਹੰਸ ਨੇ ਯੋਗ ਦਾ ਮਕਸਦ ਦੱਸਦੇ ਹੋਏ ਕਿਹਾ ਸੀ ਕਿ ਯੋਗ ਇਨਸਾਨੀ ਚੇਤਨਾ ਦੇ ਵਿਕਾਸ ਦੀ ਗਤੀ ਨੂੰ ਤੇਜ਼ ਕਰਨ ਦੀ ਇੱਕ ਵਿਧੀ ਹੈ। ਉਨਾਂ ਕਿਹਾ ਸੀ ਕਿ ਕੁਦਰਤੀ ਤੌਰ ਤੇ ਇਨਸਾਨੀ ਚੇਤਨਾ ਜਿੰਨਾ ਵਿਕਾਸ ਸਦੀਆਂ ਵਿੱਚ ਕਰਦੀ ਹੈ, ਯੋਗ ਦੇ ਜ਼ਰੀਏ ਉਹ ਵਿਕਾਸ ਕੁੱਝ ਸਾਲਾਂ ਵਿੱਚ ਪ੍ਰਾਪਤ ਕੀਤਾ ਜਾ ਸਕਦਾ ਹੈ। ਯੋਗੀਆਂ ਦਾ ਕਹਿਣਾ ਹੈ ਕਿ ਚੇਤਨਾ ਦੀ ਉਸ ਅਵਸਥਾ ਦਾ ਅਸੀਂ ਲੋਕ ਅੰਦਾਜ਼ਾ ਨਹੀਂ ਲਾ ਸਕਦੇ। ਜਿਵੇਂ ਜੰਗਲਾਂ ਵਿੱਚ ਰਹਿਣ ਵਾਲਾ ਕੋਈ ਆਦਿ ਵਾਸੀ ਇਸ ਗੱਲ ਦੀ ਕਲਪਨਾ ਨਹੀਂ ਕਰ ਸਕਦਾ ਕਿ ਆਈਨਸਟੀਨ ਦੀ ਚੇਤਨਾ ਦਾ ਪੱਧਰ ਕੀ ਹੋਵੇਗਾ, ਉਵੇਂ ਹੀ ਅਸੀਂ ਅੱਜ ਦੇ ਯੁਗ ਦੀ ਸਧਾਰਨ ਚੇਤਨਾ ਵਿੱਚ ਵਿਚਰਨ ਵਾਲੇ ਇਨਸਾਨ ਇਸ ਗੱਲ ਦਾ ਅੰਦਾਜ਼ਾ ਨਹੀਂ ਲਾ ਸਕਦੇ ਕਿ ਕਿਸੇ ਪਹੁੰਚੇ ਹੋਏ ਯੋਗੀ ਦੀ ਚੇਤਨਾ ਦਾ ਪੱਧਰ ਕੀ ਹੋਵੇਗਾ ਜਾਂ ਕੋਈ ਰੂਹਾਨੀ ਤੌਰ ਤੇ ਵਿਕਸਤ ਵਿਅਕਤੀ ਚੇਤਨਾ ਦੀ ਕਿਸ ਅਵਸਥਾ ਵਿੱਚ ਹੁੰਦਾ ਹੈ। ਬ੍ਰਹਿਮੰਡੀ ਚੇਤਨਾ ਦੇ ਪੱਧਰ ਨੂੰ ਵਿਰਲੇ ਹੀ ਪਹੁੰਚਦੇ ਹਨ। ਚੇਤਨਾ ਦੇ ਇਸ ਉਚ ਪੱਧਰ ਨੂੰ ਪ੍ਰਾਪਤ ਕਰਨਾ ਹੀ ਅਸਲ ਰੂਹਾਨੀ ਵਿਕਾਸ ਹੈ। ਅੱਜਕਲ ਦੇ ਕਲਚਰ ਵਿੱਚ ਸੂਚਨਾ ਦੇ ਰੂਪ ਵਿੱਚ ਬਹੁਤ ਗਿਆਨ ਪ੍ਰਾਪਤ ਕਰਨ ਨੂੰ ਚੇਤਨਾ ਦਾ ਵਿਕਾਸ ਸਮਝ ਲਿਆ ਜਾਂਦਾ ਹੈ। ਜਿਸ ਨੂੰ ਆਸਾ ਦੀ ਵਾਰ ਵਿੱਚ ਗੁਰੂ ਨਾਨਕ ਦੇਵ ਜੀ 'ਪੜਿ ਪੜਿ ਗਡੀ ਲਦੀਅਹਿ' ਕਹਿੰਦੇ ਹਨ। ਸਾਰੇ ਪੁਰਾਤਨ ਰੂਹਾਨੀ ਸਿਸਟਮ ਜਿਥੇ ਸਮਾਜਕ ਜਾਂ ਨੈਤਿਕ ਤੌਰ ਤੇ ਇਨਸਾਨ ਨੂੰ ਨੇਕ ਬਣਾਉਣ ਦੇ ਉਪਰਾਲੇ ਸਨ, ਉਥੇ ਉਨਾਂ ਦਾ ਮੂਲ ਸਰੋਕਾਰ ਇਨਸਾਨੀ ਚੇਤਨਾ ਦਾ ਅਜਿਹਾ ਵਿਕਾਸ ਹੀ ਰਿਹਾ ਹੈ। ਸਾਰੀਆਂ ਰੂਹਾਨੀ ਵਿਧੀਆਂ ਇਨਸਾਨੀ ਚੇਤਨਾ ਦੇ ਵਿਕਾਸ ਦੀਆਂ ਅਜਿਹੀਆਂ ਵਿਧੀਆਂ ਹੀ ਹਨ। ਭਗਤ ਕਵੀਆਂ ਨੇ ਇਸ ਦੀ ਤੁਲਨਾ ਗੂੰਗੇ ਦੁਆਰਾ ਗੁੜ ਖਾਣ ਨਾਲ ਕੀਤੀ ਹੈ, ਜਿਹੜਾ ਇਸ ਦਾ ਸੁਆਦ ਦੱਸ ਨਹੀਂ ਸਕਦਾ। ਅਸ਼ਟਵਕਰ ਗੀਤਾ ਵਿੱਚ ਅਜਿਹੀ ਅਵਸਥਾ ਨੂੰ ਪ੍ਰਾਪਤ ਇਨਸਾਨ ਦੇ ਸੁਭਾਅ ਦਾ ਬਹੁਤ ਵਿਸਥਾਰ ਵਿੱਚ ਬਿਆਨ ਕੀਤਾ ਗਿਆ ਹੈ। ਰਿਸ਼ੀ ਅਸ਼ਟਾਵਕਰ ਕਹਿੰਦੇ ਹਨ ਕਿ ਸਮੁਚੀ ਦੁਨਿਆਵੀ ਹੋਂਦ ਦੋ ਵਿਰੋਧੀ ਜੋੜਿਆਂ ਤੇ ਉਸਰੀ ਹੈ। ਪਾਜ਼ਿਟਿਵ-ਨੈਗੇਟਿਵ, ਚੰਗਾ-ਮਾੜਾ, ਗਲਤ-ਠੀਕ, ਸਵਰਗ-ਨਰਕ, ਬੰਧਨ-ਮੁਕਤੀ, ਜੜ-ਚੇਤਨ, ਨਰ-ਮਾਦਾ, ਦਿਨ-ਰਾਤ ਆਦਿ ਸਾਰਾ ਜੀਵਨ ਇਸ ਤਰਾਂ ਦੇ ਦੋ ਵਿਰੋਧੀ ਜੋੜਿਆਂ ਦੇ ਰੂਪ ਵਿੱਚ ਹੀ ਰਚਿਆ ਹੋਇਆ ਜਾਪਦਾ ਹੈ। ਸਾਰਾ ਸੰਸਾਰ ਇਨਾਂ ਜੋੜਿਆਂ ਦੀ ਹੀ ਖੇਡ ਜਾਂ ਲੀਲਾ ਹੈ। ਅਸ਼ਟਾਵਕਰ ਕਹਿੰਦੇ ਹਨ ਕਿ ਜੋ ਗਿਆਨੀ ਹੈ, ਜੋ ਚੇਤਨਾ ਦੀ ਉਚ ਅਵਸਥਾ ਨੂੰ ਪਹੁੰਚ ਗਿਆ ਹੈ, ਉਹ ਇਸ ਦਵੈਤ ਤੋਂ ਪਾਰ ਹੋ ਜਾਂਦਾ ਹੈ। ਉਹ ਸਮੁਚੇ ਸੰਸਾਰ ਨੂੰ ਇਨਾਂ ਦੋ ਵਿਰੋਧੀ ਜੋੜਿਆਂ ਦੇ ਰੂਪ ਵਿੱਚੋਂ ਦੇਖਣੋਂ ਹਟ ਜਾਂਦਾ ਹੈ। ਉਸ ਦੀ ਅਵਸਥਾ ਦਾ ਬਿਆਨ ਨਹੀਂ ਕੀਤਾ ਜਾ ਸਕਦਾ। ਕੁੱਝ ਪ੍ਰੇਮ ਮਾਰਗੀ ਲੋਕ ਇਹ ਕਹਿੰਦੇ ਹਨ ਕਿ ਮੁਹੱਬਤ ਚੋਂ ਉਸ ਉੱਚ ਅਵਸਥਾ ਦੀ ਇੱਕ ਬਹੁਤ ਹੀ ਹਲਕੀ ਤੇ ਮੁਢਲੀ ਝਲਕ ਮਿਲ ਜਾਂਦੀ ਹੈ। ਅੱਜਕਲ ਦੀ ਦੁਨੀਆ ਵਿੱਚ ਸਰੀਰਕ ਭੋਗ ਐਨਾ ਅਸਾਨ ਹੋ ਗਿਆ ਹੈ ਕਿ ਮੁਹੱਬਤ ਦੀ ਖਿੱਚ ਤੇ ਤੜਫ ਨੂੰ ਜਿਉਣ ਦਾ ਸਬਬ ਹੀ ਨਹੀਂ ਬਣਦਾ। ਪਰ ਜੇ ਕੋਈ ਇਨਸਾਨ ਸੱਚਮੁਚ ਵਿੱਚ ਗਹਿਰੀ ਤੇ ਇੱਕਟੱਕ ਮੁਹੱਬਤ ਵਿੱਚ ਹੋਵੇ ਅਤੇ ਦੂਰੀ, ਤੜਫ, ਵਿਯੋਗ ਤੇ ਮਿਲਣ ਦੇ ਵੱਖ ਵੱਖ ਪੜਾਵਾਂ ਦੀ ਗਹਿਰੀ ਸੰਵੇਦਨਾ ਵਿੱਚੋਂ ਲੰਘ ਰਿਹਾ ਹੋਵੇ ਤਾਂ ਉਸ ਦੇ ਮਨ ਦੀ ਅਵਸਥਾ ਦੂਸਰੇ ਸਧਾਰਨ ਇਨਸਾਨਾਂ ਨਾਲੋਂ ਵੱਖਰੀ ਹੁੰਦੀ ਹੈ।

ਇਸ ਮਾਮਲੇ ਵਿੱਚ ਜਿੰਨੀ ਕੁ ਕਿਸੇ ਅੰਦਰ ਗਹਿਰਾਈ ਹੋਵੇਗੀ, ਓਨੀ ਹੀ ਉਸਦੀ ਸੰਵੇਦਨਾ ਤਿੱਖੀ ਹੁੰਦੀ ਜਾਂਦੀ ਹੈ। ਉਹ ਅਣਕਹੇ ਨੂੰ ਸਮਝਣ ਲੱਗਦੇ ਹਨ। ਟੈਲੀਪੈਥੀ ਹੋਣ ਲੱਗਦੀ ਹੈ। ਜੋ ਅਜੇ ਹੋਣਾ ਹੈ, ਉਸ ਦਾ ਸੂਖਮ ਰੂਪ ਵਿੱਚ ਅਹਿਸਾਸ ਹੋਣ ਲੱਗਦਾ ਹੈ। ਗਾਲਿਬ ਦਾ ਇੱਕ ਸ਼ੇਅਰ ਹੈ:

ਕਾਸਦ ਕੇ ਆਤੇ ਆਤੇ ਖਤ ਇੱਕ ਔਰ ਲਿਖ ਰਖੂੰ
ਮੈ ਜਾਨਤਾ ਹੂੰ ਕਿਆ ਵੋ ਲਿਖੇਂਗੇ ਜਵਾਬ ਮੇਂ।

ਇਹ ਦੁਨਿਆਵੀ ਪ੍ਰੇਮ ਦੀ ਅਵਸਥਾ ਹੈ। ਬ੍ਰਹਿਮੰਡੀ ਚੇਤਨਾ ਦੀ ਅਵਸਥਾ ਇਸ ਤੋਂ ਕਈ ਸੌ ਗੁਣਾ ਸੂਖਮ ਤੇ ਸੰਵੇਦਨਸ਼ੀਲ ਹੁੰਦੀ ਹੈ। ਉਸ ਦਾ ਅਸੀਂ ਸਿਰਫ ਅੰਦਾਜ਼ਾ ਲਾ ਸਕਦੇ ਹਾਂ। ਜਿਵੇਂ ਜਿਸ ਇਨਸਾਨ ਨੂੰ ਕਦੇ ਮੁਹੱਬਤ ਨਾ ਹੋਈ ਹੋਵੇ, ਉਹ ਕਦੇ ਵੀ ਮੁਹੱਬਤ ਦੀ ਮਾਨਸਿਕ ਅਵਸਥਾ ਨੂੰ ਸਮਝ ਨਹੀਂ ਸਕਦਾ। ਉਸੇ ਤਰਾਂ ਅਸੀਂ ਸਧਾਰਨ ਚੇਤਨਾ ਵਿੱਚ ਵਿਚਰਨ ਵਾਲੇ ਲੋਕ ਬ੍ਰਹਿਮੰਡੀ ਚੇਤਨਾ ਦਾ ਅੰਦਾਜ਼ਾ ਨਹੀਂ ਲਾ ਸਕਦੇ।

ਪੁਰਾਤਨ ਕਲਾ, ਜਿਸ ਨੂੰ ਗੁਰਜੀਏਫ ਔਬਜੈਕਟਿਵ ਕਲਾ ਕਹਿੰਦਾ ਹੈ, ਬੁਨਿਆਦੀ ਤੌਰ ਤੇ ਚੇਤਨਾ ਦੇ ਇਸ ਤਰਾਂ ਦੇ ਉਚ ਵਿਕਾਸ ਦੀਆਂ ਵਿਗਿਆਨਕ ਤਕਨੀਕਾਂ ਸਨ। ਇਥੇ ਕਲਾ ਅਤੇ ਟੈਕਨਾਲੋਜੀ ਦਾ ਫਰਕ ਮਿਟ ਜਾਂਦਾ ਹੈ। ਪੁਰਾਤਨ ਕਲਾ ਜਾਂ ਔਬਜੈਕਟਿਵ ਆਰਟ ਇਨਸਾਨੀ ਵਜੂਦ ਦੇ ਵਿਕਾਸ ਦੀ ਟੈਕਨਾਲੋਜੀ ਸੀ। ਬੁਨਿਆਦੀ ਤੌਰ ਤੇ ਇਹ ਇਨਸਾਨ ਦੇ ਆਤਮਿਕ ਵਿਕਾਸ ਦੀ ਸਾਇੰਸ ਸੀ।

ਹੁਣ ਅੱਗੇ ਸੁਆਲ ਉਠਦਾ ਹੈ ਕਿ ਔਬਜੈਕਟਿਵ ਕਲਾ ਇਨਸਾਨੀ ਵਜੂਦ ਤੇ ਕਿਵੇਂ ਕੰਮ ਕਰਦੀ ਹੈ ਅਤੇ ਉਸ ਨੂੰ ਕਿਵੇਂ ਪ੍ਰਭਾਵਤ ਕਰਦੀ ਹੈ। ਅਸੀਂ ਹਲਕੀ ਜਿਹੀ ਝਾਤ ਇਨਸਾਨ ਦੀ ਊਰਜਾ ਦੇਹ ਅਤੇ ਸਰੀਰ ਦੇ ਇਲੈਕਟ੍ਰੋਮੈਗਨੈਟਿਕ ਫੀਲਡ ਤੇ ਮਾਰੀ ਹੈ। ਸੰਭਵ ਹੈ ਕਿ ਔਬਜੈਕਟਿਵ ਕਲਾ ਊਰਜਾ ਦੇਹ ਦੇ ਪੱਧਰ ਤੇ ਆਪਣਾ ਅਸਰ ਕਰਦੀ ਹੋਵੇ। ਇਸ ਮਾਮਲੇ ਵਿੱਚ ਸਭ ਤੋਂ ਸ਼ਕਤੀਸ਼ਾਲੀ ਮਾਧਿਅਮ ਸੰਗੀਤ ਨੂੰ ਸਮਝਿਆ ਜਾਂਦਾ ਹੈ। ਆਧੁਨਿਕ ਦੌਰ ਵਿੱਚ ਸਾਊਂਡ ਹੀਲਿੰਗ ਤੇ ਧੁਨ ਦੇ ਮੂਲ ਸਰੂਪ ਬਾਰੇ ਜਿਸ ਤਰਾਂ ਦੀ ਖੋਜ ਹੋ ਚੁੱਕੀ ਹੈ, ਉਸ ਦੀ ਰੌਸ਼ਨੀ ਵਿੱਚ ਸਾਡੇ ਲਈ ਇਸ ਪੱਖ ਨੂੰ ਸਮਝਣਾ ਬਹੁਤ ਅਸਾਨ ਹੋ ਗਿਆ ਹੈ। ਸਾਊਂਡ ਹੀਲਿੰਗ ਦੇ ਖੇਤਰ ਵਿੱਚ ਇਸ ਵੇਲੇ ਜੌਨਾਥਨ ਗੋਲਡਮੈਨ ਇਕ ਜਾਣੀ ਪਛਾਣੀ ਹਸਤੀ ਹਨ। ਉਨਾਂ ਨੇ ਨਾ ਸਿਰਫ ਨਵੀਂ ਤਰਾਂ ਦਾ ਹੀਲਿੰਗ ਸੰਗੀਤ ਤਿਆਰ ਕੀਤਾ ਹੈ ਬਲਕਿ ਸਾਊਂਡ ਸਿਧਾਂਤਾਂ ਤੇ ਮਾਮਲੇ ਵਿੱਚ ਉਨਾਂ ਦੀਆਂ ਖੋਜਾਂ ਤੇ ਟਿਪਣੀਆਂ ਨੇ ਦੁਨੀਆ ਭਰ ਅੰਦਰ ਇੱਕ ਨਵੀਂ ਸੋਚ ਪੈਦਾ ਕੀਤੀ ਹੈ। ਜਾਂ ਇਹ ਵੀ ਕਹਿ ਸਕਦੇ ਹਾਂ ਕਿ ਧੁਨ ਬਾਰੇ ਸਾਡੇ ਪੁਰਾਤਨ ਵਿਚਾਰਾਂ ਦੀ ਉਨਾਂ ਬਹੁਤ ਹੀ ਪ੍ਰਭਾਵਸ਼ਾਲੀ ਵਿਗਿਆਨਕ ਵਿਆਖਿਆ ਪੇਸ਼ ਕੀਤੀ ਹੈ। ਆਪਣੀ ਬਹੁ ਚਰਚਿਤ ਕਿਤਾਬ 'ਸੈਵਨ ਸੀਕਰੇਟਸ ਆਫ ਸਾਊਂਡ' ਵਿੱਚ ਧੁਨ ਦੀ ਮੂਲ ਪ੍ਰਕਿਰਤੀ ਦੀ ਵਿਆਖਿਆ ਕਰਦੇ ਹੋਏ ਲਿਖਦੇ ਹਨ ਕਿ ਵਾਸਤਵ ਵਿੱਚ ਸਮੁਚਾ ਬ੍ਰਹਿਮੰਡ ਵੀ ਆਪਣੇ ਮੂਲ ਰੂਪ ਵਿੱਚ ਇੱਕ ਤਰੰਗਿਤ ਵਰਤਾਰਾ ਹੈ। ਸਾਰਾ ਕੁੱਝ ਹੀ ਤਰੰਗ ਹੈ। ਕੁਰਸੀ ਮੇਜ ਤੋਂ ਲੈ ਕੇ ਸਾਡੇ ਆਲੇ ਦੁਆਲੇ ਦਿਸਦੀ ਹਰ ਚੀਜ਼ ਆਪਣੇ ਮੂਲ ਸਰੂਪ ਵਿੱਚ ਥਿਰਕਣ ਵਿੱਚ ਹੈ। ਹਰ ਐਟਮ ਦੇ ਨਿਊਕਲੀਅਸ ਦੁਆਲੇ ਘੁੰਮਦੇ ਇਲੈਕਟ੍ਰਾਨਾਂ ਤੋਂ ਲੈ ਕੇ ਸੂਰਜ ਦੁਆਲੇ ਘੁੰਮਦੇ ਗ੍ਰਹਿਆਂ ਤੱਕ ਜਾਂ ਫੇਰ ਇਸ ਤੋਂ ਵੀ ਅੱਗੇ ਸਾਰਾ ਕੁੱਝ ਗਤੀ ਵਿੱਚ ਹੈ। ਸਾਰਾ ਕੁੱਝ ਥਿਰਕ ਰਿਹਾ ਹੈ। ਜੇ ਇਹ ਥਿਰਕ ਰਿਹਾ ਹੈ ਤਾਂ ਕੁਦਰਤੀ ਹੈ ਕਿ ਧੁਨ ਵੀ ਪੈਦਾ ਕਰ ਰਿਹਾ ਹੈ। ਅੱਗੇ ਇਹ ਹੁਣ ਇੱਕ ਵੱਖਰਾ ਸੁਆਲ ਹੈ ਕਿ ਕੀ ਅਸੀਂ ਇਹ ਧੁਨਾਂ/ਅਵਾਜ਼ਾਂ ਸੁਣ ਸਕਦੇ ਹਾਂ ਜਾਂ ਨਹੀਂ। ਧੁਨ ਤਰੰਗਾਂ ਦੇ ਰੂਪ ਵਿੱਚ ਚੱਲਦੀ ਹੈ। ਧੁਨ ਨੂੰ ਮਾਪਣ ਲਈ ਇੱਕ ਤਰੀਕਾ ਇਹ ਹੁੰਦਾ ਹੈ ਕਿ ਇਹ ਤਰੰਗ ਕਿੰਨੀ ਤੇਜ਼ ਜਾਂ ਹੌਲੀ ਚੱਲ ਰਹੀ ਹੈ। ਇਹ ਤਰੰਗਾਂ ਸਾਈਕਲਾਂ ਜਾਂ ਚੱਕਰਾਂ ਦੇ ਰੂਪ ਵਿੱਚ ਮਾਪੀਆਂ ਜਾਂਦੀਆਂ ਹਨ ਅਤੇ ਇੱਕ ਸੈਕੰਡ ਵਿੱਚ ਇਹ ਕਿੰਨੇ ਚੱਕਰ ਪੂਰੇ ਕਰਦੀ ਹੈ, ਉਸ ਨਾਲ ਸਾਊਂਡ ਜਾਂ ਧੁਨ ਮਾਪੀ ਜਾਂਦੀ ਹੈ। ਇਸੇ ਨੂੰ ਇਸ ਦੀ ਫ੍ਰੀਕੁਐਂਸੀ ਕਿਹਾ

ਜਾਂਦਾ ਹੈ। ਬਹੁਤ ਹੌਲੀ ਚੱਲਣ ਵਾਲੀਆਂ ਤਰੰਗਾਂ ਧੀਮੀਆਂ ਧੁੰਨਾਂ ਪੈਦਾ ਕਰਦੀਆਂ ਹਨ ਅਤੇ ਬਹੁਤ ਤੇਜ਼ ਤਰੰਗਾਂ ਨਾਲ ਬਹੁਤ ਉਚੀਆਂ ਧੁਨਾਂ ਪੈਦਾ ਹੁੰਦੀਆਂ ਹਨ। ਪਿਆਨੋ ਦਾ ਸਭ ਤੋਂ ਹੇਠਲਾ ਨੋਟ 24 ਚੱਕਰ ਪ੍ਰਤੀ ਸੈਕੰਡ ਹੁੰਦਾ ਹੈ ਅਤੇ ਸਭ ਤੋਂ ਉਚਾ 4000 ਚੱਕਰ ਪ੍ਰਤੀ ਸੈਕੰਡ ਦਾ ਹੁੰਦਾ ਹੈ। ਇਨਸਾਨੀ ਕੰਨ 16 ਚੱਕਰ ਪ੍ਰਤੀ ਸੈਕੰਡ ਵਾਲੀਆਂ ਧੁਨਾਂ ਤੋਂ ਲੈ ਕੇ 16000 ਚੱਕਰ ਪ੍ਰਤੀ ਸੈਕੰਡ ਵਾਲੀਆਂ ਧੁੰਨਾਂ ਤੱਕ ਸੁਣ ਸਕਦੇ ਹਨ। ਨਾ ਇਸ ਤੋਂ ਹੇਠਾਂ ਵਾਲੀਆਂ ਧੁਨਾਂ ਇਨਸਾਨੀ ਕੰਨ ਸੁਣ ਸਕਦੇ ਹਨ ਅਤੇ ਨਾ ਇਸ ਤੋਂ ਉਪਰ ਵਾਲੀਆਂ। ਪਰ ਇਸ ਦਾ ਇਹ ਮਤਲਬ ਨਹੀਂ ਕਿ ਜਿਹੜਾ ਕੁੱਝ ਅਸੀਂ ਨਹੀਂ ਸੁਣ ਰਹੇ, ਉਹ ਥਿਰਕ ਹੀ ਨਹੀਂ ਰਿਹਾ। ਡੌਲਫਿਨ ਮੱਛੀਆਂ 180000 ਚੱਕਰ ਪ੍ਰਤੀ ਸੈਕੰਡ ਦੀ ਸਪੀਡ ਦੇ ਚੱਲਣ ਵਾਲੀਆਂ ਤਰੰਗਾਂ ਵਾਲੀ ਅਵਾਜ਼ ਸੁਣ ਸਕਦੀਆਂ ਹਨ। ਮਤਲਬ ਕਿ ਇਨਸਾਨੀ ਸਮਰੱਥਾ ਤੋਂ 10 ਗੁਣਾ ਜ਼ਿਆਦਾ ਉਚੀ ਫ੍ਰੀਕੁਐਂਸੀ ਦੀਆਂ ਧੁਨਾਂ ਡੌਲਫਿਨ ਮੱਛੀਆਂ ਸੁਣ ਜਾਂ ਬੋਲ ਸਕਦੀਆਂ ਹਨ।

ਜਦ ਹੁਣ ਸਾਰਾ ਕੁੱਝ ਹੀ ਆਪਣੇ ਮੂਲ ਰੂਪ ਵਿੱਚ ਧੁਨਾਂ ਜਾਂ ਤਰੰਗਾਂ ਦੇ ਰੂਪ ਵਿੱਚ ਹੈ, ਜਿਸ ਨੂੰ ਕਿ ਮੌਜੂਦਾ ਭੌਤਿਕ ਵਿਗਿਆਨ ਵੀ ਚੰਗੀ ਤਰਾਂ ਸਵੀਕਾਰ ਕਰ ਚੁੱਕੀ ਹੈ ਤਾਂ ਫੇਰ ਸੰਗੀਤ ਇੱਕ ਅਜਿਹੀ ਵਿਧੀ ਹੈ, ਜਿਹੜੀ ਸਮੁਚੇ ਬ੍ਰਹਿਮੰਡੀ ਵਰਤਾਰੇ ਦੇ ਮੂਲ ਨੂੰ ਪ੍ਰਭਾਵਤ ਕਰਨ ਦੀ ਸਮਰੱਥਾ ਰੱਖਦੀ ਹੈ। ਸੰਗੀਤ ਵੀ ਤਰੰਗਾਂ ਦੀ ਹੀ ਖੇਡ ਹੈ। ਤਰੰਗਾਂ ਦੀ ਇਸ ਖੇਡ ਨੂੰ ਇਸ ਤਰੀਕੇ ਨਾਲ ਖੇਡਿਆ ਜਾ ਸਕਦਾ ਹੈ ਕਿ ਇਸ ਨਾਲ ਪਦਾਰਥ ਦਾ ਸਰੂਪ ਵੀ ਬਦਲਿਆ ਜਾ ਸਕਦਾ ਹੈ। ਇਸ ਨਾਲ ਇਨਸਾਨੀ ਸਰੀਰ ਦੇ ਅਣੂਆਂ ਵਿੱਚ ਪਰਿਵਰਤਨ ਲਿਆਂਦਾ ਜਾ ਸਕਦਾ ਹੈ। ਪੱਛਮੀ ਏਸ਼ੀਆ ਵਿੱਚ ਵੈਸਟ ਬੈਂਕ ਦੇ ਕਿਨਾਰੇ ਇੱਕ ਛੋਟਾ ਜਿਹਾ ਇਤਿਹਾਸਕ ਸ਼ਹਿਰ ਜੈਰੀਕੋ ਹੈ, ਜਿਸ ਬਾਰੇ ਕਿਹਾ ਜਾਂਦਾ ਹੈ ਕਿ ਇਹ ਦੁਨੀਆ ਦਾ ਸਭ ਤੋਂ ਪੁਰਾਣਾ ਸ਼ਹਿਰ ਹੈ। ਇਸ ਦਾ ਇਤਿਹਾਸ 11000 ਸਾਲ ਪੁਰਾਣਾ ਦੱਸਿਆ ਜਾਂਦਾ ਹੈ। ਪੁਰਾਤਨ ਕਾਲ ਵਿੱਚ ਇਸ ਸ਼ਹਿਰ ਦੁਆਲੇ ਬਹੁਤ ਵੱਡੀ ਤੇ ਮਜ਼ਬੂਤ ਚਾਰ ਦੀਵਾਰੀ ਹੋਈ ਸੀ, ਜਿਸ ਬਾਰੇ ਇਹ ਕਿਹਾ ਜਾਂਦਾ ਸੀ ਕਿ ਕੋਈ ਵੀ ਫੌਜ ਉਸ ਨੂੰ ਨਹੀਂ ਤੋੜ ਸਕਦੀ। ਇਸ ਸ਼ਹਿਰ ਨਾਲ ਸਬੰਧਤ ਇਕ ਪੁਰਾਤਨ ਮਿੱਥ ਹੈ। 'ਬੁਕ ਔਫ ਜੋਸ਼ੂਆ' ਵਿੱਚ ਇੱਕ ਲੜਾਈ ਦਾ ਜ਼ਿਕਰ ਆਉਂਦਾ ਹੈ, ਜਿਸ ਵਿੱਚ ਇਸਰਾਇਲੀਆਂ ਨੇ ਆਪਣੇ ਰੂਹਾਨੀ ਆਗੂ ਜੋਸ਼ੂਆ ਦੀ ਅਗਵਾਈ ਹੇਠ ਇਸ ਸ਼ਹਿਰ ਨੂੰ ਘੇਰਾ ਪਾਇਆ ਹੋਇਆ ਸੀ। ਇਸਰਾਈਲੀ ਹਰ ਰੋਜ਼ ਇਸ ਸ਼ਹਿਰ ਦੁਆਲੇ ਨਰਸਿੰਘੇ ਵਜਾਉਂਦੇ ਅਤੇ ਜੈਕਾਰੇ ਛੱਡਦੇ ਹੋਏ ਇੱਕ ਚੱਕਰ ਵਲਦੇ ਸਨ। ਹਰ ਰੋਜ਼ ਇੱਕ ਚੱਕਰ ਵਲਿਆ ਜਾਂਦਾ। ਜਦ ਸੱਤਵੇਂ ਦਿਨ ਸੱਤਵਾਂ ਚੱਕਰ ਵਲਿਆ ਗਿਆ ਤਾਂ ਦੀਵਾਰ ਆਪਣੇ ਆਪ ਢਹਿ ਗਈ। ਜੌਨਾਥਨ ਗੋਲਡਮੈਨ ਜਿਹੇ ਧੁਨੀ ਮਾਹਰਾਂ ਦਾ ਕਹਿਣਾ ਹੈ ਕਿ ਸਿਧਾਂਤਕ ਤੌਰ ਤੇ ਐਨੀ ਉਚੀ ਫ੍ਰੀਕੁਐਂਸ ਦੀਆਂ ਧੁਨਾਂ ਪੈਦਾ ਕਰਨ ਦੀ ਸੰਭਾਵਨਾ ਹੈ ਕਿ ਜਿਸ ਨਾਲ ਵੱਡੀਆਂ ਵੱਡੀਆਂ ਦੀਵਾਰਾਂ ਦੀ ਤੋੜੀਆਂ ਜਾ ਸਕਦੀਆਂ ਹਨ। ਸੰਭਵ ਹੈ ਕਿ ਜੈਰੀਕੋ ਦੀਆਂ ਦੀਵਾਰਾਂ ਅਜਿਹੀਆਂ ਧੁਨਾਂ ਨਾਲ ਹੀ ਤੋੜੀਆਂ ਗਈਆਂ ਹੋਣ। ਜ਼ਿਕਰਯੋਗ ਹੈ ਕਿ ਸੰਗੀਤ ਦੇ ਵੀ ਸੱਤ ਸੁਰ ਹਨ ਅਤੇ ਜੈਰੀਕੋ ਦੁਆਲੇ ਵੀ ਸੱਤ ਚੱਕਰ ਵਲੇ ਗਏ ਸਨ।

ਧੁਨੀ ਮਾਹਰਾਂ ਦਾ ਕਹਿਣਾ ਹੈ ਕਿ ਜਿਵੇਂ ਬ੍ਰਹਿਮੰਡ ਦੀ ਹਰ ਸ਼ੈਅ ਦੀ ਇੱਕ ਆਪਣੀ ਫ੍ਰੀਕੁਐਂਸੀ ਹੈ, ਇਸੇ ਤਰਾਂ ਹਰ ਇਨਸਾਨੀ ਸਰੀਰ ਦੀ ਵੀ ਆਪਣੀ ਫ੍ਰੀਕੁਐਂਸੀ ਹੈ। ਇਨਸਾਨੀ ਸਰੀਰ ਦੀ ਫ੍ਰੀਕੁਐਂਸੀ ਐਨੀ ਉਚੀ ਹੈ ਕਿ ਉਹ ਇਨਸਾਨੀ ਕੰਨਾਂ ਦੇ ਅਨੁਭਵ ਤੋਂ ਬਾਹਰ ਹੈ। ਇਸੇ ਤਰਾਂ ਇਨਸਾਨੀ ਸਰੀਰ ਦੇ ਹਰ ਅੰਗ ਦੀ ਆਪਣੀ ਫ੍ਰੀਕੁਐਂਸੀ ਹੈ। ਜੌਨਾਥਨ ਗੋਲਡਮੈਨ ਕਹਿੰਦੇ ਹਨ ਕਿ ਇਨਸਾਨੀ ਸਰੀਕ ਇੱਕ ਵੱਡੇ ਆਰਕੈਸਟਰਾ ਦੀ ਤਰਾਂ ਹੈ। ਜਦ ਸਰੀਰ ਤੰਦਰੁਸਤ ਹੁੰਦਾ ਹੈ ਤਾਂ ਹਰ ਅੰਗ ਆਪਣੀ ਸੁਰ ਵਿੱਚ ਹੁੰਦਾ ਹੈ। ਜਦ ਕੋਈ ਵੀ ਇੱਕ ਅੰਗ ਬੇਸੁਰਾ ਹੁੰਦਾ ਹੈ ਤਾਂ ਸਮੁਚੇ ਔਰਕੈਸਟਰਾ ਦੀ ਸੁਰ ਵਿਗੜ ਜਾਂਦੀ ਹੈ। ਇਹੀ ਬੇਸੁਰਾਪਣ ਸਰੀਰਕ ਪੱਧਰ ਤੇ ਬਿਮਾਰੀ ਦੀ ਸ਼ਕਲ ਵਿੱਚ ਪ੍ਰਗਟ ਹੁੰਦਾ ਹੈ। ਸਾਊਂਡ ਹੀਲਿੰਗ ਦੌਰਾਨ ਸਰੀਰ ਦੇ ਕਿਸੇ ਵੀ ਹਿੱਸੇ ਦੀ ਫ੍ਰੀਕੁਐਂਸੀ ਵਿੱਚ ਪੈਦਾ ਹੋਏ ਬੇਸੁਰੇਪਣ ਨੂੰ ਹੀ

ਸੰਤੁਲਤ ਕੀਤਾ ਜਾਂਦਾ ਹੈ। ਸਾਊਂਡ ਹੀਲਰ ਬਿਮਾਰੀ ਜਾਂ ਸਮੱਸਿਆ ਮੁਤਾਬਕ ਵੱਖ ਵੱਖ ਚੱਕਰਾਂ ਨੂੰ ਪ੍ਰਭਾਵਤ ਕਰਨ ਲਈ ਸੰਗੀਤ ਜਾਂ ਧੁਨਾਂ ਚਲਾਉਂਦੇ ਹਨ। ਆਧੁਨਿਕ ਮੈਡੀਟੇਸ਼ਨ ਸੰਗੀਤ ਵੀ ਇਸੇ ਤਰਾਂ ਦਾ ਪ੍ਰਭਾਵ ਪੈਦਾ ਕਰਦਾ ਹੈ। ਇਸੇ ਤਰਜ਼ ਦੇ ਜਿਵੇਂ ਹੀਲਿੰਗ ਸਾਊਂਡਜ਼ ਦੁਆਰਾ ਕਿਸੇ ਬਿਮਾਰੀ ਨੂੰ ਠੀਕ ਕੀਤਾ ਜਾ ਸਕਦਾ ਹੈ, ਉਸੇ ਹੀ ਤਰਾਂ ਸਾਊਂਡਜ਼ ਦੁਆਰਾ ਹੀ ਇਨਸਾਨ ਦੀ ਕੁੰਡਲਨੀ ਸ਼ਕਤੀ ਨੂੰ ਵੀ ਜਗਾਇਆ ਜਾ ਸਕਦਾ ਹੈ ਅਤੇ ਇਨਸਾਨ ਲਈ ਉਚ ਚੇਤਨਾ ਦੇ ਦੁਆਰੇ ਖੋਲੇ ਜਾ ਸਕਦੇ ਹਨ। ਪੁਰਾਤਨ ਔਬਜੈਕਟਿਵ ਸੰਗੀਤ ਜਾਂ ਪਵਿਤਰ ਸੰਗੀਤ ਵੀ ਇਸੇ ਤਰਾਂ ਕੁੱਝ ਬੁਨਿਆਦੀ ਬ੍ਰਹਿਮੰਡੀ ਨਿਯਮਾਂ ਦੀ ਜਾਣਕਾਰੀ ਤੇ ਅਧਾਰਤ ਸੀ ਅਤੇ ਉਸ ਦੇ ਅਧਾਰ ਤੇ ਹੀ ਡਿਜ਼ਾਇਨ ਕੀਤਾ ਜਾਂਦਾ ਸੀ। ਇਸ ਸੰਗੀਤ ਵਿੱਚ ਅਜਿਹੀ ਤਾਕਤ ਸੀ, ਜਿਸ ਨਾਲ ਇਹ ਨਾ ਸਿਰਫ ਇਨਸਾਨੀ ਚੇਤਨਾ ਦੇ ਨਵੇਂ ਦੁਆਰ ਖੋਲਣ ਦੇ ਸਮਰੱਥ ਸੀ ਬਲਕਿ ਦੀਵੇ ਜਗਾਉਣ ਜਾਂ ਮੀਂਹ ਪੁਆਉਣ ਜਿਹੇ ਚਮਤਕਾਰ ਵੀ ਕਰ ਸਕਦਾ ਸੀ। ਇਨਾਂ ਸਭ ਸੰਭਾਵਨਾਵਾਂ ਨੂੰ ਅੱਖਾਂ ਮੀਚਕੇ ਅਸੀਂ ਰੱਦ ਨਹੀਂ ਕਰ ਸਕਦੇ।

ਇਨਸਾਨੀ ਸਰੀਰ ਤੋਂ ਲੈ ਕੇ ਸਮੁਚੇ ਬ੍ਰਹਿਮੰਡ ਤੱਕ ਫ੍ਰੀਕੁਐਂਸੀ ਦਾ ਇੱਕ ਪੈਟਰਨ ਹੈ। ਮਿਸਾਲ ਦੇ ਤੌਰ ਤੇ ਜਿਵੇਂ ਕੀਬੋਰਡ ਦੇ 7 ਨੋਟ ਹੁੰਦੇ ਹਨ, ਉਵੇਂ ਹੀ ਇਨਸਾਨੀ ਸਰੀਰ ਦੇ 7 ਚੱਕਰ ਹਨ। ਬ੍ਰਹਿਮੰਡੀ ਪੱਧਰ ਤੇ ਵੀ ਗੁਰਜੀਏਫ ਇਸੇ ਤਰਾਂ ਹੋਂਦ ਦੀਆਂ 7 ਤੈਹਾਂ ਦੀ ਗੱਲ ਕਰਦਾ ਹੈ। ਸਰੀਰ ਦਾ ਹਰ ਚੱਕਰ ਕੀਬੋਰਡ ਦੇ ਵੱਖ ਵੱਖ ਸੁਰਾਂ ਤੇ ਗੂੰਜਦਾ ਜਾਂ ਪ੍ਰਤੀਧੁਨੀ ਪੈਦਾ ਕਰਦਾ ਹੈ। ਇਸ ਦਾ ਵੇਰਵਾ ਇਸ ਪ੍ਰਕਾਰ ਹੈਃ

ਪਹਿਲਾ ਚੱਕਰ– ਸਾ
ਦੂਜਾ ਚੱਕਰ– ਰੇ
ਤੀਜਾ ਚੱਕਰ – ਗਾ
ਚੌਥਾ ਚੱਕਰ – ਮਾ
ਪੰਜਵਾਂ ਚੱਕਰ– ਪਾ
ਛੇਵਾਂ ਚੱਕਰ – ਧਾ
ਸੱਤਵਾਂ ਚੱਕਰ – ਨੀ

ਇਸੇ ਤਰਾਂ ਕੁੱਝ ਲੋਕਾਂ ਨੇ ਇਹ ਵੀ ਵੰਡ ਕੀਤੀ ਹੈ ਕਿ ਵੱਖ ਵੱਖ ਸੰਗੀਤਕ ਸਾਜ਼ ਵੀ ਵੱਖ ਵੱਖ ਚੱਕਰਾਂ ਨੂੰ ਪ੍ਰਭਾਵਤ ਕਰਦੇ ਹਨਃ

ਪਹਿਲਾ ਚੱਕਰਃ ਢੋਲ, ਡਰੰਮ
ਦੂਜਾ ਚੱਕਰਃ ਇਲੈਕਟ੍ਰਿਕ ਗਿਟਾਰ, ਸੈਕਸੋਫੋਨ,
ਤੀਜਾ ਚੱਕਰਃ ਵਾਇਲਨ, ਸ਼ਹਿਨਾਈ, ਪਿਆਨੋ, ਗਿਟਾਰ
ਚੌਥਾ ਚੱਕਰਃ ਦਿਲਰੁਬਾ, ਵੀਣਾ, ਸੰਤੂਰ, ਸਰੋਦ
ਪੰਜਵਾਂ ਚੱਕਰਃ ਇਨਸਾਨੀ ਅਵਾਜ਼, ਬੰਸਰੀ
ਛੇਵਾਂ ਚੱਕਰਃ ਘੰਟੀਆਂ,
ਸੱਤਵਾਂ ਚੱਕਰਃ ਸੰਖ, ਕੁਦਰਤੀ ਧੁਨੀਆਂ

ਸਾਰਾ ਔਬਜੈਕਟਿਵ ਸੰਗੀਤ ਬੁਨਿਆਦੀ ਤੌਰ ਤੇ ਸੂਖਮ ਬ੍ਰਹਿਮੰਡੀ ਊਰਜਾ ਦੇ ਨਿਯਮਾਂ ਤੇ ਅਧਾਰਤ ਸੀ ਅਤੇ ਉਸ ਊਰਜਾ ਨੂੰ ਪ੍ਰਭਾਵਤ ਕਰਨ ਦੇ ਮਕਸਦ ਵਾਸਤੇ ਡਿਜ਼ਾਇਨ ਕੀਤਾ ਜਾਂਦਾ ਸੀ। ਭਾਰਤੀ ਸੰਗੀਤ ਸਾਸ਼ਤਰ ਮੁਤਾਬਕ ਪਰਮਾਤਮਾ ਵੀ ਸੰਗੀਤ ਰੂਪ ਹੈ। ਇਸ ਕਰਕੇ ਉਸ ਨੂੰ ਬ੍ਰਹਮਨਾਦ ਕਿਹਾ ਜਾਂਦਾ ਹੈ। ਭਾਰਤੀ ਸਾਸ਼ਤਰੀ ਸੰਗੀਤ ਆਪਣੇ ਮੂਲ ਰੂਪ ਵਿੱਚ ਬ੍ਰਹਿਮੰਡੀ ਊਰਜਾ ਨੂੰ ਸਾਧਣ ਜਾਂ ਉਸ ਨਾਲ ਇੱਕਸੁਰ ਹੋਣ ਦੀ ਵਿਧੀ ਹੀ ਸੀ।

ਇਸੇ ਤਰਾਂ ਬ੍ਰਹਿਮੰਡੀ ਊਰਜਾ ਦੇ ਨਿਯਮਾਂ ਤੇ ਅਧਾਰਤ ਭਵਨ ਨਿਰਮਾਣ ਕਲਾ ਸੀ। ਵਾਸਤੂ ਸਾਸ਼ਤਰ ਬੁਨਿਆਦੀ ਤੌਰ ਤੇ ਬ੍ਰਹਿਮੰਡੀ ਊਰਜਾ ਪ੍ਰਤੀ ਸੰਵੇਦਨਸ਼ੀਲ ਇੱਕ ਸਾਇੰਸ ਹੀ ਸੀ। ਪੁਰਾਣੇ ਮੰਦਰਾਂ ਦੀਆਂ ਬਿਲਡਿੰਗਾਂ, ਮੂਰਤੀਆਂ ਇਨਾਂ ਨਿਯਮਾਂ ਤੇ ਹੀ ਅਧਾਰਤ ਸਨ। ਭਾਰਤ ਵਿੱਚ ਖਜੂਰਾਹੋ ਦੇ ਮੰਦਰਾਂ, ਅਜੰਤਾ ਅਤੇ ਐਲੋਰਾਂ ਦੀਆਂ ਗੁਫਾਵਾਂ ਆਦਿ ਨੂੰ ਔਬਜੈਕਟਿਵ ਆਰਟ ਦੇ ਨਮੂਨੇ ਹੀ ਕਿਹਾ ਜਾਂਦਾ ਹੈ। ਮਿਸਰ ਦੇ ਪਿਰਾਮਿਡ ਵੀ ਬ੍ਰਹਿਮੰਡੀ ਊਰਜਾ ਦੀ ਸਾਇੰਸ ਤੇ ਹੀ ਅਧਾਰਤ ਸਨ। ਆਧੁਨਿਕ ਦੌਰ ਵਿੱਚ ਕੁਝ ਲੋਕਾਂ ਨੇ ਪਿਰਾਮਿਡਾਂ ਦੀ ਇਸ ਸਾਇੰਸ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਅਤੇ ਇਨਾਂ ਦੀ ਵਿਆਖਿਆ ਕਰਨ ਦੀ ਕੋਸ਼ਿਸ਼ ਕੀਤੀ ਹੈ। ਪਿਰਾਮਿਡਾਂ ਦੀ ਪੂਰੀ ਸਾਇੰਸ ਸ਼ਾਇਦ ਇਨਸਾਨੀ ਸਭਿਅਤਾ ਤੋਂ ਲਾਪਤਾ ਹੋ ਚੁਕੀ ਹੈ, ਪਰ ਇਸ ਦੇ ਕੁੱਝ ਪਹਿਲੂਆਂ ਦੀ ਵਿਆਖਿਆ ਕੁੱਝ ਲੋਕ ਕਰਦੇ ਹਨ। ਇਨਾਂ ਮੁਤਾਬਕ ਗੀਜ਼ਾ ਦੇ ਵੱਡੇ ਪਿਰਾਮਿਡ ਦੀ ਉਪਰਲੀ ਬਾਹੀ 52 ਡਿਗਰੀ ਦੇ ਕੋਣ ਤੇ ਬਣੀ ਹੈ, ਜਿਸ ਦਾ ਇੱਕ ਖਾਸ ਅਰਥ ਹੈ। ਇਸੇ ਤਰਾਂ ਪਿਰਾਮਿਡਾਂ ਦੇ ਚਾਰੇ ਕੋਣਾਂ ਦੀ ਦਿਸ਼ਾ ਤੇ ਹੋਰ ਅਨੇਕਾਂ ਪਹਿਲੂ ਧਿਆਨ ਵਿੱਚ ਰੱਖੇ ਜਾਂਦੇ ਹਨ। ਜਿਸ ਵਿੱਚ ਸੇਕਰਡ ਜਿਊਮੈਟਰੀ ਦੀਆਂ ਬੇਅੰਤ ਗਿਣਤੀਆਂ ਮਿਣਤੀਆਂ ਸ਼ਾਮਲ ਹਨ। ਹੁਣ ਸਮਝੇ ਗਏ ਕੁੱਝ ਕੁ ਨਿਯਮਾਂ ਦੇ ਅਧਾਰ ਤੇ ਕੁੱਝ ਲੋਕਾਂ ਨੇ ਛੋਟੇ ਪਿਰਾਮਿਡ ਡਿਜ਼ਾਇਨ ਤਿਆਰ ਕੀਤੇ ਹਨ, ਜਿਹੜੇ ਹੀਲਿੰਗ ਵਗੈਰਾ ਲਈ ਵਰਤੇ ਜਾਂਦੇ ਹਨ। ਇਨਾਂ ਛੋਟੇ ਪਿਰਾਮਿਡ ਡਿਜ਼ਾਇਨਾਂ ਤੇ ਇਨਾਂ ਲੋਕਾਂ ਨੇ ਕਈ ਤਜ਼ਰਬੇ ਕੀਤੇ। ਇਨਾਂ ਪਿਰਾਮਿਡਾਂ ਦੇ ਅੰਦਰ ਰੱਖੀਆਂ ਸਬਜ਼ੀਆਂ ਕਈ ਕਈ ਦਿਨ ਖਰਾਬ ਨਹੀਂ ਹੁੰਦੀਆਂ। ਇਸੇ ਤਰਾਂ ਇਸ ਵਿੱਚ ਰੱਖੇ ਸ਼ੇਵਿੰਗ ਬਲੇਡ ਕਈ ਕਈ ਮਹੀਨੇ ਉਸੇ ਤਰਾਂ ਤਿੱਖੇ ਪਏ ਰਹਿੰਦੇ ਹਨ। ਇਹ ਛੋਟੇ ਪਿਰਾਮਿਡ ਮੈਡੀਟੇਸ਼ਨ ਲਈ ਵੀ ਵਰਤੇ ਜਾਂਦੇ ਹਨ। ਸਮਝਿਆ ਜਾਂਦਾ ਹੈ ਕਿ ਪਿਰਾਮਿਡਾਂ ਦਾ ਸਮੁਚਾ ਡਿਜ਼ਾਇਨ, ਉਨਾਂ ਵਿੱਚ ਵਰਤੀ ਗਈ ਸਮੱਗਰੀ ਬ੍ਰਹਿਮੰਡੀ ਊਰਜਾ ਦਾ ਆਪਣੇ ਅੰਦਰ ਇੱਕ ਖਾਸ ਤਰੀਕੇ ਨਾਲ ਸੰਚਾਰ ਕਰਦੀ ਹੈ। ਊਰਜਾ ਦਾ ਇਹ ਬੇਅੰਤ ਪਰਵਾਹ ਹੀ ਇਸ ਦੇ ਅੰਦਰ ਪਈਆਂ ਚੀਜ਼ਾਂ ਨੂੰ ਖਰਾਬ ਨਹੀਂ ਹੋਣ ਦਿੰਦਾ। ਪਿਰਾਮਿਡਾਂ ਦੀ ਸਾਇੰਸ ਨੂੰ ਸਮਝਣ ਦੀਆਂ ਇਹ ਕੁੱਝ ਮੁਢਲੀਆਂ ਜਿਹੀਆਂ ਕੋਸ਼ਿਸ਼ਾਂ ਹਨ। ਪੁਰਾਤਨ ਬਿਲਡਿੰਗਾਂ, ਮੂਰਤੀਆਂ ਆਦਿ ਕਿਸੇ ਅਜਿਹੀ ਲੁਪਤ ਹੋ ਗਈ ਸਾਇੰਸ ਤੇ ਅਧਾਰਤ ਸਨ।

ਪ੍ਰਾਚੀਨ ਭਾਰਤੀ ਪਰੰਪਰਾ ਮੁਤਾਬਕ ਸਮੁਚਾ ਬ੍ਰਹਿਮੰਡ ਊਰਜਾ ਦਾ ਨ੍ਰਿਤ ਹੈ। ਜਿਸ ਦੀ ਪੇਸ਼ਕਾਰੀ ਨਟਰਾਜ ਦੇ ਰੂਪ ਵਿੱਚ ਕੀਤੀ ਗਈ ਹੈ। ਭਾਰਤਨਾਟਯਮ ਤੇ ਉਡੀਸੀ ਵਰਗੇ ਭਾਰਤੀ ਕਲਾਸੀਕਲ ਡਾਂਸ ਆਪਣੇ ਮੂਲ ਰੂਪ ਵਿੱਚ ਮੰਦਰਾਂ ਦੇ ਡਾਂਸ ਸਨ। ਗੁਰਜੀਏਫ ਨੇ ਵੀ ਇਨਾਂ ਡਾਂਸਾਂ ਦਾ ਜ਼ਿਕਰ ਕੀਤਾ ਹੈ ਅਤੇ ਉਸ ਦੀਆਂ ਡਾਂਸ ਮੂਵਮੈਂਟਸ ਦਾ ਮੂਲ ਅਜਿਹੀਆਂ ਪਵਿਤਰ ਡਾਂਸ ਪਰੰਪਰਾਂਵਾਂ ਵਿੱਚ ਹੀ ਹੈ। ਇਹ ਡਾਂਸ ਮਨੋਰੰਜਨ ਦੇ ਡਾਂਸ ਨਹੀਂ ਸਨ ਬਲਕਿ ਬ੍ਰਹਿਮੰਡੀ ਊਰਜਾ ਦੇ ਨਿਯਮਾਂ ਤੇ ਅਧਾਰਤ ਆਤਮਿਕ ਵਿਕਾਸ ਦੀ ਇੱਕ ਆਪਣੀ ਕਿਸਮ ਦੀ ਸਾਇੰਸ ਸੀ। ਇਸ ਡਾਂਸ ਦੁਆਰਾ ਬ੍ਰਹਿਮੰਡ ਅਤੇ ਪਿੰਡ ਦੀ ਊਰਜਾ ਨੂੰ ਸਾਧਿਆ ਜਾਂਦਾ ਸੀ ਅਤੇ ਉਸ ਨਾਲ ਇਕਸੁਰਤਾ ਸਥਾਪਤ ਕੀਤੀ ਜਾਂਦੀ ਸੀ। ਨਾਟਯ ਯੋਗ ਵੀ ਇਸੇ ਸਿਧਾਂਤ ਤੇ ਅਧਾਰਤ ਸੀ। ਆਧੁਨਿਕ ਯੁਗ ਵਿੱਚ ਜਦੋਂ ਇਸ ਨ੍ਰਿਤ ਦੇ ਮੂਲ ਸਿਧਾਂਤਾਂ ਦੀ ਜਾਣਕਾਰੀ ਗੁਆਚ ਗਈ ਤਾਂ ਇਹ ਮਹਿਜ਼ ਮਨੋਰੰਜਨ ਦੀਆਂ ਵਿਧਾਵਾਂ ਬਣਕੇ ਰਹਿ ਗਈਆਂ। ਭਾਰਤੀ

ਪਰੰਪਰਾ ਮੁਤਾਬਕ ਚਾਰ ਵੇਦਾਂ ਤੋਂ ਇਲਾਵਾ ਇੱਕ ਪੰਜਵਾਂ ਵੇਦ ਸੀ, ਜਿਸ ਵਿੱਚ ਭਾਰਤੀ ਕਲਾ ਦੇ ਸਿਧਾਂਤ ਦਰਜ ਸਨ। ਉਸ ਵੇਦ ਬਾਰੇ ਕਿਹਾ ਜਾਂਦਾ ਹੈ ਕਿ ਉਹ ਗੁਆਚ ਗਿਆ ਹੈ। ਮੌਖਿਕ ਪਰੰਪਰਾ ਦੁਆਰਾ ਉਸ ਦਾ ਥੋੜਾ ਬਹੁਤ ਜੋ ਗਿਆਨ ਬਚਿਆ ਸੀ, ਉਸੇ ਨੂੰ ਅਧਾਰ ਬਣਾਕੇ ਭਰਤਮੁਨੀ ਨੇ ਨਾਟਯ ਸਾਸ਼ਤਰ ਦੀ ਰਚਨਾ ਕੀਤੀ ਸੀ। ਨਾਟਯ ਵੇਦ ਸੰਭਵ ਹੈ ਕਿ ਉਸ ਕਲਾ ਦਾ ਸੰਪੂਰਨ ਸਾਸ਼ਤਰ ਹੋਵੇ, ਜਿਸ ਨੂੰ ਅਸੀਂ ਆਧੁਨਿਕ ਯੁਗ ਵਿੱਚ ਔਬਜੈਕਟਿਵ ਆਰਟ ਕਹਿ ਰਹੇ ਹਾਂ।

ਜਿਨਾਂ ਬ੍ਰਹਿਮੰਡੀ ਨਿਯਮਾਂ ਦਾ ਕੁਝ ਜ਼ਿਕਰ ਅਸੀਂ ਸੰਗੀਤ, ਭਵਨ ਨਿਰਮਾਣ ਕਲਾ, ਜਾਂ ਨ੍ਰਿਤ ਦੇ ਮਾਮਲੇ ਵਿੱਚ ਕੀਤਾ ਹੈ, ਉਹੀ ਨਿਯਮ ਆਰਟ ਦੇ ਦੂਸਰੇ ਰੂਪਾਂ ਵਿੱਚ ਵਰਤੇ ਜਾਂਦੇ ਹੋਣਗੇ, ਚਾਹੇ ਉਹ ਚਿਤਰਕਲਾ ਹੋਵੇ ਅਤੇ ਜਾਂ ਸਾਹਿਤ ਦੇ ਵੱਖ ਵੱਖ ਰੂਪ ਹੋਣ। ਜਾਂ ਇਹ ਵੀ ਹੋ ਸਕਦਾ ਹੈ ਕਿ ਆਰਟ ਦੀਆਂ ਦੂਸਰੀਆਂ ਵਿਧਾਵਾਂ ਦੇ ਕੁੱਝ ਇਸੇ ਤਰਾਂ ਦੇ ਵੱਖਰੇ ਵਿਗਿਆਨਕ ਨਿਯਮ ਹੋਣ। ਜਿਨਾਂ ਦੀ ਹੁਣ ਸਾਨੂੰ ਜਾਣਕਾਰੀ ਨਹੀਂ।

ਵੇਦ ਮੰਤਰ, ਕੁਰਾਨ ਦੀਆਂ ਆਇਤਾਂ ਅਤੇ ਗੁਰਬਾਣੀ ਸ਼ਾਇਦ ਅਜਿਹੇ ਨਿਯਮਾਂ ਤੇ ਹੀ ਅਧਾਰਤ ਹਨ। ਵੇਦ ਮੰਤਰਾਂ ਅਤੇ ਕੁਰਾਨ ਦੀਆਂ ਆਇਤਾਂ ਨੂੰ ਪੜਨ ਜਾਂ ਉਨਾਂ ਦੇ ਉਚਾਰਨ ਦੀਆਂ ਕੁੱਝ ਖਾਸ ਵਿਧੀਆਂ ਹਨ। ਮੰਤਰਾਂ ਜਾਂ ਆਇਤਾਂ ਦੇ ਉਚਾਰਨ ਦੀਆਂ ਵਿਧੀਆਂ ਮੁਢ ਤੋਂ ਹੀ ਚਲੀਆਂ ਆ ਰਹੀਆਂ ਹਨ ਅਤੇ ਇਸ ਬਾਰੇ ਸਖਤ ਨਿਯਮ ਹਨ। ਇਹ ਕਿਹਾ ਜਾਂਦਾ ਹੈ ਕਿ ਜੇ ਇਨਾਂ ਦਾ ਉਚਾਰਨ ਦੱਸੀਆਂ ਹੋਈਆਂ ਵਿਧੀਆਂ ਮੁਤਾਬਕ ਨਾ ਕੀਤਾ ਜਾਵੇ ਤਾਂ ਇਹ ਉਹ ਅਸਰ ਪੈਦਾ ਨਹੀਂ ਕਰਦੀਆਂ, ਜਿਹੜਾ ਹਰ ਮੰਤਰ ਜਾਂ ਆਇਤ ਨਾਲ ਜੋੜਿਆ ਗਿਆ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਜੇ ਸਹੀ ਉਚਾਰਨ ਨਾ ਕੀਤਾ ਜਾਵੇ ਤਾਂ ਉਸਦਾ ਉਲਟ ਅਸਰ ਵੀ ਪੈਦਾ ਹੋ ਜਾਂਦਾ ਹੈ। ਹਰ ਮੰਤਰ ਕੁੱਝ ਖਾਸ ਤਰਾਂ ਦੀਆਂ ਦੈਵੀ ਸ਼ਕਤੀਆਂ ਨੂੰ ਉਜਾਗਰ ਕਰਦਾ ਹੈ ਜਾਂ ਜੇ ਇਸਲਾਮ ਦੀ ਭਾਸ਼ਾ ਵਿੱਚ ਗੱਲ ਕਰੀਏ ਤਾਂ ਹਰ ਆਇਤ ਦੇ ਉਚਾਰਨ ਨਾਲ ਕੁੱਝ ਖਾਸ ਤਰਾਂ ਦੇ ਫਰਿਸ਼ਤੇ ਨਾਜ਼ਲ ਹੁੰਦੇ ਹਨ। ਸਾਡੀਆਂ ਪੁਰਾਤਨ ਰੂਹਾਨੀ ਵਿਗਿਆਨਾਂ ਵਿੱਚ ਸਮੁਚੀ ਕੁਦਰਤ ਦਾ ਮਾਨਵੀਕਰਨ ਕੀਤਾ ਗਿਆ ਹੈ ਅਤੇ ਹਰ ਕੁਦਰਤੀ ਸ਼ਕਤੀ ਨੂੰ ਕਿਸੇ ਦੇਵੀ ਦੇਵਤੇ ਜਾਂ ਫਰਿਸ਼ਤੇ ਦੇ ਰੂਪ ਵਿੱਚ ਦੇਖਿਆ ਗਿਆ ਹੈ। ਜੇ ਅਸੀਂ ਅੱਜ ਦੀ ਸਾਇੰਸ ਦੀ ਭਾਸ਼ਾ ਵਿੱਚ ਗੱਲ ਕਰਨੀ ਹੋਵੇ ਤਾਂ ਇਹ ਵੀ ਕਹਿ ਸਕਦੇ ਹਾਂ ਕਿ ਹਰ ਮੰਤਰ ਜਾਂ ਆਇਤ ਦੀ ਇੱਕ ਆਪਣੀ ਖਾਸ ਫ੍ਰੀਕਐਂਸੀ ਹੈ ਅਤੇ ਉਹ ਕੁੱਝ ਖਾਸ ਤਰਾਂ ਦੀਆਂ ਕੁਦਰਤੀ ਸ਼ਕਤੀਆਂ ਜਾਂ ਊਰਜਾ ਨੂੰ ਜਗਾਉਂਦੀ ਹੈ। ਇਹੀ ਗੱਲ ਗੁਰਬਾਣੀ ਬਾਰੇ ਕਹੀ ਜਾ ਸਕਦੀ ਹੈ। ਗੁਰਬਾਣੀ ਦੀ ਇੱਕ ਖਾਸ ਵਿਆਕਰਨ ਹੈ ਅਤੇ ਗੁਰਬਾਣੀ ਦੇ ਗਾਇਨ ਦੀ ਇੱਕ ਖਾਸ ਵਿਧੀ ਨਿਰਧਾਰਤ ਕੀਤੀ ਗਈ ਹੈ। ਹਰ ਸ਼ਬਦ ਨਾਲ ਕੋਈ ਖਾਸ ਰਾਗ ਜੁੜਿਆ ਹੈ ਅਤੇ ਇਸ ਮੁਤਾਬਕ ਹਰ ਸ਼ਬਦ ਦੇ ਗਾਇਨ ਦਾ ਇੱਕ ਖਾਸ ਸਮਾਂ ਵੀ ਨਿਸ਼ਚਿਤ ਕੀਤਾ ਗਿਆ ਹੈ। ਇਹ ਸਾਰਾ ਕੁੱਝ ਐਵੇਂ ਨਹੀਂ ਹੈ। ਗੁਰਬਾਣੀ ਵਿਆਕਰਣ ਦੀ ਜੋ ਵਿਆਖਿਆ ਪ੍ਰੋ ਸਾਹਿਬ ਸਿੰਘ ਨੇ ਕੀਤੀ ਹੈ, ਉਹ ਸ਼ਾਇਦ ਸੰਪੂਰਨ ਨਹੀਂ ਹੈ। ਇਹ ਸਭ ਅਜਿਹੇ ਬ੍ਰਹਿਮੰਡੀ ਨਿਯਮਾਂ ਤੇ ਅਧਾਰਤ ਹੈ, ਜਿਨਾਂ ਦੀ ਜਾਣਕਾਰੀ ਆਧੁਨਿਕ ਸਭਿਅਤਾ ਕੋਲ ਨਹੀਂ ਹੈ। ਭਾਈ ਹਰਭਜਨ ਸਿੰਘ ਯੋਗੀ ਜੀ ਨੇ ਗੁਰਬਾਣੀ ਨੂੰ ਸ਼ਬਦ ਗੁਰੂ ਦੀ ਕੁਅੰਟਮ ਤਕਨਾਲੋਜੀ ਕਿਹਾ ਹੈ। ਗੁਰਬਾਣੀ ਧੁਨਾਂ ਦੇ ਪ੍ਰਭਾਵ ਦੀ ਵਿਆਖਿਆ ਕਰਦੇ ਹੋਏ ਉਹ ਕਹਿੰਦੇ ਹਨ ਕਿ ਸਾਡਾ ਮੂੰਹ ਇੱਕ ਕੀ-ਬੋਰਡ ਦੀ ਤਰਾਂ ਹੈ। ਇਸ ਦੇ ਵੱਖ ਵੱਖ ਬਿੰਦੂ ਦਿਮਾਗ ਦੇ ਵੱਖ ਵੱਖ ਹਿੱਸਿਆ ਨਾਲ ਜੁੜੇ ਹਨ। ਗੁਰਬਾਣੀ ਉਚਾਰਨ ਦੌਰਾਨ ਸਾਡੀ ਜੀਭ ਇੱਕ ਖਾਸ ਤਰਤੀਬ ਵਿੱਚ ਇਨਾਂ ਬਿੰਦੂਆਂ ਨੂੰ ਛੂੰਹਦੀ ਹੈ ਅਤੇ ਸਾਡੇ ਦਿਮਾਗ ਅੰਦਰ ਕੁੱਝ ਖਾਸ ਤਰਾਂ ਦੇ ਪ੍ਰਭਾਵ ਸਿਰਜਦੀ ਹੈ। ਉਹ ਕਹਿੰਦੇ ਹਨ ਕਿ ਸਾਡੇ ਮੂੰਹ ਵਿੱਚ ਉਪਰਲੇ ਹਿੱਸੇ ਵਿੱਚ ਕੁਲ 84 ਬਿੰਦੂ ਹਨ, ਜਿਨਾਂ ਦੀ ਤਾਰ ਅੱਗੇ ਦਿਮਾਗ ਨਾਲ ਜੁੜੀ ਹੈ। ਮੂੰਹ ਦੇ ਤਾਲੂ ਦੇ ਦੋ ਹਿੱਸੇ ਹਨ- ਸਖਤ ਅਤੇ ਨਰਮ ਤਾਲੂ। ਸਖਤ ਤਾਲੂ ਦੰਦਾਂ ਦੇ ਬਿਲਕੁਲ ਨਾਲ ਨਾਲ ਹੈ ਅਤੇ ਨਰਮ ਤਾਲੂ ਮੂੰਹ ਦੀ ਐਨ

ਛੱਤ ਤੇ ਸਥਿਤ ਹੈ। 64 ਬਿੰਦੂ ਸਖਤ ਤਾਲੂ ਵਿੱਚ ਹਨ ਅਤੇ 20 ਬਿੰਦੂ ਨਰਮ ਤਾਲੂ ਵਿੱਚ ਹਨ। ਗੁਰਬਾਣੀ ਦਾ ਜਦੋਂ ਉਚੀ ਅਵਾਜ਼ ਵਿੱਚ ਪਾਠ ਕੀਤਾ ਜਾਂਦਾ ਹੈ ਤਾਂ ਇਨਾਂ ਬਿੰਦੂਆਂ ਦੀ ਹਰਕਤ ਨਾਲ ਦਿਮਾਗ ਤੱਕ ਇੱਕ ਖਾਸ ਤਰਾਂ ਦੀ ਸੂਚਨਾ ਦਾ ਸੰਚਾਰ ਹੁੰਦਾ ਹੈ, ਜਿਹੜੀ ਦਿਮਾਗ ਦੀ ਰਸਾਇਣਕਤਾ ਬਦਲਦੀ ਹੈ। ਇਸ ਸਬੰਧ ਵਿੱਚ ਯੋਗੀ ਜੀ ਦੇ ਸਾਥੀਆਂ ਦੁਆਰਾ ਐਰੀਜ਼ੋਨਾ ਯੂਨੀਵਰਸਿਟੀ ਵਿੱਚ ਪੀਈਟੀ ਸਕੈਨ ਦੀ ਮਦਦ ਨਾਲ ਇੱਕ ਅਧਿਐਨ ਕੀਤਾ ਗਿਆ। ਗੁਰਬਾਣੀ ਦੇ ਕੁੱਝ ਸ਼ਬਦਾਂ ਦੇ ਪਾਠ ਅਤੇ ਗੁਰਮੰਤਰ ਦੇ ਜਾਪ ਤੋਂ ਬਾਅਦ ਦਿਮਾਗ ਦੀਆਂ ਪ੍ਰਕਿਰਿਆਵਾਂ ਵਿੱਚ ਇੱਕ ਖਾਸ ਤਰਾਂ ਦੀ ਪਾਜ਼ਿਟਿਵ ਤਬਦੀਲੀ ਦੇਖੀ ਗਈ। ਇਹ ਬਹੁਤ ਮੁਢਲੀਆਂ ਜਿਹੀਆਂ ਖੋਜਾਂ ਹਨ। ਆਧੁਨਿਕ ਵਿਗਿਆਨਕ ਤਕਨਾਲੋਜੀ ਨਾਲ ਇਸ ਤਰਾਂ ਦੇ ਅਸਰਾਂ ਦਾ ਪੂਰਾ ਰਾਜ਼ ਖੋਲਣ ਲਈ ਸ਼ਾਇਦ ਬਹੁਤ ਸਮਾਂ ਲੱਗੇਗਾ। ਸਾਡੇ ਇਹ ਸਾਰੇ ਪੁਰਾਤਨ ਗ੍ਰੰਥਾਂ ਕੁਝ ਅਜਿਹੇ ਨਿਯਮਾਂ ਤੇ ਹੀ ਅਧਾਰਤ ਹਨ। ਗੁਰਬਾਣੀ ਦੀ ਬਣਤਰ ਕੁੱਝ ਅਜਿਹੇ ਬ੍ਰਹਿਮੰਡੀ ਨਿਯਮਾਂ ਤੇ ਅਧਾਰਤ ਹੈ, ਜਿਹੜੀ ਸਹਿਜ ਰੂਪ ਵਿੱਚ ਹੀ ਕੁੱਝ ਖਾਸ ਤਰਾਂ ਦੀਆਂ ਕੁਦਰਤੀ ਸ਼ਕਤੀਆਂ ਨੂੰ ਜਗਾਉਂਦੀ ਹੈ। ਨਿਤਨੇਮ ਅਤੇ ਸ੍ਰੀ ਅਖੰਡ ਪਾਠ ਦੀ ਪ੍ਰਥਾ ਇਨਾਂ ਨਿਯਮਾਂ ਦੇ ਅਧਾਰ ਤੇ ਹੀ ਸ਼ੁਰੂ ਕੀਤੀ ਗਈ। ਨਿਤਨੇਮ ਦੀਆਂ ਬਾਣੀਆਂ ਦਾ ਪਾਠ ਭਾਵੇਂ ਬਿਨਾਂ ਸਮਝਿਆਂ ਵੀ ਕੀਤਾ ਜਾਵੇ, ਫੇਰ ਵੀ ਉਹ ਕੁੱਝ ਖਾਸ ਤਰਾਂ ਦੇ ਪ੍ਰਭਾਵ ਜ਼ਰੂਰ ਸਿਰਜਦਾ ਹੈ। ਅਖੰਡ ਪਾਠ ਦੀ ਪ੍ਰਥਾ ਵੀ ਇਨਾਂ ਨਿਯਮਾਂ ਤੇ ਹੀ ਅਧਾਰਤ ਹੈ। ਆਧੁਨਿਕ ਦੌਰ ਵਿੱਚ ਕਿਉਂਕਿ ਸਾਨੂੰ ਇਨਾਂ ਨਿਯਮਾਂ ਦੀ ਜਾਣਕਾਰੀ ਨਹੀਂ, ਇਸ ਕਰਕੇ ਸਾਡੀ ਤਾਰਕਿਕ ਬੁਧੀ ਨੂੰ ਨਿਤਨੇਮ ਤੇ ਅਖੰਡ ਪਾਠ ਜਿਹੀਆਂ ਪ੍ਰਥਾਵਾਂ ਦੀ ਵਿਆਖਿਆ ਕਰਨੀ ਮੁਸ਼ਕਲ ਹੋ ਜਾਂਦੀ ਹੈ। ਸ਼ਾਇਦ ਮਹਾਂਭਾਰਤ ਜਿਹੇ ਮਹਾਂਕਾਵਿ ਵੀ ਅਜਿਹੇ ਹੀ ਨਿਯਮਾਂ ਤੇ ਅਧਾਰਤ ਹਨ, ਜਿਨਾਂ ਦੀ ਪੂਰਨ ਵਿਆਖਿਆ ਅਸੀਂ ਲੋਕ ਨਹੀਂ ਕਰ ਸਕਦੇ। ਇਨਾਂ ਦੀ ਕਾਰਜਵਿਧੀ ਸ਼ਾਇਦ ਜ਼ਿਆਦਾ ਜਟਿਲ ਹੈ।

ਇਥੇ ਆਕੇ ਇੱਕ ਹੋਰ ਸੁਆਲ ਪੈਦਾ ਹੁੰਦਾ ਹੈ। ਕੀ ਕਵਿਤਾ ਜਾਂ ਸਾਹਿਤ ਦੇ ਇਹ ਰੂਪ ਸਿਰਫ ਧੁਨੀ ਦੇ ਪੱਖ ਤੋਂ ਹੀ ਔਬਜੈਕਟਿਵ ਕਲਾ ਦੇ ਰੂਪ ਗਿਣੇ ਜਾ ਸਕਦੇ ਹਨ, ਜਾਂ ਆਪਣੇ ਅਰਥਾਂ ਪੱਖੋਂ, ਜਾਂ ਕਿਸੇ ਹੋਰ ਪਹਿਲੂ ਤੋਂ ਵੀ ਇਹ ਉਸ ਅਰਥ ਵਿੱਚ ਐਬਜੈਕਟਿਵ ਕਲਾ ਹਨ, ਜਿਸ ਦੀ ਅਸੀਂ ਇਥੇ ਗੱਲ ਕਰ ਰਹੇ ਹਾਂ। ਮੈਂ ਕੁਰਾਨ ਦੀਆਂ ਆਇਤਾਂ ਦੀ ਤਾਕਤ ਬਾਰੇ ਇੱਕ ਸੂਫੀ ਸੰਤ ਨੂੰ ਪੁੱਛਿਆ ਕਿ ਇਨਾਂ ਦੀ ਤਾਕਤ ਇਨਾਂ ਦੀਆਂ ਧੁਨਾਂ ਵਿੱਚ ਹੁੰਦੀ ਹੈ ਜਾਂ ਅਰਥਾਂ ਵਿੱਚ। ਉਨਾਂ ਜਵਾਬ ਦਿੱਤਾ ਕਿ ਦੋਵਾਂ ਵਿਚ। ਇਥੋਂ ਹੀ ਮੇਰੇ ਮਨ ਅੰਦਰ ਇਹ ਸੁਆਲ ਪੈਦਾ ਹੋ ਗਿਆ ਕਿ ਅਰਥ ਆਪਣੀ ਤਾਕਤ ਕਿਵੇਂ ਸੰਚਾਰ ਕਰਦੇ ਹਨ, ਸਿੱਧਾ ਬੁਧੀ ਰਾਹੀਂ ਜਾਂ ਕਿਸੇ ਹੋਰ ਰਸਤੇ ਥਾਣੀਂ ਵੀ। ਇਸ ਨੇ ਮੇਰਾ ਧਿਆਨ ਇੱਕ ਜਪਾਨੀ ਵਿਗਿਆਨੀ ਡਾ ਮਸਾਰੂ ਇਮੋਤੋ ਦੀਆਂ ਖੋਜਾਂ ਵੱਲ ਖਿੱਚਿਆ। ਪਾਣੀ ਦੀ ਪ੍ਰਕਿਰਤੀ ਬਾਰੇ ਉਸ ਨੇ ਇਤਿਹਾਸਕ ਖੋਜਾਂ ਕੀਤੀਆਂ ਹਨ। ਜੀਵਨ ਤੇ ਬ੍ਰਹਿਮੰਡ ਦੇ ਰਹੱਸਾਂ ਨੂੰ ਸਮਝਣ ਵੱਲ ਇਮੋਤੋ ਦੀਆਂ ਖੋਜਾਂ ਇੱਕ ਵੱਡਾ ਮੀਲ ਪੱਥਰ ਹਨ। ਕੁੱਝ ਸਾਲ ਪਹਿਲਾਂ ਇਮੋਤੋ ਦੇ ਮਨ ਵਿੱਚ ਇਹ ਜਗਿਆਸਾ ਪੈਦਾ ਹੋ ਗਈ ਕਿ ਪਾਣੀ ਕਿਉਂਕਿ ਇਨਸਾਨੀ ਸਰੀਰ ਤੇ ਧਰਤੀ ਦਾ ਬਹੁਤ ਵੱਡਾ ਹਿੱਸਾ ਹੈ ਅਤੇ ਇਸ ਨੂੰ ਜੀਵਨ ਦਾ ਮੂਲ ਸਮਝਿਆ ਜਾਂਦਾ ਹੈ, ਇਸ ਕਰਕੇ ਇਸ ਦੀ ਪ੍ਰਕਿਰਤੀ ਨੂੰ ਸਮਝੇ ਬਗੈਰ ਜੀਵਨ ਦੇ ਭੇਤ ਨਹੀਂ ਖੁਲ ਸਕਦੇ। ਕੁੱਝ ਸੋਚ ਵਿਚਾਰ ਤੋਂ ਬਾਅਦ ਉਹ ਇਸ ਗੱਲ ਵਿੱਚ ਕਾਮਯਾਬ ਹੋ ਗਿਆ ਕਿ ਤੇਜ਼ ਗਤੀ ਤੇ ਚੱਲਣ ਵਾਲੇ ਕੈਮਰਿਆਂ ਦੀ ਮਦਦ ਨਾਲ ਜੰਮੇ ਹੋਏ ਪਾਣੀ ਦੇ ਕ੍ਰਿਸਟਲਜ਼ ਦੀਆਂ ਫੋਟੋਆਂ ਖਿੱਚ ਸਕੇ। ਜਦ ਉਸ ਨੇ ਇਹ ਫੋਟੋਆਂ ਦੇਖਣੀਆਂ ਸ਼ੁਰੂ ਕੀਤੀਆਂ ਤਾਂ ਉਸ ਦੇ ਸਾਹਮਣੇ ਇੱਕ ਅਦਭੁਤ ਸੰਸਾਰ ਖੁਲ ਗਿਆ। ਪਾਣੀ ਦੇ ਕ੍ਰਿਸਟਲਾਂ ਦੀਆਂ ਇਹ ਫੋਟੋਆਂ ਬਹੁਤ ਜਟਿਲ ਕਿਸਮ ਦੀਆਂ ਖੂਬਸੂਰਤ ਆਕ੍ਰਿਤੀਆਂ ਸਨ। ਪਰ ਸਾਰੇ ਕ੍ਰਿਸਟਲਜ਼ ਦੀਆਂ ਫੋਟੋਆਂ ਇੱਕੋ ਜਿਹੀਆਂ ਨਹੀਂ ਸਨ। ਕੁੱਝ ਕ੍ਰਿਸਟਲਜ਼ ਬਹੁਤ ਸਾਫ ਤੇ ਸੁੰਦਰ ਸਨ ਅਤੇ ਕੁੱਝ ਵਿੰਗੇ ਟੇਢੇ ਤੇ ਬਦਸ਼ਕਲ। ਇਸ ਦਾ ਕਾਰਨ ਸਮਝਣ ਦੀ ਕੋਸ਼ਿਸ਼

ਵਿੱਚ ਆਪਣੇ ਪ੍ਰਯੋਗਾਂ ਦੁਆਰਾ ਇਮੋਤੋ ਇਸ ਨਤੀਜੇ ਤੇ ਪਹੁੰਚ ਗਿਆ ਕਿ ਪਾਣੀ ਹਰ ਤਰਾਂ ਦੇ ਬਾਹਰੀ ਪ੍ਰਭਾਵਾਂ ਪ੍ਰਤੀ ਬੇਹੱਦ ਸੰਵੇਦਨਸ਼ੀਲ ਹੈ। ਮਿਸਾਲ ਦੇ ਤੌਰ ਤੇ ਉਸ ਨੇ ਫੋਟੋਆਂ ਖਿੱਚਣ ਤੋਂ ਪਹਿਲਾਂ ਜਿਸ ਪਾਣੀ ਅੱਗੇ 'ਲਵ ਯੂ' ਜਾਂ 'ਸ਼ੁਕਰੀਆ' ਜਿਹੇ ਸ਼ਬਦ ਬੋਲੇ ਉਨਾਂ ਦੇ ਕ੍ਰਿਸਟਲਜ਼ ਬਹੁਤ ਸਪਸ਼ਟ ਤੇ ਸੁੰਦਰ ਸਨ ਅਤੇ ਜਿਸ ਪਾਣੀ ਅੱਗੇ 'ਮੈਂ ਤੈਨੂੰ ਨਫਰਤ ਕਰਦਾ ਹਾਂ' ਵਰਗੇ ਸ਼ਬਦ ਕਹੇ ਜਾਂ ਕੋਈ ਗਾਹਲ ਕੱਢੀ, ਉਸ ਪਾਣੀ ਦੇ ਕਿਸਟਲਜ਼ ਭੱਦੇ ਤੇ ਬੇਸ਼ਕਲ ਸਨ। ਇਸੇ ਤਰਾਂ ਜਿਸ ਪਾਣੀ ਅੱਗੇ ਅੱਛਾ ਰੂਹਾਨੀ ਸੰਗੀਤ ਚਲਾਇਆ ਗਿਆ, ਉਸ ਦੇ ਕ੍ਰਿਸਟਲਜ਼ ਫੁੱਲਾਂ ਦੀ ਤਰਾਂ ਖਿਲੇ ਨਜ਼ਰ ਆਉਂਦੇ ਸਨ ਅਤੇ ਜਿਸ ਅੱਗੇ ਸ਼ੋਰ ਸ਼ਰਾਬੇ ਵਾਲਾ ਸੰਗੀਤ ਚਲਾਇਆ ਗਿਆ, ਉਸ ਦੇ ਕ੍ਰਿਸਟਲਜ਼ ਬਦਸ਼ਕਲ ਹੋ ਗਏ। ਇਸੇ ਤਰਾਂ ਟੂਟੀ ਜਾਂ ਬੰਦ ਬੋਤਲਾਂ ਵਾਲੇ ਪਾਣੀ ਦੇ ਕ੍ਰਿਸਟਲਜ਼ ਭੱਦੇ ਸਨ ਅਤੇ ਝਰਨੇ ਦੇ ਪਾਣੀ ਦੇ ਕ੍ਰਿਸਟਲਜ਼ ਖਿੜੇ ਹੋਏ ਸਨ। ਇਨਾਂ ਹੀ ਪ੍ਰਯੋਗਾਂ ਵਿੱਚ ਇੱਕ ਪ੍ਰਯੋਗ ਅਜਿਹਾ ਸੀ, ਜਿਸ ਦਾ ਇੱਥੇ ਖਾਸ ਤੌਰ ਤੇ ਜ਼ਿਕਰ ਕਰਨ ਦੀ ਲੋੜ ਹੈ। ਇਸ ਇੱਕ ਪ੍ਰਯੋਗ ਤੋਂ ਲਿਖਤ ਸ਼ਬਦ ਦੀ ਸ਼ਕਤੀ ਸਮਝਣ ਵਿੱਚ ਮਦਦ ਮਿਲ ਸਕਦੀ ਹੈ। ਇਸ ਪ੍ਰਯੋਗ ਵਿੱਚ ਉਨਾਂ ਪਾਣੀ ਦੇ ਅੱਗੇ ਨਾ ਕੋਈ ਧੁਨ ਲਗਾਈ ਤੇ ਨਾ ਹੀ ਕੁੱਝ ਬੋਲਿਆ। ਬਲਕਿ ਪਾਣੀ ਦੀਆਂ ਦੋ ਬੋਤਲਾਂ ਲਈਆਂ ਗਈਆਂ। ਦੋਵਾਂ ਤੇ ਇੱਕ ਇੱਕ ਪਰਚੀ ਲੱਗੀ ਹੋਈ ਸੀ। ਇੱਕ ਪਰਚੀ ਤੇ ਲਿਖਿਆ ਹੋਇਆ ਸੀ 'ਰੱਬ' ਅਤੇ ਦੂਜੀ ਤੇ ਲਿਖਿਆ ਸੀ 'ਸ਼ੈਤਾਨ'। ਜਦ ਇਨਾਂ ਬੋਤਲਾਂ ਦੇ ਪਾਣੀ ਦੀਆਂ ਜੰਮਾਉਣ ਤੋਂ ਬਾਅਦ ਫੋਟੋਆਂ ਖਿੱਚੀਆਂ ਗਈਆਂ ਤਾਂ ਉਸ ਨੇ ਦੇਖਿਆ ਕਿ ਜਿਸ ਬੋਤਲ ਤੇ ਰੱਬ ਲਿਖਿਆ ਸੀ, ਉਸ ਦੇ ਕ੍ਰਿਸਟਲਜ਼ ਬੇਹੱਦ ਨਿੱਖਰੇ ਹੋਏ ਅਤੇ ਸੁੰਦਰ ਸਨ ਅਤੇ ਜਿਸ ਤੇ ਸ਼ੈਤਾਨ ਲਿਖਿਆ ਸੀ, ਉਸ ਦੇ ਕ੍ਰਿਸਟਲਜ਼ ਦਾ ਅਕਾਰ ਭੱਦਾ ਜਿਹਾ ਤੇ ਟੁਟਿਆ ਭੱਜਿਆ ਸੀ। ਇਸ ਪ੍ਰਯੋਗ ਤੋਂ ਪ੍ਰਤੱਖ ਹੋ ਗਿਆ ਕਿ ਲਿਖਿਆ ਹੋਇਆ ਸ਼ਬਦ ਵੀ ਉਹੀ ਪ੍ਰਭਾਵ ਪੈਦਾ ਕਰਨ ਦੇ ਸਮਰੱਥ ਹੈ, ਜਿਹੜਾ ਧੁਨ ਕਰਦੀ ਹੈ। ਲਿਖਤ ਸ਼ਬਦ ਵੀ ਵੱਖ ਵੱਖ ਤਰਾਂ ਦੀ ਊਰਜਾ ਦਾ ਵਾਹਕ ਹੋ ਸਕਦਾ ਹੈ। ਸ਼ਬਦ ਦੀ ਤਾਕਤ ਦੇ ਪ੍ਰਸੰਗ ਵਿੱਚ ਇਹ ਬਹੁਤ ਅਹਿਮ ਪ੍ਰਯੋਗ ਸੀ। ਜ਼ਿਕਰਯੋਗ ਹੈ ਕਿ ਬਹੁਤ ਸਾਰੇ ਫਕੀਰ ਲੋਕ ਕਾਗਜ਼ਾਂ ਤੇ ਮੰਤਰ ਲਿਖਕੇ ਦਿੰਦੇ ਹਨ, ਜਿਸ ਨੂੰ ਤਵੀਤ ਵਜੋਂ ਪਹਿਨਿਆ ਜਾਂਦਾ ਹੈ ਜਾਂ ਫੇਰ ਪਾਣੀ ਵਿੱਚ ਪਾਕੇ ਰੱਖ ਲਿਆ ਜਾਂਦਾ ਹੈ ਅਤੇ ਉਹ ਪਾਣੀ ਪੀਤਾ ਜਾਂਦਾ ਹੈ। ਇਮੋਤੋ ਦੀਆਂ ਖੋਜਾਂ ਬਾਰੇ ਪੜਨ ਤੋਂ ਪਹਿਲਾਂ ਮੈਂ ਇਸ ਨੂੰ ਸਿਰਫ ਮਾਨਸਿਕ ਤਸੱਲੀ ਦੇਣ ਵਾਲੀ ਵਿਧੀ ਹੀ ਸਮਝਦਾ ਸਾਂ। ਪਰ ਹੁਣ ਮਹਿਸੂਸ ਕਰਦਾ ਹਾਂ ਕਿ ਉਸ ਪਿੱਛੇ ਕਿੰਨੀ ਗਹਿਰੀ ਸਾਇੰਸ ਛੁਪੀ ਸੀ।

ਇਸ ਨੇ ਅੱਗੇ ਮੇਰੇ ਮਨ ਵਿੱਚ ਇੱਕ ਹੋਰ ਸਵਾਲ ਨੂੰ ਜਨਮ ਦਿੱਤਾ। ਸ਼ਬਦ ਆਪਣਾ ਇਹ ਪ੍ਰਭਾਵ ਕਿਵੇਂ ਪੈਦਾ ਕਰਦਾ ਹੈ ? ਸ਼ਬਦ ਦੀ ਇਹ ਤਾਕਤ ਕਿਵੇਂ ਕਾਰਜ ਕਰਦੀ ਹੈ ? ਇਸ ਲੜੀ ਨੂੰ ਜੋੜਨ ਲਈ ਮੈਂ ਫੇਰ ਜੌਨਾਥਨ ਗੋਲਡਮੈਨ ਦੀਆਂ ਲੱਭਤਾਂ ਵੱਲ ਪਰਤਿਆ। ਜੌਨਾਥਨ ਨੇ ਇੱਕ ਫਾਰਮੂਲਾ ਪੇਸ਼ ਕੀਤਾ ਹੈ:

ਫ੍ਰੀਕੁਐਂਸੀ +ਇਰਾਦਾ=ਹੀਲਿੰਗ

ਜਾਂ ਇਸੇ ਫਾਰਮੂਲੇ ਨੂੰ ਉਸਨੇ ਇੱਕ ਹੋਰ ਰੂਪ ਵਿੱਚ ਵੀ ਪੇਸ਼ ਕੀਤਾ:

Visualisation+Vocalisation=Menifestation

ਉਸ ਦਾ ਕਹਿਣਾ ਸੀ ਕਿ ਧੁਨ ਦੇ ਪ੍ਰਭਾਵ ਨਾਲ ਜੁੜਿਆ ਇੱਕ ਹੋਰ ਰਹੱਸਮਈ ਪਹਿਲੂ ਉਸ ਨੇ ਆਪਣੇ ਪ੍ਰਯੋਗਾਂ ਦੌਰਾਨ ਦੇਖਿਆ ਹੈ। ਇਹ ਪਹਿਲੂ ਮਨ ਦੀ ਸੋਚ, ਭਾਵ ਤੇ ਖਿਆਲਾਂ ਦਾ ਸੀ। ਉਸ ਦਾ ਕਹਿਣਾ ਸੀ ਕਿ ਮਨ ਦੀ ਸੋਚ, ਭਾਵ ਤੇ ਇਰਾਦਾ ਬਹੁਤ ਵੱਡੀ ਤਾਕਤ ਹੈ। ਪ੍ਰਯੋਗਾਂ ਦੌਰਾਨ ਉਸ ਨੇ ਦੇਖਿਆ ਕਿ ਕਿਸੇ ਖਾਸ ਮਕਸਦ ਨਾਲ ਜਦੋਂ ਕੋਈ ਧੁਨ ਚਲਾਈ ਜਾਂਦੀ ਹੈ ਤੇ ਨਾਲ ਹੀ ਉਸੇ ਮਕਸਦ ਨੂੰ ਲੈਕੇ ਮਨ ਦੇ ਅੰਦਰ ਖਾਸ ਤਰਾਂ ਦੇ ਭਾਵ ਜਾਂ ਇਰਾਦਾ ਪੈਦਾ ਕੀਤਾ ਜਾਂਦਾ ਹੈ ਤਾਂ ਉਹ ਭਾਵ ਜਾਂ ਖਿਆਲ ਧੁਨ ਨਾਲ ਰਲਕੇ ਦੁੱਗਣਾ ਪ੍ਰਭਾਵ ਪੈਦਾ ਕਰਦੇ ਹਨ।

ਇਸ ਸਬੰਧ ਵਿੱਚ ਉਸ ਨੇ ਕੁੱਝ ਬਹੁਤ ਹੀ ਦਿਲਚਸਪ ਅਤੇ ਅਹਿਮ ਪ੍ਰਯੋਗਾਂ ਦਾ ਹਵਾਲਾ ਦਿੱਤਾ। ਹੀਲਿੰਗ ਵਾਸਤੇ ਜਿਨਾਂ ਕੁਦਰਤੀ ਧੁਨਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ, ਉਨਾਂ ਵਿੱਚ ਸਮੁੰਦਰੀ ਲਹਿਰਾਂ ਦੀ ਅਵਾਜ਼ ਵੀ ਵਰਤੀ ਜਾਂਦੀ ਹੈ। ਅਜਿਹੇ ਹੀ ਕਿਸੇ ਪ੍ਰਯੋਗ ਖਾਤਰ ਸਮੁੰਦਰੀ ਲਹਿਰਾਂ ਦੀ ਰਿਕਾਰਡਿੰਗ ਕਰਨ ਵਾਸਤੇ ਸਮੁੰਦਰ ਦੇ ਕਿਨਾਰੇ ਬੈਠਕੇ ਕੁੱਝ ਲੋਕਾਂ ਨੇ ਸਾਧਨਾ ਕੀਤੀ ਅਤੇ ਫੇਰ ਉਸ ਤੋਂ ਬਾਅਦ ਉਨਾਂ ਲਹਿਰਾਂ ਦੀ ਅਵਾਜ਼ ਦੀ ਰਿਕਾਰਡਿੰਗ ਕੀਤੀ ਗਈ। ਇਸੇ ਤਰਾਂ ਇਸੇ ਥਾਂ ਤੇ ਫੇਰ ਕੁੱਝ ਲੋਕ ਆਪਸ ਵਿੱਚ ਲੜਦੇ ਰਹੇ ਅਤੇ ਉਨਾਂ ਗਾਲੀ ਗਲੋਚ ਕੀਤਾ। ਇਸ ਤੋਂ ਬਾਅਦ ਵੀ ਲਹਿਰਾਂ ਦੀ ਅਵਾਜ਼ ਦੀ ਰਿਕਾਰਡਿੰਗ ਕੀਤੀ ਗਈ। ਜਿਨਾਂ ਲੋਕਾਂ ਨੂੰ ਅੱਗੇ ਇਹ ਧੁਨਾਂ ਸੁਣਾਈਆਂ ਜਾਣੀਆਂ ਸਨ, ਉਨਾਂ ਨੂੰ ਇਸ ਦੀ ਕੋਈ ਜਾਣਕਾਰੀ ਨਹੀਂ ਸੀ। ਪਰ ਦੇਖਿਆ ਗਿਆ ਕਿ ਜਿਸ ਰਿਕਾਰਡਿੰਗ ਤੋਂ ਪਹਿਲਾਂ ਲੋਕਾਂ ਨੇ ਸਮੁੰਦਰ ਕਿਨਾਰੇ ਬੈਠਕੇ ਮੈਡੀਟੇਸ਼ਨ ਕੀਤੀ ਸੀ, ਉਸ ਰਿਕਾਰਡਿੰਗ ਦੀਆਂ ਧੁਨਾਂ ਦਾ ਸੁਣਨ ਵਾਲਿਆਂ ਤੇ ਬੜਾ ਸਕੂਨ ਪੈਦਾ ਕਰਨ ਵਾਲਾ ਅਸਰ ਸੀ। ਪਰ ਜਿਸ ਰਿਕਾਰਡਿੰਗ ਤੋਂ ਪਹਿਲਾਂ ਸਮੁੰਦਰ ਕਿਨਾਰੇ ਕੁੱਝ ਲੋਕ ਲੜ ਰਹੇ ਸਨ, ਉਹ ਧੁਨਾਂ ਸੁਣਨ ਤੋਂ ਬਾਦ ਸੁਣਨ ਵਾਲਿਆਂ ਅੰਦਰ ਇੱਕ ਅਜੀਬ ਜਿਹੀ ਬੇਚੈਨੀ ਸੀ। ਅਜਿਹੇ ਪ੍ਰਯੋਗਾਂ ਦੇ ਅਧਾਰ ਤੇ ਹੀ ਜੌਨਾਥਨ ਨੇ ਆਪਣਾ ਉਹ ਫਾਰਮੂਲਾ ਵਿਕਸਤ ਕੀਤਾ, ਜਿਸ ਦਾ ਉਪਰ ਜ਼ਿਕਰ ਕੀਤਾ ਹੈ। ਜੌਨਾਥਨ ਦਾ ਕਹਿਣਾ ਹੈ ਕਿ ਇਨਸਾਨ ਦੀ ਸੋਚ, ਇਰਾਦਾ ਤੇ ਭਾਵ ਆਪਣੇ ਆਪ ਵਿੱਚ ਇੱਕ ਬਹੁਤ ਵੱਡੀ ਤਾਕਤ ਹੈ। ਇਹ ਅਸਰ ਰੱਖਦੀ ਹੈ। ਬਲਕਿ ਹੋਰ ਕਿਸੇ ਵੀ ਤਾਕਤ ਨਾਲੋਂ ਵੱਧ ਅਸਰ ਰੱਖਦੀ ਹੈ। ਕਿਸੇ ਧੁਨ ਨਾਲ ਜੇ ਇਹ ਭਾਵ ਮਿਲਾਏ ਜਾਣ ਤਾਂ ਉਸ ਦੀ ਤਾਕਤ ਕਈ ਗੁਣਾ ਵਧ ਜਾਂਦੀ ਹੈ। ਇਸੇ ਤਰਾਂ ਸਾਹਿਤ ਦੇ ਖੇਤਰ ਵਿੱਚ ਹੈ। ਲਿਖਤ ਸ਼ਬਦ ਵੀ ਅਜਿਹੇ ਮਾਧਿਅਮ ਹਨ, ਜਿਨਾਂ ਤੇ ਕੁੱਝ ਖਾਸ ਤਰਾਂ ਦੇ ਭਾਵਾਂ ਦੀ ਊਰਜਾ ਕੋਡ ਕੀਤੀ ਜਾ ਸਕਦੀ ਹੈ। ਇਹ ਸ਼ਬਦਾਂ ਦੇ ਅਰਥਾਂ ਤੋਂ ਬਿਲਕੁਲ ਵੱਖਰੀ ਗੱਲ ਹੈ। ਇਕੋ ਅਰਥ ਵਾਲੇ ਦੋ ਸ਼ਬਦ ਵੱਖ ਵੱਖ ਪ੍ਰਭਾਵ ਪੈਦਾ ਕਰਨਗੇ, ਜੇ ਉਨਾਂ ਅੰਦਰ ਵੱਖ ਵੱਖ ਤਰਾਂ ਦੇ ਭਾਵਾਂ ਵਾਲੀ ਊਰਜਾ ਕੋਡ ਕੀਤੀ ਗਈ ਹੋਵੇ। ਉਪਰੋਕਤ ਪ੍ਰਯੋਗਾਂ ਦੇ ਹਵਾਲੇ ਨਾਲ ਅਸੀਂ ਬੜੀ ਅਸਾਨੀ ਨਾਲ ਇਹ ਗੱਲ ਸਮਝ ਸਕਦੇ ਹਾਂ ਕਿ ਲਿਖੇ ਹੋਏ ਸ਼ਬਦ ਕਿਵੇ ਆਪਣੇ ਆਪ ਵਿੱਚ ਤਾਕਤ ਦਾ ਸੋਮਾ ਹਨ। ਇਹ ਸੋਚ ਦੀ ਤਾਕਤ ਦਾ ਸੰਚਾਰ ਕਰਨ ਵਾਲੇ ਚਿੰਨ੍ਹ ਵੀ ਹਨ ਅਤੇ ਭਾਵਾਂ ਦੀ ਤਾਕਤ ਦਾ ਵੀ। ਅੱਗੇ ਇਸ ਨੂੰ ਜਦੋਂ ਸੰਗੀਤ ਜਾਂ ਧੁਨ ਨਾਲ ਮਿਲਾਇਆ ਜਾਵੇ ਤਾਂ ਸੋਚ ਦੀ ਤਾਕਤ ਦਾ ਸੰਚਾਰ ਅਸਾਨ ਹੋ ਜਾਂਦਾ ਹੈ। ਇਸ ਬਾਰੇ ਜੌਨਾਥਨ ਦਾ ਇੱਕ ਨੁਕਤਾ ਜ਼ਿਕਰਯੋਗ ਹੈ। ਉਸ ਦਾ ਕਹਿਣਾ ਹੈ ਕਿ ਇਨਸਾਨੀ ਅਨੁਭਵ ਤਿੰਨ ਦਿਸ਼ਾਵੀ ਹੈ। ਇਨਸਾਨ ਦਾ ਸਮੁਚਾ ਮਾਨਸਿਕ ਸੰਸਾਰ ਤਿੰਨ ਦਿਸ਼ਾਵੀ ਅਨੁਭਵ ਤੇ ਉਸਰਿਆ ਹੈ। ਪਰ ਸੋਚ,ਵਿਚਾਰ ਜਾਂ ਭਾਵ ਦੀ ਤਾਕਤ ਸ਼ਾਇਦ ਚੌਥੀ ਦਿਸ਼ਾ ਜਾਂ ਉਸ ਤੋਂ ਅਗਲੀਆਂ ਦਿਸ਼ਾਵਾਂ ਨਾਲ ਜੁੜੀ ਹੈ। ਇਸ ਫ੍ਰੀਕੁਐਂਸੀ ਤੇ ਆਮ ਇਨਸਾਨ ਦਾ ਪੂਰਨ ਕੰਟਰੋਲ ਨਹੀਂ ਹੈ। ਇਸੇ ਕਰਕੇ ਹਰ ਆਮ ਇਨਸਾਨ ਸਿਰਫ ਸੋਚ ਕੇ ਜਾਂ ਮਨ ਦਾ ਇਰਾਦਾ ਧਾਰਕੇ ਉਹ ਪ੍ਰਭਾਵ ਨਹੀਂ ਪੈਦਾ ਕਰ ਸਕਦਾ, ਜੋ ਧੁਨ ਨਾਲ ਕੀਤਾ ਜਾ ਸਕਦਾ ਹੈ। ਪਰ ਜਿਹੜੇ ਲੋਕ ਉੱਚ ਚੇਤਨਾ ਵਾਲੇ ਹੁੰਦੇ ਹਨ, ਜਿਨਾਂ ਨੂੰ ਪੁਰਾਤਨ ਭਾਸ਼ਾ ਵਿੱਚ ਸਿੱਧ ਪੁਰਸ਼ ਕਹਿ ਸਕਦੇ ਹਾਂ, ਉਨਾਂ ਦੀ ਸੋਚ/ਇਰਾਦੇ ਅੰਦਰ ਐਨੀ ਤਾਕਤ ਹੁੰਦੀ ਹੈ ਕਿ ਉਹ ਸਿਧੇ ਰੂਪ ਵਿੱਚ ਸੋਚ ਨਾਲ ਹੀ ਪਦਾਰਥ ਦੀ ਪ੍ਰਕਿਰਤੀ ਤੱਕ ਬਦਲਣ ਦੇ ਸਮਰੱਥ ਹੁੰਦੇ ਹਨ। ਧੁਨ ਕਿਉਂਕਿ ਤਿੰਨ ਦਿਸ਼ਾਵੀ ਅਨੁਭਵ ਵਾਲੀ ਦੁਨੀਆ ਦਾ ਵਾਹਨ ਹੈ, ਇਸ ਕਰਕੇ ਜਦੋਂ ਸੋਚ/ਇਰਾਦੇ ਨੂੰ ਧੁਨ ਤੇ ਸਵਾਰ ਕਰਕੇ ਭੇਜਿਆ ਜਾਂਦਾ ਹੈ ਤਾਂ ਇਸ ਨਾਲ ਇਸ ਦਾ ਤਿੰਨ ਦਿਸ਼ਾਵੀ ਅਨੁਭਵ ਵਾਲੇ ਆਮ ਲੋਕਾਂ ਤੱਕ ਸੰਚਾਰ ਸੌਖਾ ਹੋ ਜਾਂਦਾ ਹੈ। ਸਮੁਚੀ ਗੁਰਬਾਣੀ ਨੂੰ ਸ਼ਾਇਦ ਇਸੇ ਕਰਕੇ ਰਾਗ ਬੱਧ ਕੀਤਾ ਗਿਆ ਹੈ ਅਤੇ ਗਾਇਨ ਦਾ ਸਿਸਟਮ ਵਿਕਸਤ ਕੀਤਾ ਗਿਆ ਹੈ।

ਆਧੁਨਿਕ ਕਵਿਤਾ ਦੇ ਮਾਮਲੇ ਵਿੱਚ ਵੀ ਦੇਖਿਆ ਗਿਆ ਹੈ ਕਿ ਕਈ ਕਵੀਆਂ ਦੀਆਂ ਲਿਖੀਆਂ ਸਧਾਰਨ ਜਾਂ

ਸਿਧੀਆਂ ਜਿਹੀਆਂ ਗੱਲਾਂ ਵੀ ਅਜੀਬ ਤਾਕਤ ਰੱਖਦੀਆਂ ਹਨ ਅਤੇ ਕਈਆਂ ਦੁਆਰਾ ਲਿਖੇ ਗਹਿਰੇ ਗਿਆਨ ਵਾਲੇ ਸ਼ਬਦ ਵੀ ਅਸਰ ਨਹੀਂ ਰੱਖਦੇ। ਕਈ ਅੱਛੇ ਕਵੀਆਂ ਦੀਆਂ ਵੀ ਕਈ ਨਜ਼ਮਾਂ ਜਾਂ ਸਤਰਾਂ ਬਣਾਉਟੀ ਜਿਹੀਆਂ ਲੱਗਦੀਆਂ ਹਨ। ਇਸ ਦਾ ਕੀ ਕਾਰਨ ਹੈ ? ਸ਼ਾਇਦ ਸ਼ਬਦਾਂ ਦੇ ਵੀ ਚਿਹਰੇ ਹਨ। ਵਾਕਾਂ ਦੀ ਵੀ ਬੌਡੀ ਲੈਂਗੁਏਜ ਹੈ। ਸ਼ਬਦਾਂ ਨਾਲ ਝੂਠ ਨਹੀਂ ਬੋਲਿਆ ਜਾ ਸਕਦਾ। ਭਾਵਾਂ ਦੀ ਸ਼ਿੱਦਤ ਬੜੇ ਰਹੱਸਮਈ ਰੂਪ ਵਿੱਚ ਵਾਕਾਂ ਅਤੇ ਸ਼ਬਦਾਂ ਵਿੱਚ ਅਨੰਤ ਤੱਕ ਮੌਜੂਦ ਰਹਿੰਦੀ ਹੈ। ਜਿਵੇਂ ਜੇ ਧੁਨਾਂ ਨਾਲ ਭਾਵ ਤੇ ਇਰਾਦੇ ਦੀ ਤਾਕਤ ਹੋਵੇ ਤਾਂ ਉਨਾਂ ਦਾ ਅਸਰ ਵਧ ਜਾਂਦਾ ਹੈ, ਉਵੇਂ ਹੀ ਜੇ ਸ਼ਬਦਾਂ ਨਾਲ ਵੀ ਭਾਵਾਂ ਦੀ ਤਾਕਤ ਹੋਵੇ ਤਾਂ ਉਨਾਂ ਦਾ ਅਸਰ ਵਧ ਜਾਂਦਾ ਹੈ। ਇਹ ਇੱਕ ਬਹੁਤ ਸਰਲ ਜਿਹਾ ਵਿਗਿਆਨਕ ਨਿਯਮ ਹੈ। ਸੰਭਵ ਹੈ ਕਿ ਔਬਜੈਕਟਿਵ ਕਵਿਤਾ ਵਿੱਚ ਬ੍ਰਹਿਮੰਡੀ ਊਰਜਾ ਦੇ ਇਨਾਂ ਸਾਰੇ ਨਿਯਮਾਂ ਦਾ ਪਾਲਣ ਕੀਤਾ ਜਾਂਦਾ ਹੋਵੇ। ਭਾਵਾਂ ਤੋਂ ਬਿਨਾਂ ਲਿਖੀ ਕਵਿਤਾ ਉਹ ਤਾਕਤ ਨਹੀਂ ਰੱਖ ਸਕਦੀ, ਜੋ ਭਾਵਾਂ ਦੀ ਸ਼ਿਦਤ ਨਾਲ ਤੜਫਕੇ ਲਿਖੀ ਕਵਿਤਾ ਵਿੱਚ ਹੋਵੇਗੀ। ਅੱਗੇ ਭਾਵਾਂ ਦੀ ਸ਼ੁਧਤਾ ਦਾ ਵੀ ਫਰਕ ਪੈਂਦਾ ਹੈ। ਭਾਵਾਂ/ਵਿਚਾਰਾਂ ਦਾ ਜੋ ਸਰੋਤ ਹੈ, ਉਸ ਦੀ ਚੇਤਨਾ ਦੇ ਪੱਧਰ ਦਾ ਵੀ ਫਰਕ ਹੈ। ਇੱਕ ਸਧਾਰਨ ਕਵੀ ਦੇ ਭਾਵਾਂ ਦੀ ਤਾਕਤ ਅਤੇ ਕਿਸੇ ਉਚ ਚੇਤਨਾ ਵਾਲੇ ਸਿਧ ਪੁਰਸ਼ ਦੇ ਭਾਵਾਂ ਦੀ ਕੁਆਲਿਟੀ ਵਿੱਚ ਬਹੁਤ ਵੱਡਾ ਫਰਕ ਹੁੰਦਾ ਹੋਵੇਗਾ।

ਇੱਥੇ ਇੱਕ ਸੁਆਲ ਇਹ ਪੈਦਾ ਹੁੰਦਾ ਹੈ ਕਿ ਕੀ ਔਬਜੈਕਟਿਵ ਕਲਾ ਜਿਨਾਂ ਨਿਯਮਾਂ ਤੇ ਉਸਰਿਆ ਹੁੰਦਾ ਹੈ, ਉਨਾਂ ਦੀ ਜਾਣਕਾਰੀ ਨਿਰੋਲ ਬੌਧਿਕ ਪੱਧਰ ਤੇ ਹੀ ਪੈਦਾ ਹੋ ਸਕਦੀ ਹੈ ? ਕੀ ਸਿਰਫ ਬੌਧਿਕ ਜਾਣਕਾਰੀ ਨਾਲ ਹੀ ਔਬਜੈਕਟਿਵ ਕਲਾ ਰਚੀ ਜਾ ਸਕਦੀ ਹੈ ? ਇਸ ਦਾ ਉਤਰ ਅਸਲ ਵਿੱਚ ਰੂਹਾਨੀ ਵਿਕਾਸ ਦੇ ਕੁੱਝ ਸਿਧਾਂਤਾਂ ਦੇ ਹਵਾਲੇ ਨਾਲ ਮਿਲ ਸਕਦਾ ਹੈ। ਰੂਹਾਨੀ ਵਿਕਾਸ ਜਾਂ ਉਚ ਬ੍ਰਹਿਮੰਡੀ ਚੇਤਨਾ ਨੂੰ ਪ੍ਰਾਪਤ ਕਰਨ ਦੇ ਇੱਕ ਨਹੀਂ, ਕਈ ਰਸਤੇ ਹਨ। ਗਿਆਨ ਮਾਰਗ, ਪ੍ਰੇਮ ਮਾਰਗ, ਭਗਤੀ ਮਾਰਗ, ਕਰਮ ਮਾਰਗ ਆਦਿ ਵੱਖ ਵੱਖ ਰਸਤੇ ਹਨ, ਜਿਨਾਂ ਤੇ ਚੱਲਕੇ ਉਚ ਚੇਤਨਾ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ। ਦੁਨੀਆਦਾਰੀ ਦੇ ਸਧਾਰਨ ਪੱਧਰ ਤੇ ਵੀ ਅਸੀਂ ਦੇਖਦੇ ਹਾਂ ਕਿ ਇਨਾਂ ਸਾਰੇ ਰਸਤਿਆਂ ਥਾਣੀਂ ਚੇਤਨਾ ਦਾ ਪਸਾਰ ਜਾਂ ਵਿਕਾਸ ਹੁੰਦਾ ਹੈ। ਅਸੀਂ ਆਪਣੀ ਆਮ ਜ਼ਿੰਦਗੀ ਵਿੱਚ ਵੀ ਦੇਖਦੇ ਹਾਂ ਕਿ ਸਿਰਫ ਕਿਤਾਬੀ ਜਾਂ ਬੌਧਿਕ ਗਿਆਨ ਨਾਲ ਹੀ ਲੋਕ ਸਿਆਣੇ ਨਹੀਂ ਹੁੰਦੇ। ਬਲਕਿ ਜ਼ਿੰਦਗੀ ਦੇ ਹੋਰ ਪਹਿਲੂਆਂ ਤੇ ਵਿਚਰਦਿਆਂ ਵੀ ਲੋਕ ਗਹਿਰੀ ਸਿਆਣਪ ਪ੍ਰਾਪਤ ਕਰਦੇ ਹਨ। ਆਪਣੇ ਆਲੇ ਦੁਆਲੇ ਅਸੀਂ ਕਈ ਐਸੇ ਲੋਕ ਦੇਖਦੇ ਹਾਂ, ਜਿਨਾਂ ਕੋਲ ਕਿਤਾਬੀ ਗਿਆਨ ਸ਼ਾਇਦ ਨਾਮਾਤਰ ਹੀ ਹੁੰਦਾ ਹੈ ਪਰ ਜ਼ਿੰਦਗੀ ਵਿੱਚ ਉਨਾਂ ਨੇ ਦੁਖ ਤਕਲੀਫਾਂ ਐਨੀਆਂ ਦੇਖੀਆਂ ਹੁੰਦੀਆਂ ਹਨ ਅਤੇ ਜ਼ਿੰਦਗੀ ਦਾ ਵਿਹਾਰਕ ਅਨੁਭਵ ਐਨਾ ਹੁੰਦਾ ਹੈ ਕਿ ਉਨਾਂ ਦੀ ਚੇਤਨਾ ਦੀ ਗਹਿਰਾਈ ਪੜ੍ਹੇ ਲਿਖੇ ਲੋਕਾਂ ਨਾਲੋਂ ਜ਼ਿਆਦਾ ਹੁੰਦੀ ਹੈ। ਇਸੇ ਤਰਾਂ ਮੈਂ ਖੁਦ ਨਿੱਜੀ ਤੌਰ ਤੇ ਆਪਣੇ ਕੁੱਝ ਦੋਸਤਾਂ ਨੂੰ ਦੇਖਿਆ ਹੈ ਜਿਹੜੇ ਗਹਿਰੇ ਪ੍ਰੇਮ ਦੇ ਅਨੁਭਵ ਵਿੱਚੋਂ ਲੰਘਣ ਤੋਂ ਬਾਅਦ ਨਵੀਂ ਤਰਾਂ ਦੇ ਇਨਸਾਨ ਬਣ ਗਏ। ਪ੍ਰੇਮ ਦੀ ਤੜਫ ਤੇ ਵਿਯੋਗ ਦੇ ਸੇਕ ਨੇ ਉਨਾਂ ਦੀ ਚੇਤਨਾ ਦੇ ਕਿੰਨੇ ਹੀ ਬੰਦ ਦਰਵਾਜੇ ਖੋਲ ਦਿੱਤੇ। ਮੇਰੇ ਇਕ ਦੋਸਤ ਬਲਰਾਮ ਨੇ ਹੀਰ ਰਾਂਝਾ ਦੀ ਕਥਾ ਦੇ ਅਧਾਰਤ ਇੱਕ ਨਾਟਕ ਲਿਖਿਆ ਹੈ, ਜਿਹੜਾ ਅਜੇ ਛਪਿਆ ਨਹੀਂ ਹੈ। ਇਸ ਨਾਟਕ ਵਿੱਚ ਜਦੋਂ ਬਾਲ ਨਾਥ ਰਾਂਝੇ ਨੂੰ ਜੋਗ ਦੇਣ ਲਈ ਤਿਆਰ ਹੋ ਜਾਂਦਾ ਹੈ ਤਾਂ ਦੂਸਰੇ ਚੇਲੇ ਇਸ ਗੱਲ ਤੇ ਗਿਲਾ ਕਰਦੇ ਹਨ ਕਿ ਅਸੀਂ ਐਨੀ ਐਨੀ ਦੇਰ ਦੇ ਤੁਹਾਡੇ ਨਾਲ ਲੱਗੇ ਹਾਂ, ਤੁਸੀਂ ਸਾਨੂੰ ਅਜੇ ਤੱਕ ਜੋਗ ਨਹੀਂ ਦਿੱਤਾ, ਪਰ ਰਾਂਝੇ ਨੂੰ ਅੱਜ ਹੀ ਜੋਗ ਦੇਣ ਲਈ ਤਿਆਰ ਹੋ ਗਏ ਹੋ। ਇਸ ਦੇ ਜਵਾਬ ਦਿੰਦਿਆਂ ਬਾਲ ਨਾਥ ਕਹਿੰਦਾ ਹੈ ਕਿ ਜੋਗ ਵਿਜੋਗੀਆਂ ਨੂੰ ਮਿਲਦਾ ਹੈ। ਰਾਂਝਾ ਪਹਿਲਾਂ ਹੀ ਵਿਜੋਗੀ ਹੈ। ਉਹ ਜੋਗ ਲੈਣ ਦੀ ਪਹਿਲੀ ਸ਼ਰਤ ਪੂਰੀ ਕਰ ਚੁੱਕਿਆ ਹੈ। ਪ੍ਰਤੱਖ ਹੈ ਕਿ ਮਨ ਦੀ ਉਹ ਬੁਨਿਆਦੀ ਅਵਸਥਾ ਕਈ ਤਰੀਕਿਆਂ ਨਾਲ ਜਾਂ ਕਈ ਰਸਤਿਆਂ

ਥਾਣੀਂ ਪ੍ਰਾਪਤ ਕੀਤੀ ਜਾ ਸਕਦੀ ਹੈ, ਜਿਸ ਨਾਲ ਕੋਈ ਬ੍ਰਹਿਮੰਡੀ ਚੇਤਨਾ ਦੇ ਰਾਹ ਪੈਣ ਲਈ ਕੁਆਲੀਫਾਈ ਕਰਦਾ ਹੈ। ਬ੍ਰਹਿਮੰਡੀ ਚੇਤਨਾ ਲਈ ਟੇਢੇ ਮੇਢੇ ਰਾਹ ਕਈ ਪਾਸਿਆਂ ਤੋਂ ਜਾਂਦੇ ਹਨ। ਇਹ ਕੋਈ ਸਿਧਾ ਰਸਤਾ ਨਹੀਂ ਹੈ। ਮੈਂ ਆਪਣੇ ਨਿੱਜੀ ਅਨੁਭਵ ਵਿਚ ਕਈ ਅਜਿਹੇ ਲੋਕ ਦੇਖੇ ਹਨ, ਜਿਹੜੇ ਬਹੁਤ ਲਗਨ ਨਾਲ ਭਗਤੀ ਦੇ ਰਸਤੇ ਤੇ ਪਏ ਹਨ ਅਤੇ ਮੈਂ ਮਹਿਸੂਸ ਕੀਤਾ ਕਿ ਬਿਨਾ ਕਿਸੇ ਪੜ੍ਹਾਈ ਲਿਖਾਈ ਦੇ ਉਨਾਂ ਦੀ ਸੋਚ ਤੇ ਚੇਤਨਾ ਦਾ ਪੱਧਰ ਕਥਿਤ ਵਿਦਵਾਨਾਂ ਨਾਲੋਂ ਕਿਤੇ ਉੱਚਾ ਹੁੰਦਾ ਹੈ। ਬਿਲਕੁਲ ਇਸੇ ਤਰੀਕੇ ਨਾਲ ਬ੍ਰਹਿਮੰਡੀ ਚੇਤਨਾ ਨੂੰ ਪ੍ਰਾਪਤ ਕਰਨ ਦੇ ਵੀ ਵੱਖ ਵੱਖ ਰਸਤੇ ਹਨ। ਵੱਖ ਵੱਖ ਇਨਸਾਨਾਂ ਲਈ ਉਨਾਂ ਦੀ ਪ੍ਰਕਿਰਤੀ ਮੁਤਾਬਕ ਵੱਖ ਵੱਖ ਰਸਤੇ ਦੱਸੇ ਜਾਂਦੇ ਹਨ। ਪਰ ਇਹ ਇੱਕ ਸਵੀਕ੍ਰਿਤ ਸਚਾਈ ਹੈ ਕਿ ਇਨਾਂ ਸਾਰੇ ਹੀ ਰਸਤਿਆਂ ਤੇ ਚੱਲ ਕੇ ਵੱਖ ਵੱਖ ਲੋਕਾਂ ਨੇ ਬ੍ਰਹਿਮੰਡੀ ਚੇਤਨਾ ਪ੍ਰਾਪਤ ਕੀਤੀ ਹੈ।

ਜਦੋਂ ਹੁਣ ਅਸੀਂ ਔਬਜੈਕਟਿਵ ਕਲਾ ਦੀ ਗੱਲ ਕਰ ਰਹੇ ਹਾਂ ਤਾਂ ਇਸ ਦੀ ਪਹਿਲੀ ਜ਼ਰੂਰਤ ਬ੍ਰਹਿਮੰਡੀ ਚੇਤਨਾ ਹੈ। ਬ੍ਰਹਿਮੰਡੀ ਚੇਤਨਾ ਤੋਂ ਉਰੇ ਵਾਲੇ ਲੋਕ ਔਬਜੈਕਟਿਵ ਕਲਾ ਨਹੀਂ ਰਚ ਸਕਦੇ। ਇਹ ਇੱਕ ਵੱਖਰੀ ਗੱਲ ਹੈ ਕਿ ਉਨਾਂ ਨੇ ਬ੍ਰਹਿਮੰਡੀ ਚੇਤਨਾ ਬੌਧਿਕ ਗਿਆਨ ਦੇ ਰਸਤੇ ਚੱਲਕੇ ਪ੍ਰਾਪਤ ਕੀਤੀ ਹੈ ਜਾਂ ਕਿਸੇ ਹੋਰ ਰਸਤੇ। ਔਬਜੈਕਟਿਵ ਕਲਾ ਉਨਾਂ ਨੇ ਹੀ ਰਚੀ, ਜਿਨਾਂ ਕੋਲ ਬ੍ਰਹਿਮੰਡੀ ਚੇਤਨਾ ਸੀ। ਇਸ ਚੇਤਨਾ ਤੇ ਉਹ ਗਿਆਨ ਮਾਰਗ ਰਾਹੀਂ ਪਹੁੰਚੇ ਜਾਂ ਪ੍ਰੇਮ ਮਾਰਗ ਰਾਹੀਂ, ਇਸ ਗੱਲ ਦਾ ਕੋਈ ਅਰਥ ਨਹੀਂ।

ਪੁਰਾਤਨ ਭਾਰਤੀ ਸਭਿਆਚਾਰ ਵਿੱਚ ਸਾਰੇ ਵੱਡੇ ਕਵੀ ਤੇ ਲੇਖਕ ਮੂਲ ਰੂਪ ਵਿੱਚ ਸਿਧ ਪੁਰਸ਼ ਹੀ ਸਨ। ਉਸ ਸਭਿਆਚਾਰ ਵਿੱਚ ਸਾਰੇ ਕਵੀ ਰਿਸ਼ੀ ਸਨ ਅਤੇ ਕਹਿ ਸਕਦੇ ਹਾਂ ਕਿ ਕਵੀ ਅਤੇ ਰਿਸ਼ੀ ਵਿੱਚ ਕੋਈ ਫਰਕ ਨਹੀਂ ਸੀ ਹੁੰਦਾ। ਰਿਸ਼ੀ ਹੋਏ ਬਿਨਾਂ ਕੋਈ ਕਵੀ ਨਹੀਂ ਸੀ ਹੋ ਸਕਦਾ। ਜਾਂ ਜੋ ਵੀ ਕਵੀ ਸੀ, ਉਹ ਰਿਸ਼ੀ ਦੀ ਅਵਸਥਾ ਵਿੱਚ ਹੀ ਸੀ। ਬਾਲਮੀਕ ਤੇ ਵੇਦ ਵਿਆਸ ਜਿਹੀਆਂ ਮਿਸਾਲਾਂ ਸਾਡੇ ਸਾਹਮਣੇ ਹਨ। ਇਸੇ ਤਰਾਂ ਮੱਧਕਾਲ ਵਿੱਚ ਭਗਤੀ ਲਹਿਰ ਦੇ ਸਾਰੇ ਕਵੀ ਸਾਡੇ ਸਾਹਮਣੇ ਹਨ। ਪੰਜਾਬ ਵਿੱਚ ਸੂਫੀ ਕਵੀਆਂ ਦੀ ਪਰੰਪਰਾ ਹੈ। ਇਸੇ ਤਰਾਂ ਸਮੁਚੀ ਗੁਰਬਾਣੀ ਉਚ ਬ੍ਰਹਿਮੰਡੀ ਚੇਤਨਾ ਨੂੰ ਪਹੁੰਚੇ ਹੋਏ ਗੁਰੂਆਂ ਦੀ ਰਚਨਾ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਕਿੰਨੇ ਹੀ ਭਗਤ ਕਵੀਆਂ ਤੇ ਬਾਬਾ ਫਰੀਦ ਜਿਹੇ ਸੂਫੀਆਂ ਦੀ ਰਚਨਾ ਤਾਂ ਸ਼ਾਮਲ ਹੈ ਪਰ ਭਾਈ ਗੁਰਦਾਸ ਦੀ ਨਹੀਂ, ਜਿਹੜੇ ਕਿ ਗੁਰੂਘਰ ਦੀ ਬਹੁਤ ਖਾਸ ਸਖਸ਼ੀਅਤ ਸਨ। ਸਾਡੇ ਕੋਲ ਇਸ ਗੱਲ ਦੀ ਕੋਈ ਬੌਧਿਕ ਵਿਆਖਿਆ ਨਹੀਂ ਕਿ ਸੱਤਾ ਬਲਵੰਡ ਵਰਗੇ ਲੋਕਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਪਰ ਭਾਈ ਗੁਰਦਾਸ ਦੀ ਕਿਉਂ ਨਹੀਂ। ਇਸੇ ਤਰਾਂ ਸੂਫੀਆਂ ਵਿੱਚੋ ਬਾਬਾ ਫਰੀਦ ਕਿਉਂ ਲਏ ਗਏ, ਸ਼ਾਹ ਹੁਸੈਨ ਕਿਉਂ ਨਹੀਂ ? ਸੰਭਵ ਹੈ ਕਿ ਗੁਰੂ ਅਰਜਨ ਦੇਵ ਜੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕਿਸੇ ਰਚਨਾ ਨੂੰ ਸ਼ਾਮਲ ਕਰਨ ਦਾ ਪੈਮਾਨਾ ਉਹ ਨਾ ਹੋਵੇ, ਜਿਸ ਨੂੰ ਅਸੀਂ ਆਧੁਨਿਕ ਦੌਰ ਦੇ ਲੋਕ ਸਮਝਦੇ ਹਾਂ। ਗੁਰੂ ਸਾਹਿਬ ਲਈ ਸ਼ਾਇਦ ਪੈਮਾਨਾ ਕਿਸੇ ਸਖਸ਼ੀਅਤ ਦੀ ਚੇਤਨਾ ਦਾ ਪੱਧਰ ਸੀ। ਬੌਧਿਕ ਗਹਿਰਾਈ ਜਾਂ ਕਾਵਿ ਸ਼ਿਲਪ ਪੱਖੋਂ ਭਾਈ ਗੁਰਦਾਸ ਉਚ ਪਾਏ ਦੇ ਸ਼ਾਇਰ ਹਨ, ਪਰ ਸੰਭਵ ਹੈ ਕਿ ਰੂਹਾਨੀ ਵਿਕਾਸ ਦੇ ਅਰਥਾਂ ਵਿੱਚ ਉਨਾਂ ਦੀ ਚੇਤਨਾ ਦਾ ਪੱਧਰ ਉਹ ਨਾ ਹੋਵੇ, ਜਿਹੜਾ ਧੰਨਾ ਭਗਤ ਜਾਂ ਸੱਤੇ ਬਲਵੰਡ ਦਾ ਸੀ। ਗੁਰੂ ਸਾਹਿਬਾਨ ਕਿਸੇ ਕਲਾ ਨੂੰ ਉਸ ਅਰਥ ਵਿੱਚ ਨਹੀਂ ਸਨ ਦੇਖਦੇ, ਜਿਸ ਅਰਥ ਵਿੱਚ ਅਸੀਂ ਦੇਖਦੇ ਹਾਂ। ਬ੍ਰਹਿਮੰਡੀ ਚੇਤਨਾ ਨੂੰ ਪ੍ਰਾਪਤ ਵਿਅਕਤੀ ਦੇ ਕਹੇ ਸ਼ਬਦਾਂ ਜਾਂ ਰਚੀ ਕਿਸੇ ਵੀ ਰਚਨਾ ਦੀ ਸਮੁਚੀ ਕੈਮਿਸਟਰੀ ਵੱਖਰੀ ਤਰਾਂ ਦੀ ਊਰਜਾ ਨਾਲ ਭਰਭੂਰ ਹੁੰਦੀ ਹੈ, ਜਿਸ ਨੂੰ ਸਧਾਰਨ ਇਨਸਾਨ ਮਹਿਸੂਸ ਨਹੀਂ ਕਰ ਸਕਦਾ।

ਜਿਨਾਂ ਪੁਰਾਤਨ ਸਭਿਅਤਾਵਾਂ ਦੀ ਅਸੀਂ ਗੱਲ ਕਰਦੇ ਹਾਂ, ਉਹ ਸਭਿਆਤਾਵਾਂ ਆਧੁਨਿਕ ਸਭਿਆਤਾ ਨਾਲੋਂ ਵਿਕਾਸ ਦੇ ਕਿਤੇ ਉਚੇ ਪੌੜੇ ਤੇ ਖੜੀਆਂ ਸਨ। ਕੁੱਝ ਲੋਕਾਂ ਦੀ ਇਹ ਧਾਰਨਾ ਸਹੀ ਹੈ ਕਿ ਆਧੁਨਿਕ ਯੁਗ ਵਿੱਚ

ਅਸੀਂ ਵਿਕਾਸਵਾਦੀ ਚੇਤਨਾ ਨੂੰ ਬਹੁਤ ਭ੍ਰਾਂਤੀਪੂਰਨ ਤਰੀਕੇ ਨਾਲ ਸਮਝਿਆ ਹੈ। ਚੇਤਨਾ ਦੀਆਂ ਜਿਨਾਂ ਸਿਖਰਾਂ ਨੂੰ ਪੁਰਾਤਨ ਸਭਿਆਤਾਵਾਂ ਛੁਹ ਚੁੱਕੀਆਂ ਹਨ, ਸ਼ਾਇਦ ਮਾਨਵਤਾ ਉਨਾਂ ਤੋਂ ਥੱਲੇ ਡਿਗਕੇ ਫੇਰ ਦੁਬਾਰਾ ਉਠਣ ਲੱਗੀ ਹੈ। ਜੋ ਗੁਆਚ ਗਿਆ, ਸ਼ਾਇਦ ਉਸੇ ਨੂੰ ਦੁਬਾਰਾ ਲੱਭ ਰਹੇ ਹਾਂ। ਪੁਰਾਤਨਤਾ ਦੀ ਖੋਜ ਤੇ ਮੁੜ ਸੁਰਜੀਤੀ ਦੁਆਰਾ ਜੋ ਨਵਾਂ ਮੋੜ ਸਾਡੀ ਮੌਜੂਦਾ ਸਭਿਅਤਾ ਵਿੱਚ ਆ ਰਿਹਾ ਹੈ, ਉਸ ਨੂੰ ਸ੍ਰੀ ਸ੍ਰੀ ਰਵੀ ਸ਼ੰਕਰ 'ਪੁਰਾਤਨ ਨਵਾਂ ਸੰਸਾਰ' (Ancient New World) ਕਹਿੰਦੇ ਹਨ।

ਕਲਾ ਤੇ ਵਿਗਿਆਨ ਦੀ ਸਾਡੀ ਵੰਡ ਆਧੁਨਿਕ ਯੁਗ ਦੀ ਦੇਣ ਹੈ। ਪੁਰਾਤਨ ਯੁਗ ਵਿੱਚ ਸਮੁਚੀ ਕਲਾ ਹੀ ਸਾਇੰਸ ਸੀ। ਜਾਂ ਕਹਿ ਸਕਦੇ ਹਾਂ ਕਿ ਉਸ ਦੌਰ ਦੀ ਕਲਾ ਵਿਗਿਆਨ ਦੀ ਤਰਾਂ ਹੀ ਸੀ। ਵਾਸਤਵ ਵਿੱਚ ਸਬਜੈਕਟਿਵ ਕਲਾ ਤੇ ਔਬਜੈਕਟਿਵ ਕਲਾ ਦੀ ਵੰਡ ਵੀ ਆਧੁਨਿਕ ਦੌਰ ਦੇ ਇਸ ਸੰਕਟ ਦੀ ਉਪਜ ਹੀ ਹੈ, ਜਿਸ ਵਿੱਚ ਅਸੀਂ ਕਲਾ ਤੇ ਵਿਗਿਆਨ ਨੂੰ ਵੱਖ ਵੱਖ ਸਮਝਦੇ ਹਾਂ। ਗੁਰਜੀਏਫ ਵਰਗੇ ਆਧੁਨਿਕ ਰਿਸ਼ੀਆਂ ਨੂੰ ਉਸ ਦੌਰ ਦੀ ਕਲਾ ਨੂੰ ਔਬਜੈਕਟਿਵ ਕਲਾ ਦਾ ਨਾਂ ਇਸੇ ਕਰਕੇ ਦੇਣਾ ਪਿਆ, ਕਿਉਂਕਿ ਉਸ ਦੌਰ ਦੀ ਸਮੁਚੀ ਕਲਾ ਆਧੁਨਿਕ ਕਲਾ ਨਾਲੋਂ ਬੁਨਿਆਦੀ ਤੌਰ ਤੇ ਭਿੰਨ ਹੈ। ਸਮੁਚੀ ਪੁਰਾਤਨ ਕਲਾ ਆਤਮਿਕ ਵਿਕਾਸ ਦੇ ਵਿਗਿਆਨ ਹਨ। ਇਹ ਬ੍ਰਹਿਮੰਡ ਤੇ ਜੀਵਨ ਦੇ ਨਿਯਮਾਂ ਦੀ ਵਿਗਿਆਨਕ ਜਾਣਕਾਰੀ ਤੇ ਅਧਾਰਤ ਹਨ ਅਤੇ ਕਲਾ ਦੀ ਹਰ ਰਚਨਾ ਇਨਾਂ ਨਿਯਮਾਂ ਦੀ ਜਾਣਕਾਰੀ ਦੇ ਅਧਾਰ ਤੇ ਇੱਕ ਮੈਥੇਮੈਟੀਕਲ ਨਿਪੁੰਨਤਾ ਨਾਲ ਉਸਰੀ ਹੈ। ਚਾਹੇ ਇਹ ਆਰਕੀਟੈਕਚਰ ਹੋਵੇ, ਚਾਹੇ ਸੰਗੀਤ ਹੋਵੇ, ਚਾਹੇ ਡਾਂਸ ਹੋਵੇ ਅਤੇ ਚਾਹੇ ਸਾਹਿਤ ਦੇ ਵੱਖ ਵੱਖ ਰੂਪ ਹੋਣ। ਸਾਡੇ ਸਾਰੇ ਰਿਸ਼ੀ, ਸਿਧ ਪੁਰਸ਼ ਤੇ ਗੁਰੂ ਪੀਰ ਆਤਮਾ ਦੇ ਵਿਗਿਆਨੀ ਹਨ। ਯੋਗੀ ਜੀ ਕਿਹਾ ਕਰਦੇ ਸਨ ਕਿ ਪੱਛਮ ਨੇ ਮੈਟਰ ਜਾਂ ਪਦਾਰਥ ਦੀ ਇੰਜਨੀਅਰਿੰਗ ਵਿਕਸਤ ਕੀਤੀ ਹੈ, ਪਰ ਪੂਰਬ ਕੋਲ ਮਨ ਦੀ ਇੰਜਨੀਅਰਿੰਗ ਹੈ।ਅਸੀਂ ਆਪਣੀ ਇਸ ਵਿਰਾਸਤ ਤੋਂ ਬਹੁਤ ਦੂਰ ਨਿਕਲ ਆਏ ਹਾਂ। ਜ਼ਿਆਦਾ ਤਰਾਸਦਿਕ ਪਹਿਲੂ ਇਹ ਹੈ ਕਿ ਅਸੀਂ ਸਮੁਚੀਆਂ ਪੁਰਾਤਨ ਵਿਗਿਆਨਾਂ ਨੂੰ ਸਮਝਣ ਦੀਆਂ ਕੁੰਜੀਆਂ ਗੁਆ ਲਈਆਂ ਹਨ। ਅਸੀਂ ਉਹ ਭਾਸ਼ਾ ਜਾਂ ਕੋਡ ਭੁਲ ਗਏ ਹਾਂ, ਜਿਸ ਦੀ ਮਦਦ ਨਾਲ ਇਨਾਂ ਵਿਗਿਆਨਾਂ ਨੂੰ ਸਮਝਿਆ ਜਾ ਸਕਦਾ ਹੈ।

ਪਿਛਲੇ ਸਮੇਂ ਦੌਰਾਨ ਆਧੁਨਿਕ ਵਿਗਿਆਨਾਂ ਦੇ ਖੇਤਰ ਵਿੱਚ ਹੋਏ ਵਿਕਾਸ ਨੇ ਸਾਡੀ ਇਹ ਮਦਦ ਕੀਤੀ ਹੈ ਕਿ ਇਸ ਨੇ ਸਾਡੇ ਲਈ ਇਹ ਅਸਾਨੀ ਪੈਦਾ ਕਰ ਦਿੱਤੀ ਹੈ ਕਿ ਅਸੀਂ ਆਪਣੀਆਂ ਪੁਰਾਤਨ ਵਿਗਿਆਨਾਂ ਨੂੰ ਕੁੱਝ ਨਾ ਕੁੱਝ ਹੱਦ ਤੱਕ ਸਮਝ ਸਕੀਏ। ਕੁੱਝ ਵਿਚਾਰਕਾਂ ਦਾ ਕਹਿਣਾ ਹੈ ਕਿ ਕਲਾ ਦੇ ਨਾਂ ਹੇਠ ਜਾਣੀਆਂ ਜਾਂਦੀਆਂ ਕਿੰਨੀਆਂ ਹੀ ਪੁਰਾਤਨ ਵਿਗਿਆਨਾਂ ਤੇ ਇਸੇ ਤਰਾਂ ਪੁਰਾਤਨ ਦੌਰ ਦੀਆਂ ਕੁੱਝ ਸ਼ੁਧ ਵਿਗਿਆਨਾਂ ਦੇ ਸਿਧਾਂਤਕ ਅਧਾਰਾਂ ਦੀ ਜਾਣਕਾਰੀ ਸਾਡੇ ਕੋਲੋ ਗੁਆਚਣ ਕਾਰਨ ਜਿਆਦਾ ਕੁੱਝ ਆਧੁਨਿਕ ਮਨ ਦੀ ਸਮਝ ਤੋਂ ਬਾਹਰ ਹੋ ਗਿਆ ਹੈ। ਇਸ ਗੱਲ ਨੂੰ ਇੱਕ ਮਿਸਾਲ ਨਾਲ ਸਮਝਿਆ ਜਾ ਸਕਦਾ ਹੈ। ਮਿਸਾਲ ਦੇ ਤੌਰ ਤੇ ਕਲਪਨਾ ਕਰੋ ਕਿ ਕਿਸੇ ਵੱਡੀ ਪਰਲੋ ਕਾਰਨ ਸਾਡੀ ਆਧੁਨਿਕ ਸਭਿਅਤਾ ਤਬਾਹ ਹੋ ਜਾਵੇ। ਸਾਡੀ ਸਪੇਸ ਵਿਗਿਆਨ, ਭੌਤਿਕ ਵਿਗਿਆਨ, ਐਟਮੀ ਤਕਨਾਲੋਜੀ, ਕੰਪਿਊਟਰ ਵਿਗਿਆਨ, ਸੂਚਨਾ ਤਕਨਾਲੋਜੀ, ਮੈਡੀਕਲ ਸਿਸਟਮਾਂ ਦੇ ਮੂਲ ਅਧਾਰਾਂ ਨੂੰ ਸਮਝਣ ਵਾਲੇ ਸਾਰੇ ਸੰਸਥਾਨ ਤਬਾਹ ਹੋ ਜਾਣ। ਸਿਰਫ ਕਿਤੇ ਕਿਤੇ ਇਸ ਤਰਾਂ ਦੀ ਤਕਨਾਲੋਜੀ ਦੀ ਵਰਤੋਂ ਕਾਰਨ ਵਾਲੇ ਬਚ ਜਾਣ ਜਾਂ ਇਨਾਂ ਦੀਆਂ ਕਿਤਾਬਾਂ ਬਚ ਜਾਣ। ਉਸ ਸੂਰਤ ਵਿਚ ਆਉਣ ਵਾਲੀਆਂ ਪੀੜੀਆਂ ਦੇ ਲੋਕਾਂ ਲਈ ਇਨਾਂ ਸਾਰੇ ਸਿਸਟਮਾਂ ਦਾ ਸਿਧਾਂਤਕ ਅਧਾਰ ਸਮਝਣਾ ਲਗਭਗ ਅਸੰਭਵ ਹੋ ਜਾਵੇਗਾ। ਉਨਾਂ ਆਉਣ ਵਾਲੀਆਂ ਪੀੜੀਆਂ ਦੇ ਲੋਕਾਂ ਨੂੰ ਇਹ ਸਾਰਾ ਗਿਆਨ ਜਾਂ ਤਕਨਾਲੋਜੀ ਕੋਈ ਵਹਿਮ ਭਰਮ ਜਾਂ ਅਵਿਕਸਤ ਗਿਆਨ ਲੱਗੇਗਾ। ਉਹ ਲੋਕ ਇਸ ਸਮੁਚੇ ਗਿਆਨ ਨੂੰ ਉਸੇ ਤਰਾਂ ਪੜਨਗੇ ਜਿਵੇਂ ਅਸੀਂ ਲੋਕ ਪੁਰਾਤਨ ਵਿਗਿਆਨਾਂ ਨੂੰ ਪੜਦੇ ਹਾਂ,

ਜਿਸ ਵਿੱਚ ਅਸੀਂ ਜੋਤਿਸ਼ ਸਾਸ਼ਤਰ, ਅੰਕ ਵਿਗਿਆਨ, ਹਸਤਰੇਖਾ ਵਿਗਿਆਨ, ਵਾਸਤੂ ਸਾਸ਼ਤਰ, ਆਯੁਰਵੈਦ ਅਤੇ ਹੋਰ ਕਿੰਨੀਆਂ ਹੀ ਧਾਰਮਿਕ ਵਿਧੀਆਂ ਸ਼ਾਮਲ ਕਰ ਸਕਦੇ ਹਾਂ। ਇਹੀ ਤਰਕ ਕਲਾ ਦੇ ਨਾਂ ਹੇਠ ਜਾਣੀਆਂ ਜਾਂਦੀਆਂ ਪੁਰਾਤਨ ਆਤਮਕ ਵਿਗਿਆਨਾਂ ਜਾਂ ਤਕਨੀਕਾਂ ਦਾ ਹੈ।

ਇਸ ਪ੍ਰਸੰਗ ਵਿੱਚ ਅਸੀਂ ਇਹ ਮਹਿਸੂਸ ਕਰ ਸਕਦੇ ਹਾਂ ਕਿ ਅਸਲ ਵਿੱਚ ਉਹ ਕਲਾ ਹੀ ਕੋਈ ਮਾਨਵੀ ਉਦੇਸ਼ ਪੂਰਾ ਕਰ ਸਕਦੀ ਹੈ, ਜਿਹੜੀ ਵਾਸਤਵ ਵਿੱਚ ਵਿਗਿਆਨ ਹੋਵੇ। ਜਿਹੜੀ ਬ੍ਰਹਿਮੰਡ ਦੇ ਨਿਯਮਾਂ ਦੀ ਵਿਗਿਆਨਕ ਜਾਣਕਾਰੀ ਤੇ ਅਧਾਰਤ ਹੋਵੇ ਤੇ ਜਿਸ ਦੀ ਰਚਨਾ ਪ੍ਰਕਿਰਿਆ ਵੀ ਵਿਗਿਆਨਕ ਨਿਯਮਾਂ ਤੇ ਉਸਰੀ ਇੱਕ ਸੁਚੇਤ ਪ੍ਰਕਿਰਿਆ ਹੋਵੇ, ਜਿਹੜੀ ਇਨਸਾਨ ਦੇ ਆਤਮਿਕ ਵਿਕਾਸ ਲਈ ਇੱਕ ਤਕਨਾਲੋਜੀ ਦੀ ਤਰਾਂ ਕੰਮ ਕਰੇ। ਆਧੁਨਿਕ ਯੁਗ ਵਿੱਚ ਜੋ ਵੀ ਕਲਾ ਜਾਂ ਸਾਹਿਤ ਅਸੀਂ ਪੈਦਾ ਕਰ ਰਹੇ ਹਾਂ, ਉਹ ਉਨਾਂ ਨਿਯਮਾਂ ਦੀ ਜਾਣਕਾਰੀ ਤੋਂ ਸੱਖਣਾ ਹੈ। ਇਸੇ ਤਰਾਂ ਇਸ ਕਲਾ ਜਾਂ ਸਾਹਿਤ ਨੂੰ ਰਚਣ ਵਾਲੇ ਉਸ ਬ੍ਰਹਿਮੰਡੀ ਚੇਤਨਾ ਦੇ ਅਨੁਭਵ ਤੋਂ ਦੂਰ ਹਨ, ਜਿਸ ਤੋਂ ਬਿਨਾਂ ਆਤਮਿਕ ਵਿਕਾਸ ਦੀ ਸਾਇੰਸ ਜਾਂ ਕਲਾ ਨਹੀਂ ਪੈਦਾ ਹੋ ਸਕਦੀ। ਇਸੇ ਕਰਕੇ ਓਸ਼ੋ ਸਾਡੇ ਸਮੁਚੇ ਆਧੁਨਿਕ ਸਾਹਿਤ ਜਾਂ ਕਲਾ ਨੂੰ ਭਾਵਨਾਵਾਂ ਦੀ ਉਲਟੀ ਕਹਿੰਦੇ ਹਨ:

"ਸਬਜੈਕਟਿਵ ਆਰਟ ਦਾ ਮਤਲਬ ਹੈ ਕਿ ਤੁਸੀਂ ਆਪਣੇ ਨਿਜੀ ਭਾਵ, ਖਿਆਲ, ਆਪਣੇ ਸੁਪਨੇ, ਕਲਪਨਾ, ਮਨਮੌਜਾਂ ਕੈਨਵਸ ਤੇ ਉਤਾਰੀ ਜਾ ਰਹੇ ਹੋ। ਇਹ ਤੁਹਾਡੇ ਮਨ ਦੀ ਚਿਤਰਕਾਰੀ ਹੈ। ਇਹੀ ਕੁੱਝ ਕਵਿਤਾ, ਸੰਗੀਤ ਅਤੇ ਰਚਨਾਕਾਰੀ ਦੇ ਹੋਰ ਖੇਤਰਾਂ ਵਿੱਚ ਵਾਪਰਦਾ ਹੈ। ਤੁਹਾਨੂੰ ਇਸ ਗੱਲ ਦੀ ਕੋਈ ਪਰਵਾਹ ਨਹੀਂ ਕਿ ਜਿਹੜਾ ਵਿਅਕਤੀ ਤੁਹਾਡੀਆਂ ਪੇਂਟਿੰਗਜ਼ ਦੇਖੇਗਾ, ਉਸ ਵਿਚਾਰੇ ਦਾ ਕੀ ਬਣੇਗਾ। ਤੁਹਾਡਾ ਆਰਟ ਮਹਿਜ਼ ਇੱਕ ਕੈਅ ਹੈ। ਇਸ ਨਾਲ ਤੁਹਾਨੂੰ ਰਾਹਤ ਮਿਲਦੀ ਹੈ, ਜਿਵੇਂ ਉਲਟੀ ਕਰਕੇ ਮਿਲਦੀ ਹੈ। ਤੁਹਾਡੇ ਅੰਦਰ ਦੀ ਕਚਿਆਣ ਇਸ ਨਾਲ ਬਾਹਰ ਆ ਜਾਂਦੀ ਹੈ, ਤੁਸੀਂ ਆਪਣਾ ਅੰਦਰ ਇਸ ਨਾਲ ਸਾਫ ਕਰ ਲੈਂਦੇ ਹੋ, ਹਲਕਾ ਕਰ ਲੈਂਦੇ ਹੋ। ਪਰ ਤੁਸੀਂ ਇਸ ਗੱਲ ਦਾ ਖਿਆਲ ਨਹੀਂ ਰੱਖਿਆ ਕਿ ਉਸ ਬੰਦੇ ਦਾ ਕੀ ਬਣੇਗਾ, ਜਿਹੜਾ ਤੁਹਾਡੀ ਉਲਟੀ ਦੇਖੇਗਾ। ਉਸ ਦੇ ਆਪਣੇ ਅੰਦਰ ਕਚਿਆਣ ਭਰ ਜਾਵੇਗੀ। ਉਹ ਬਿਮਾਰ ਹੋ ਸਕਦਾ ਹੈ। ਪਿਕਾਸੋ ਦੀਆਂ ਪੇਂਟਿੰਗਜ਼ ਵੱਲ ਹੀ ਦੇਖ ਲਓ। ਉਹ ਮਹਾਨ ਪੇਂਟਰ ਹੈ, ਪਰ ਸਿਰਫ ਇੱਕ ਸਬਜੈਕਟਿਵ ਆਰਟਿਸਟ। ਉਸਦੀਆਂ ਪੇਂਟਿੰਗਜ਼ ਦੇਖਕੇ ਤੁਸੀਂ ਮਾਨਸਿਕ ਤੌਰ ਤੇ ਬਿਮਾਰ ਮਹਿਸੂਸ ਕਰਨਾ ਸ਼ੁਰੂ ਕਰ ਦਿੰਦੇ ਹੋ। ਤੁਹਾਡਾ ਸਿਰ ਚਕਰਾ ਸਕਦਾ ਹੈ। ਜ਼ਿਆਦਾ ਦੇਰ ਤੁਸੀਂ ਪਿਕਾਸੋ ਦੀਆਂ ਪੇਂਟਿੰਗਜ਼ ਨਹੀਂ ਦੇਖ ਸਕਦੇ। ਤੁਸੀਂ ਇਨਾਂ ਤੋਂ ਦੂਰ ਜਾਣਾ ਚਾਹੋਗੇ, ਕਿਉਂਕਿ ਇਹ ਚਿੱਤਰ ਕਿਸੇ ਮੌਨ ਵਿਅਕਤੀ ਦੀ ਉਪਜ ਨਹੀਂ ਹੈ। ਇਹ ਰੋਲ ਘਚੋਲੇ ਵਿੱਚੋਂ ਨਿਕਲੇ ਹਨ। ਇਹ ਕਿਸੇ ਡਰਾਉਣੇ ਸੁਪਨੇ ਦੀ ਉਪਜ ਹਨ। ਪਰ ਵਾਸਤਵਿਕਤਾ ਇਹ ਹੈ ਕਿ ਨੜਿਨਵੇਂ ਪ੍ਰਤੀਸ਼ਤ ਆਧੁਨਿਕ ਆਰਟ ਇਸੇ ਤਰਾਂ ਦਾ ਹੈ।"

●●●